ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 23 | 12 June 2019 to 18 June 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਸਾਨਫਰਾਂਸਿਸਕੋ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ ਸਾਕਾ ਦਰਬਾਰ ਸਾਹਿਬ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਨਗਰ ਕੀਰਤਨ





**ਸਾਨਫਰਾਂਸਿਸਕੋ/ਹੁਸਨ ਲੜੋਆ ਬੰਗਾ :** ਸ਼ਹੀਦਾਂ ਦੇ ਸਿਰਤਾਜ ਧੰਨ-ਧੰਨ ਸਾਹਿਬ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ਼੍ਰੀ ਅਕਾਲ ਤਖਤ ਸਾਹਿਬ ਉਤੇ ਜੂਨ-1984 ਵਿਚ ਹੋਏ ਫੌਜੀ ਹਮਲੇ ਦੀ ੩੫ਵੀਂ ਵਰ੍ਹੇ ਗੰਢ ਮਨਾਉਂਦਿਆਂ ਹੋਇਆਂ ਕੈਲੀਫੋਰਨੀਆ ਦੇ ਪ੍ਰਸਿੱਧ ਸ਼ਹਿਰ ਸਾਨਫਰਾਂਸਿਸਕੋ ਵਿਖੇ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਸੰਗਤਾਂ ਨੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਅਤੇ ਕੌਮੀ ਪੀੜ ਨੂੰ ਮਹਿਸੂਸ ਕਰਦਿਆਂ ਪਰਦੇਸਾਂ ਵਿੱਚ ਬੈਠੇ ਹੋਏ ਵੀ ਹਲੇਮੀ ਰਾਜ ਭਾਗ ਦੀ ਪ੍ਰਾਪਤੀ ਦੇ ਅਹਿਦ ਨੂੰ ਦ੍ਰਿੜਾਇਆ। ਪਹਾੜਾਂ ਤੋਂ ਉੱਚੀਆਂ ਇਮਾਰਤਾਂ ਤੇ ਇਨ੍ਹਾਂ ਇਮਾਰਤਾਂ ਵਿਚ ਕੰਮ ਕਰਦੇ ਅਜਨਬੀ ਲੋਕ ਤੇ ਥੱਲੇ ਰੋਜ਼ਮਰ੍ਹਾ ਦੀ ਜ਼ਿੰਦਗੀ ਵਿਚ ਵਿਚਰਦੇ ਲੋਕਾਂ 'ਚ ਅਜਨਬੀ ਲੋਕਾਂ ਦਾ ਭਾਰੀ ਇਕੱਠ ਜਿਵੇਂ ਅਜਿਹੇ ਹਾਲਾਤ ਨੂੰ ਹੀ ਰੂਪਮਾਨ ਕਰ ਰਿਹਾ ਸੀ ਕਿ ਕਿਵੇਂ ਦਰਬਾਰ ਸਾਹਿਬ 'ਤੇ ਭਰ ਗਰਮੀ ਵਿਚ ਕਹਿਰ ਦਾ ਹਮਲਾ ਹੋਇਆ ਸੀ। ਨਹੀਂ ਸੀ ਵੇਖਿਆ। ਸਾਨਫਰਾਂਸਿਸਕੋ ਦੇ ਡਾਊਨ ਟਾਊਨ ਵਿਚ ਸਜਾਏ ਗਏ ਸ਼ਹੀਦਾਂ ਨੂੰ ਸਮਰਪਤਿ ਨਗਰ ਕੀਰਤਨ ਵਿਚ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਦੀਆਂ ਸੰਗਤਾਂ ਤੇ ਕਮੇਟੀਆਂ ਭਾਰੀ ਗਿਣਤੀ ਵਿਚ ਸ਼ਾਮਲ ਹੋਈਆਂ। ਹਰ ਵਰ੍ਹੇ ਦੀ ਤਰ੍ਹਾਂ ਐਤਕੀਂ ਵੀ ਇਸ ਸਮਾਗਮ ਵਿਚ 21 ਗੁਰਦੁਆਰਿਆਂ ਦੀਆਂ ਸੰਗਤਾਂ ਨੇ ਸ਼ਮੂਲੀਅਤ ਕੀਤੀ। ਇਸ ਤਰ੍ਹਾਂ ਇਹ ਹੁਣ ਤੱਕ ਦਾ ਸਭ ਤੋਂ ਵੱਧ ਗੁਰਦੁਆਰਿਆਂ ਦੀ ਸ਼ਮੂਲੀਅਤ ਵਾਲਾ ਪ੍ਰੋਗਰਾਮ ਬਣ ਗਿਆ। ਇਸ ਨਗਰ ਕੀਰਤਨ ਨੇ ਸੈਕਿੰਡ ਸਟਰੀਟ ਤੋਂ ਸ਼ੁਰੂ ਹੋ ਕੇ ਸਿਵਕ ਸੈਂਟਰ ਤੇ ਸਮਾਪਤੀ ਕੀਤੀ, ਜਿਥੇ ਭਾਰੀ ਦੀਵਾਨ ਸਜਾਏ ਗਏ। ਸੰਨ 1984 ਦੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਸਮਰਪਿਤ ਇਸ ਨਗਰ ਕੀਰਤਨ ਦੀ ਅਗਵਾਈ ਵੱਡੇ ਨਗਾਰੇ ਤੇ ਪੰਜਾਂ ਪਿਆਰਿਆਂ ਨੇ ਕੀਤੀ। ਸਾਨਫਰਾਂਸਿਸਕੋ ਵਾਸੀਆਂ ਨੇ ਮੁਫ਼ਤ ਵਿਚ ਵੰਡਿਆ ਗਿਆ ਪੈਂਫ਼ਲਿਟ ਬੜੀ ਗੌਰ ਨਾਲ ਪੜ੍ਹਿਆ ਜਿਸ ਦਾ ਸਿਰਲੇਖ ਸੀ 'ਅਸੀਂ ਇੱਥੇ ਕਿਉਂ ਹਾਂ'। ਭਾਰੀ ਦੀਵਾਨ ਦੌਰਾਨ ਅਰਦਾਸ ਉਪਰੰਤ ਸਮੇਂ ਦੇ ਲਿਹਾਜ ਨਾਲ ਸ. ਅਵਤਾਰ ਸਿੰਘ ਜੋ ਕੈਨੇਡਾ ਤੋਂ ਆਏ ਹੋਏ ਸਨ, ਨੇ ਆਪਣੇ ਪ੍ਰਭਾਵਸ਼ਾਲੀ ਵਿਚਾਰਾਂ ਰਾਹੀਂ ਯਹੂਦੀ ਕੌਮ ਦਾ ਸਿੱਖ ਕੌਮ ਨਾਲ ਤੁਲਨਾਤਮਿਕ ਅਧਿਐਨ ਕੀਤਾ।

**ਸਬੰਧਤ ਰੰਗਦਾਰ ਫੋਟੋਆਂ ਸਫ਼ਾ 16-17 'ਤੇ ਵੇਖੋ**

ਬਾਕੀ ਸਫ਼ਾ 29 'ਤੇ

## ਵਿਸ਼ਵ ਭਰ ਦੇ ਸਿੱਖ '84 ਦੇ ਸ਼ਹੀਦਾਂ ਨੂੰ ਹੋਏ ਨਤਮਸਤਕ

### ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹੋਇਆ ਵਿਸ਼ੇਸ਼ ਸ਼ਹੀਦੀ ਸਮਾਗਮ

**ਅੰਮ੍ਰਿਤਸਰ/ ਸੁਖਵਿੰਦਰ ਸਿੰਘ :** ਜੂਨ-1984 ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਭਾਰਤ ਸਰਕਾਰ ਦੇ ਹੁਕਮ 'ਤੇ ਫੌਜ ਵੱਲੋਂ ਕੀਤੇ ਗਏ ਹਮਲੇ ਦੌਰਾਨ ਸ਼ਹੀਦ ਹੋਏ ਸਿੰਘ, ਸਿੰਘਣੀਆਂ ਤੇ ਭੁਝੰਗੀਆਂ ਦੀ ਯਾਦ ਵਿਚ ਸ਼੍ਰੋਮਣੀ ਕਮੇਟੀ, ਸਿੱਖ ਜਥੇਬੰਦੀਆਂ ਤੇ ਸੰਗਤਾਂ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸ਼ਹੀਦੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੂਨ 1984 ਵਿਚ ਭਾਰਤ ਸਰਕਾਰ ਵੱਲੋਂ ਕਰਵਾਏ ਗਏ ਘੱਲੂਘਾਰੇ ਨੂੰ ਸਿੱਖ ਕੌਮ ਕਦੇ ਵੀ ਭੁਲਾ ਨਹੀਂ ਸਕਦੀ। ਉਨ੍ਹਾਂ ਕੌਮ ਨੂੰ ਇਕਜੁੱਟ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਦਿਹਾੜਾ ਕੌਮ ਲਈ ਸਵੈ-ਮੰਥਨ ਦਾ ਹੈ ਤੇ ਸਾਨੂੰ ਕੌਮ ਦੀ ਚੜ੍ਹਦੀ ਕਲਾ ਲਈ ਪੁਰਾਤਨ ਪੰਥਕ ਰਵਾਇਤਾਂ ਦੀ ਮਜ਼ਬੂਤੀ ਲਈ ਪਹਿਰਾ ਦੇਣਾ ਚਾਹੀਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਹੈ ਕਿ 6 ਜੂਨ ਦਾ ਦਿਨ ਸੰਸਾਰ ਦੇ ਇਤਿਹਾਸ ਅੰਦਰ ਸਭ ਤੋਂ ਕਾਲਾ ਦਿਨ ਹੈ। ਉਨ੍ਹਾਂ ਕਿਹਾ ਕਿ ਇਸ ਦਿਨ ਭਾਰਤੀ ਫੌਜ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ 37 ਦੇ ਲਗਪਗ ਗੁਰਦੁਆਰਾ ਸਾਹਿਬਾਨ 'ਤੇ ਹਮਲੇ ਕੀਤੇ ਸੀ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਫ਼ਤਰ ਸਕੱਤਰੇਤ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ 'ਤੇ ਕੀਤੇ ਹਮਲੇ ਦੌਰਾਨ

**37 ਗੁਰਦੁਆਰਿਆਂ ਵਿਚ ਬਣਨਗੀਆਂ ਸ਼ਹੀਦੀ ਯਾਦਗਾਰਾਂ**



ਬਾਕੀ ਸਫ਼ਾ 29 'ਤੇ

## ਜੂਨ-84 ਦੇ ਘੱਲੂਘਾਰੇ 'ਚ ਤਬਾਹ ਸਿੱਖ ਲਾਇਬ੍ਰੇਰੀ ਬਾਰੇ ਸਨਸਨੀਖੇਜ਼ ਖੁਲਾਸੇ

### ਕੁਝ ਬੁੱਧੀਜੀਵੀਆਂ ਨੇ ਸ਼੍ਰੋਮਣੀ ਕਮੇਟੀ ਉਪਰ ਲਗਾਏ ਗੰਭੀਰ ਦੋਸ਼

**ਅੰਮ੍ਰਿਤਸਰ/ਬਿਊਰੋ ਨਿਊਜ਼ :** ਬੁੱਧੀਜੀਵੀ ਅਨੁਰਾਗ ਸਿੰਘ ਤੇ ਹੋਰਾਂ ਨੇ ਸ਼੍ਰੋਮਣੀ ਕਮੇਟੀ ਵਿਰੁੱਧ ਸੰਗੀਨ ਦੋਸ਼ ਲਗਾਏ ਗਏ ਹਨ। ਉਨ੍ਹਾਂ ਇਹ ਖੁਲਾਸੇ ਕੀਤੇ ਹਨ ਕਿ ਸੰਨ 1984 ਵਿੱਚ ਭਾਰਤੀ ਫੌਜ ਵੱਲੋਂ ਦਰਬਾਰ ਸਾਹਿਬ 'ਤੇ ਕੀਤੀ ਗਈ ਹਥਿਆਰਬੰਦ ਕਾਰਵਾਈ ਦੌਰਾਨ, ਉੱਥੇ ਮੌਜੂਦ ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਜਿਸ ਇਤਿਹਾਸਕ ਖਜ਼ਾਨੇ ਬਾਰੇ ਸ਼੍ਰੋਮਣੀ ਕਮੇਟੀ ਵਾਲਿਆਂ ਵੱਲੋਂ ਹੁਣ ਤੱਕ ਇਹ ਦਾਅਵਾ ਕੀਤਾ ਜਾ ਰਿਹਾ ਸੀ ਕਿ ਉਹ ਖਜ਼ਾਨਾ ਫੌਜ ਆਪਣੇ ਨਾਲ ਲੈ ਗਈ ਸੀ, ਉਸ ਖਜਾਨੇ ਨੂੰ ਫੌਜ ਨੇ ਨਾ ਸਿਰਫ ਸ਼੍ਰੋਮਣੀ ਕਮੇਟੀ ਵਾਲਿਆਂ ਨੂੰ ਦਹਾਕਿਆਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰ ਦਿੱਤਾ ਸੀ, ਬਲਕਿ ਉਹਨਾਂ ਦਾ ਦਾਅਵਾ ਹੈ ਕਿ ਇਹ ਖਜਾਨਾ ਜਿਨ੍ਹਾਂ ਸ਼੍ਰੋਮਣੀ ਕਮੇਟੀ ਦੇ ਲੋਕਾਂ ਨੇ ਆਪਣੇ ਹਸਤਾਖਰ ਕਰਕੇ ਫੌਜ ਤੋਂ ਵਾਪਸ ਲਿਆ ਸੀ, ਉਨ੍ਹਾਂ ਲੋਕਾਂ ਨੇ ਇਹ ਖਜਾਨਾ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚ ਵਾਪਸ ਜਮ੍ਹਾ ਕਰਵਾਇਆ ਹੀ ਨਹੀਂ ਤੇ ਅੱਗੇ ਇਹ ਦਸਤਾਵੇਜ਼ ਅਤੇ ਗ੍ਰੰਥ ਕਰੋੜਾਂ ਰੁਪਏ ਲੈ ਕੇ ਵਿਦੇਸ਼ਾਂ ਵਿੱਚ ਵੇਚ ਦਿੱਤੇ ਗਏ।

ਇਹਨਾਂ ਬੁੱਧੀਜੀਵੀਆਂ ਨੇ ਦੋਸ਼ ਲਗਾਏ ਹਨ

ਬਾਕੀ ਸਫ਼ਾ 28 'ਤੇ

### ਵਿਸ਼ੇਸ਼ ਸੂਚਨਾ

"ਅੰਮ੍ਰਿਤਸਰ ਟਾਈਮਜ਼" ਦੇ ਐਡੀਟੋਰੀਅਲ ਬੋਰਡ ਨੇ ਫੈਸਲਾ ਕੀਤਾ ਹੈ ਕਿ ਗੁਰੂ ਸਾਹਿਬ ਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਕਲਪਤਿ ਤਸਵੀਰਾਂ ਅਖਬਾਰ ਵਿਚ ਨਹੀਂ ਲਗਾਈਆਂ ਜਾਣਗੀਆਂ। ਇਸੇ ਤਰ੍ਹਾਂ ਗੁਰੂ ਸਾਹਿਬ ਜਾਂ ਉਨ੍ਹਾਂ ਦੇ ਪਰਿਵਾਰਾਂ ਬਾਰੇ ਬਣੀਆਂ ਫਿਲਮਾਂ/ ਐਨੀਮੇਸ਼ਨ ਫਿਲਮਾਂ ਨੂੰ ਉਤਸ਼ਾਹਿਤ ਕਰਨ ਵਾਲੇ ਕੋਈ ਇਸ਼ਤਿਹਾਰ ਜਾਂ ਲੇਖ ਵੀ ਨਹੀਂ ਛਾਪੇ ਜਾਣਗੇ। - ਸੰਪਾਦਕ













REAL ESTATE INVESTMENTS?
BUY OR SELL PROPERTY ?
1031 EXCHANGE ?
NEW HOMES ?
ONE STOP SHOP FOR YOU
FREE ONE YEAR PROPERTY MANAGEMENT & SAVE $3000
FEW AREAS ARE GROWING RAPIDLY, TRACY, LATHROP, MANTECA, MOUNTAIN HOUSE,
We can help you get loan approval. Purchase, manage your property and handle all repairs.
TRACY, LATHROP, MANTECA, MOUNTAIN HOUSE
Expert Realtor PARTH GHAI
209-420-5653
HINDI, PUNJABI, AND ENGLISH
Call AnyTime 209-420-5653
VALLEY PACIFIC REALTY AND INVESTMENTS STOCKTON # 01722418


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜ਼ਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
Best of 2016 Fremont
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

# ਉੱਘੇ ਬਾਸਕਟਬਾਲ ਖਿਡਾਰੀ 'ਸਾਬੂ' ਦੀ ਅਚਾਨਕ ਮੌਤ

**ਫਰੀਮੌਂਟ/ਏਟੀ ਨਿਊਜ਼ :**
ਪੰਜਾਬ ਦੇ ਫਰੀਦਕੋਟ ਨਾਲ ਸਬੰਧਤ, ਅਮਰੀਕਾ ਦੀ ਪੈਨਸਲਵੇਨੀਆ ਸਟੇਟ ਵਿਚ ਰਹਿ ਰਹੇ, ਬਾਸਕਟਬਾਲ ਖੇਡ ਜਗਤ ਵਿਚ 'ਸਾਬੂ' ਦੇ ਨਾਂ ਨਾਲ ਜਾਣੇ ਜਾਂਦੇ, ਉੱਘੇ ਖਿਡਾਰੀ ਹਰਿੰਦਰ ਸਿੰਘ ਗੁੰਦਾਰਾ ਦੀ 4 ਜੂਨ ਨੂੰ ਅਚਾਨਕ ਮੌਤ ਹੋ ਗਈ ਹੈ। ਉਹ ਇੱਥੇ ਟਰੱਕ ਚਲਾਉਂਦੇ ਸਨ। ਪ੍ਰਾਪਤ ਜਾਣਕਾਰੀ ਮੁਤਾਬਕ ਜਦੋਂ ਉਸ ਦੀ ਪਤਨੀ ਭਾਲ ਕਰਦੀ ਹੋਈ ਟਰੱਕ ਕੋਲ ਪਹੁੰਚੀ, ਤਾਂ ਉਹ ਸੀਟ ਉਤੇ ਹੀ ਬੈਠਾ ਸੀ ਅਤੇ ਹੱਥ ਲਾਉਂਦੇ ਹੀ ਇਕ ਪਾਸੇ ਨੂੰ ਡਿੱਗ ਪਿਆ। ਸਾਬੂ ਦੀ ਮੌਤ ਦਾ ਕਾਰਨ ਦਿਲ ਦਾ ਦੌਰਾ ਸਮਝਿਆ ਜਾਂਦਾ ਹੈ। ਉਹ ਬਾਸਕਟਬਾਲ ਦਾ ਸੰਜੀਦਾ ਖਿਡਾਰੀ ਸੀ ਤੇ ਆਮ ਜ਼ਿੰਦਗੀ ਵਿਚ ਇਕ ਬਹੁਤ ਹੀ ਹਸਮੁੱਖ ਤੇ ਮਖੌਲੀਆ ਇਨਸਾਨ ਵੱਜੋਂ ਜਾਣਿਆ ਜਾਂਦਾ ਸੀ। ਇਸ ਤਰ੍ਹਾਂ ਉਹ ਭਰ ਜਵਾਨੀ ਵਿਚ ਹੀ ਆਪਣੀ ਪਤਨੀ ਤੇ ਲੜਕੇ ਨੂੰ ਵਿਛੋੜਾ ਦੇ ਗਏ ਹਨ। ਪਰਿਵਾਰ ਵੱਲੋਂ ਸਾਰੇ ਰਿਸ਼ਤੇਦਾਰਾਂ, ਯਾਰਾਂ-ਦੋਸਤਾਂ ਤੇ ਸਨੇਹੀਆਂ ਨੂੰ ਮਰਹੂਮ ਹਰਿੰਦਰ ਸਿੰਘ ਗੁੰਦਾਰਾ ਦੇ ਅੰਤਿਮ ਸੰਸਕਾਰ ਉਤੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ। ਜਗ੍ਹਾ ਤੇ ਸਮਾਂ ਅੱਗੇ ਲਿਖੇ ਅਨੁਸਾਰ ਹੈ : ਮਿਤੀ 15 ਜੂਨ 2019, ਸ਼ਨਿੱਚਰਵਾਰ 11 ਵਜੇ ਸਵੇਰੇ।



ਜਗ੍ਹਾ : THEO AUMAN FUNERAL HOME 247, PENN. ST. READING PA-19001, ਸੰਸਕਾਰ ਤੋਂ ਬਾਅਦ ਗੁਰੂ ਨਾਨਕ ਸਿੱਖ ਸੁਸਾਇਟੀ ਵਿਖੇ ਅਰਦਾਸ ਕੀਤੀ ਜਾਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਨੰ. 412-855-2194 'ਤੇ ਕਾਲ ਕਰ ਸਕਦੇ ਹੋ। ਉਨ੍ਹਾਂ ਦੇ ਭਰਾਤਾ ਗੋਲਡੀ ਸਿੰਘ ਜੋ ਕਿ ਕੈਨੇਡਾ ਵਿਚ ਰਹਿੰਦੇ ਹਨ, ਉਹ ਵੀ ਬਾਸਕਟਵਾਲ ਦੇ ਖਿਡਾਰੀ ਰਹੇ ਹਨ। ਉਨ੍ਹਾਂ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਨੰ. 306-515-4143 ਉਤੇ ਕਾਲ ਕਰ ਸਕਦੇ ਹੋ।




# ਹਰਿਮੰਦਰ ਸਾਹਿਬ ਨੇੜੇ ਸਿੱਖ ਗੁਰੂਆਂ ਦੀਆਂ ਕਲਪਿਤ ਮੂਰਤੀਆਂ ਦੀ ਵਿਕਰੀ ਘਟੀ

## ਆਨਲਾਈਨ ਮੂਰਤੀਆਂ ਵੇਚਣ ਦੇ ਮਾਮਲੇ 'ਚ ਐਮਾਜ਼ੋਨ ਤੇ ਫਲਿਪਕਾਰਟ ਨੂੰ ਨੋਟਿਸ



**ਅੰਮ੍ਰਿਤਸਰ/ਏਟੀ ਨਿਊਜ਼ :**
ਗੁਜਰਾਤ ਦੇ ਭਾਵ ਨਗਰ ਇਲਾਕੇ ਦੇ ਇਕ ਚੌਕ ਵਿਚ ਗੁਰੂ ਨਾਨਕ ਦੇਵ ਦੀ ਮੂਰਤੀ ਸਥਾਪਿਤ ਕਰਨ ਦੇ ਹੋਏ ਵਿਰੋਧ ਤੋਂ ਬਾਅਦ ਇੱਥੇ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਦੁਕਾਨਾਂ 'ਤੇ ਗੁਰੂਆਂ ਦੀਆਂ ਮੂਰਤੀਆਂ ਵੇਚਣ ਦੇ ਰੁਝਾਨ ਨੂੰ ਭਾਵੇਂ ਕੁਝ ਠੱਲ੍ਹ ਪਈ ਹੈ ਪਰ ਆਨਲਾਈਨ ਵਸਤਾਂ ਵੇਚਣ ਵਾਲੀਆਂ ਕੰਪਨੀਆਂ ਵੱਲੋਂ ਅਜੇ ਵੀ ਗੁਰੂਆਂ ਦੀਆਂ ਮੂਰਤੀਆਂ ਧੜੱਲੇ ਨਾਲ ਵੇਚੀਆਂ ਜਾ ਰਹੀਆਂ ਹਨ। ਆਨਲਾਈਨ ਕੰਪਨੀਆਂ ਫਲਿੱਪਕਾਰਟ, ਐਮੇਜ਼ਨ, ਸਨੈਪਡੀਲ ਆਦਿ 'ਤੇ ਜਾ ਕੇ ਇਹ ਮੂਰਤੀਆਂ ਅਤੇ ਇਨ੍ਹਾਂ ਦੀ ਕੀਮਤ ਦੇਖੀ ਜਾ ਸਕਦੀ ਹੈ। ਮੂਰਤੀਆਂ ਮੰਗਵਾਉਣ ਲਈ ਆਰਡਰ ਵੀ ਕੀਤਾ ਜਾ ਸਕਦਾ ਹੈ। ਪੱਥਰ ਤੇ ਪਾਊਡਰ ਦੀਆਂ ਬਣੀਆਂ ਇਹ ਮੂਰਤੀਆਂ ਚੀਨ ਤੋਂ ਆਉਂਦੀਆਂ ਹਨ ਜਦੋਂਕਿ ਧਾਤਾਂ ਦੀਆਂ ਬਣੀਆਂ ਮੂਰਤੀਆਂ ਮੁਰਾਦਾਬਾਦ ਤੋਂ ਤੇ ਪੱਥਰ ਦੀਆਂ ਬਣੀਆਂ ਮੂਰਤੀਆਂ ਰਾਜਸਥਾਨ, ਆਗਰਾ ਤੇ ਮੁੰਬਈ ਤੋਂ ਬਣ ਕੇ ਆਉਂਦੀਆਂ ਹਨ। ਇਨ੍ਹਾਂ ਵਿਚ ਵਧੇਰੇ ਗੁਰੂ ਨਾਨਕ ਦੇਵ, ਗੁਰੂ ਗੋਬਿੰਦ ਸਿੰਘ ਦੀਆਂ ਮੂਰਤੀਆਂ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਬਾਬਾ ਦੀਪ ਸਿੰਘ ਅਤੇ ਨਿਹੰਗ ਸਿੰਘਾਂ ਦੀਆਂ ਮੂਰਤੀਆਂ ਵੀ ਵਿਕਦੀਆਂ ਹਨ।

ਹਾਲ ਹੀ ਵਿਚ ਗੁਜਰਾਤ ਦੇ ਭਾਵ ਨਗਰ ਇਲਾਕੇ ਦੇ ਇਕ ਚੌਕ ਵਿਚ ਸਿੰਧੀ ਭਾਈਚਾਰੇ ਵੱਲੋਂ ਗੁਰੂ ਨਾਨਕ ਦੇਵ ਦਾ ਬੁੱਤ ਸਥਾਪਿਤ ਕੀਤਾ ਗਿਆ ਸੀ, ਜਿਸ ਦਾ ਸਿੱਖ ਜਗਤ ਵੱਲੋਂ ਵਿਰੋਧ ਪ੍ਰਗਟਾਇਆ ਗਿਆ। ਅਕਾਲ ਤਖ਼ਤ ਨੇ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਨੂੰ ਜਾਂਚ ਦੇ ਆਦੇਸ਼ ਦਿੱਤੇ ਸਨ। ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧੀ ਜਾਂਚ ਟੀਮ ਭੇਜੀ ਜਾਣੀ ਸੀ ਕਿ ਇਸ ਤੋਂ ਪਹਿਲਾਂ ਹੀ ਸਿੰਧੀ ਭਾਈਚਾਰੇ ਵੱਲੋਂ ਇਹ ਬੁੱਤ ਹਟਾ ਦਿੱਤਾ ਗਿਆ। ਹੁਣ ਇਸ ਬੁੱਤ ਦੀ ਥਾਂ ਖੰਡਾ ਸਥਾਪਿਤ ਕੀਤਾ ਗਿਆ ਹੈ। ਇਸ ਘਟਨਾ ਦੌਰਾਨ ਅਕਾਲ ਤਖ਼ਤ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਗੁਰੂਆਂ ਦੀਆਂ ਵਿਕਦੀਆਂ ਮੂਰਤੀਆਂ ਦਾ ਵਿਰੋਧ ਕੀਤਾ ਸੀ। ਇਸ ਤੋਂ ਬਾਅਦ ਹਰਿਮੰਦਰ ਸਾਹਿਬ ਨੇੜਲੀਆਂ ਦੁਕਾਨਾਂ ਵਿਚ ਵਿਕਦੀਆਂ ਮੂਰਤੀਆਂ ਦੇ ਰੁਝਾਨ ਨੂੰ ਕੁਝ ਠੱਲ੍ਹ ਪਈ ਹੈ। ਦੁਕਾਨਦਾਰਾਂ ਨੇ ਦਾਅਵਾ ਕੀਤਾ ਕਿ ਗੁਰੂਆਂ ਦੀਆਂ ਮੂਰਤੀਆਂ ਖਰੀਦਣ ਅਤੇ ਵੇਚਣ ਦਾ ਕੰਮ ਬੰਦ ਕਰ ਦਿੱਤਾ ਗਿਆ ਹੈ। ਹੁਣ ਇਨ੍ਹਾਂ ਦੁਕਾਨਾਂ 'ਤੇ ਗੁਰੂਆਂ

ਬਾਕੀ ਸਫ਼ਾ 29 'ਤੇ



# ਮਾਸੂਮ ਦੀ ਮੌਤ ’ਤੇ ਰੋਇਆ ਪੰਜਾਬ

## *ਪੰਜਾਬ ’ਚ ਹਾਲੇ ਵੀ ਮੌਜੂਦ ਹਨ ਮੌਤ ਦੇ ਖੂਹ*



**ਚੰਡੀਗੜ੍ਹ/ਏਟੀ ਨਿਊਜ਼ :**
ਛੇ ਦਿਨਾਂ ਬਾਅਦ ਬੋਰਵੈੱਲ ਵਿਚੋਂ ਬਾਹਰ ਕੱਢੇ ਦੋ ਸਾਲਾਂ ਦੇ ਮਾਸੂਮ ਫ਼ਤਹਿਵੀਰ ਦੀ ਮੌਤ ਕਾਰਨ ਦੇਸ਼-ਵਿਦੇਸ਼ ਤਕ ਵਸਦਾ ਪੂਰਾ ਪੰਜਾਬੀ ਜਗਤ ਸਦਮੇ ਵਿਚ ਚਲਾ ਗਿਆ ਪ੍ਰਤੀਤ ਹੋਇਆ। ਹਰ ਅੱਖ ਨੇ ਮਾਸੂਮ ਦੀ ਅਣਕਿਆਸੀ ਤੇ ਦਰਦਨਾਕ ਮੌਤ ਉਤੇ ਅੱਥਰੂ ਕੇਰੇ। ਇਸ ਦੇ ਨਾਲ ਹੀ ਹਰ ਬੰਦਾ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਦੀ ਨਾਕਾਮੀ ਨੂੰ ਵੀ ਕੋਸਦਾ ਦਿਖਾਈ ਦਿੱਤਾ।

ਬੱਚੇ ਦੇ ਪਿੰਡ ਭਗਵਾਨਪੁਰਾ ਵਿੱਚ ਉਸ ਦਾ ਸੰਸਕਾਰ ਕਰ ਦਿੱਤਾ ਗਿਆ। ਫਤਿਹਵੀਰ ਦੀ ਮੌਤ ‘ਤੇ ਹਰ ਖੇਤਰ ਦੀ ਛੋਟੀ-ਵੱਡੀ ਸ਼ਖਸੀਅਤ ਨੇ ਦੁਖ ਪਰਗਟ ਕੀਤਾ। ਪੰਜਾਬੀ ਇੰਡਸਟਰੀ ਦੇ ਹਰ ਸਿਤਾਰੇ ਨੇ ਸੋਸ਼ਲ ਮੀਡੀਆ ‘ਤੇ ਅਫਸੋਸ ਜਤਾਇਆ।

ਸੋਸ਼ਲ ਮੀਡੀਆ ‘ਤੇ ਫ਼ਤਹਿਵੀਰ ਦੇ ਵਿਛੋੜੇ ਦਾ ਦਰਦ ਸਾਫ਼ ਝਲਕ ਰਿਹਾ ਹੈ ਅਤੇ ਪੀੜਤ ਪਰਿਵਾਰ ਨਾਲ ਹਮਦਰਦੀ ਪ੍ਰਗਟਾਉਣ ਵਾਲਿਆਂ ਦਾ ਹੜ੍ਹ ਆਇਆ ਹੋਇਆ ਹੈ।ਪੁੱਤਰਾਂ ਦੇ ਵਿਛੋੜੇ ਦੇ ਦਰਦ ਭਰੇ ਗੀਤ ਸੋਸ਼ਲ ਮੀਡੀਆ ‘ਤੇ ਹਰ ਦਿਲ ਨੂੰ ਪਸੀਜ ਰਹੇ ਹਨ। ਕੋਈ ਆਖ ਰਿਹਾ ਹੈ, “ਮੁਆਫ਼ ਕਰੀਂ ਫ਼ਤਹਿਵੀਰ ਸਿਆਂ, ਤੇਰੇ ਨਾਲ ਖ਼ੂਨ ਦਾ ਰਿਸ਼ਤਾ ਤਾਂ ਨਹੀਂ ਸੀ ਕੋਈ, ਪਰ ਅੱਜ ਦਿਲ ਰੋਂਦਾ ਹੈ ਤੈਨੂੰ ਅਲਵਿਦਾ ਆਖਣ ਲੱਗਿਆਂ, ਲੱਖ ਲਾਹਨਤਾਂ ਉਸ ਸਿਸਟਮ ‘ਤੇ ਜੋ ਤੇਰੇ ਕੰਮ ਨਾ ਆ ਸਕਿਆ।“

ਪਿਛਲੇ ਛੇ ਦਿਨਾਂ ਤੋਂ ਫ਼ਤਹਿਵੀਰ ਦੀ ਪੰਜਾਬ ਅਤੇ ਦੇਸ਼ ਭਰ ਤੋਂ ਇਲਾਵਾ ਵਿਦੇਸ਼ਾਂ ‘ਚ ਵਸਦੇ ਪੰਜਾਬੀਆਂ ਨਾਲ ਜਜ਼ਬਾਤੀ ਸਾਂਝ ਜੁੜ ਗਈ ਸੀ, ਜਿਸ ਦੀ ਸਲਾਮਤੀ ਲਈ ਹਰ ਕੋਈ ਦੁਆਵਾਂ ਕਰ ਰਿਹਾ ਸੀ ਪਰ ਇਹ ਦੁਆਵਾਂ ਪ੍ਰਵਾਨ ਨਾ ਚੜ੍ਹੀਆਂ ਤੇ ਫ਼ਤਹਿਵੀਰ ਜ਼ਿੰਦਗੀ ਦੀ ਜੰਗ ਹਾਰ ਗਿਆ।

ਫ਼ਤਹਿਵੀਰ ਮਾਪਿਆਂ ਦਾ ਇਕਲੌਤਾ ਪੁੱਤਰ ਸੀ, ਜੋ ਆਪਣੇ ਮਾਪਿਆਂ ਦੇ ਘਰ ਵਿਆਹ ਤੋਂ ਛੇ ਸਾਲਾਂ ਬਾਅਦ ਪੈਦਾ ਹੋਇਆ ਸੀ। ਇਸ 10 ਜੂਨ ਨੂੰ ਫ਼ਤਹਿਵੀਰ ਦਾ ਦੂਜਾ ਜਨਮ ਦਿਨ ਸੀ ਤੇ ਪਰਿਵਾਰ ਨੇ ਉਸ ਦੇ ਜਨਮ ਦਿਨ ਦੀਆਂ ਖ਼ੁਸ਼ੀਆਂ ਮਨਾਉਣੀਆਂ ਸਨ ਪਰ ਪਰਿਵਾਰ ਨੂੰ ਉਸ ਦਾ ਜਨਮ ਦਿਨ ਮਨਾਉਣ ਦਾ ਮੌਕਾ ਨਸੀਬ ਨਹੀਂ

**ਬਾਕੀ ਸਫ਼ਾ 28 ’ਤੇ**

## ਗੁਰਦਿਆਲ ਸਿੰਘ ਨੂਰਪੁਰੀ ਦੀ ਕਾਵਿ ਪੁਸਤਕ 30 ਜੂਨ ਨੂੰ ਹੋਵੇਗੀ ਰਿਲੀਜ਼

**ਮਿਲਪੀਟਸ/ਪ੍ਰਮਿੰਦਰ ਸਿੰਘ ਪ੍ਰਵਾਨਾ :** ਸਾਹਿਤਕ ਹਲਕਿਆਂ ਵਿਚ ਇਹ ਖ਼ਬਰ ਬੜੇ ਉਤਸ਼ਾਹ ਨਾਲ ਪੜ੍ਹੀ ਜਾਵੇਗੀ ਕਿ ਸਥਾਨਕ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਗੁਰਦਿਆਲ ਸਿੰਘ ਨੂਰਪੁਰੀ ਦੀ ਚੌਥੀ ਕਾਵਿ-ਪੁਸਤਕ ਗੁਰਦੁਆਰਾ ਸਿੰਘ ਸਭਾ ਬੇ ਏਰੀਆ-680ਈ-CALAVERAS Blvd, ਮਿਲਪੀਟਸ ਸੀਏ ਏ-95035 ਵਿਖੇ 30 ਜੂਨ, 2019 ਦਿਨ ਐਤਵਾਰ ਨੂੰ ਬਾਅਦ ਦੁਪਹਿਰ 02:00 ਵਜੇ ਲੋਕ ਅਰਪਣ ਹੋਵੇਗੀ। ਪ੍ਰੋਗਰਾਮ ਵਿਚ ਪਰਚਾ ਪਾਠ, ਕਵਿਤਾ ਪਾਠ, ਪੰਜਾਬੀ ਗੀਤ ਸੰਗੀਤ ਅਤੇ ਫੋਟੋ ਦੌਰ ਦੇ ਨਾਲ-ਨਾਲ ਪੁਸਤਕਾਂ ਵੰਡੀਆਂ ਜਾਣਗੀਆਂ। ਯਾਦ ਰਹੇ ਕਿ ਸ਼ਾਇਰ ਗੁਰਦਿਆਲ ਸਿੰਘ ਨੂਰਪੁਰੀ ਵਲੋਂ ਧਾਰਮਿਕ ਕਵੀ ਦਰਬਾਰਾਂ ਵਿਚ ਅਤੇ ਰੇਡੀਓ ਰਾਹੀਂ ਕਵਿਤਾਵਾਂ ਸਾਂਝੀਆਂ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਦੀਆਂ ਕਵਿਤਾਵਾਂ ਅਕਸਰ ਅਖ਼ਬਾਰਾਂ ਵਿਚ ਵੀ ਛਪਦੀਆਂ ਰਹਿੰਦੀਆਂ ਹਨ। ਪ੍ਰੋਗਰਾਮ ਦੌਰਾਨ ਜਲ ਪਾਨ ਨਿਰੰਤਰ ਚਲਦਾ ਰਹੇਗਾ। ਦਾਖ਼ਲਾ ਸੱਦਾ ਪੱਤਰ ਰਾਹੀਂ ਹੋਵੇਗਾ। ਹੋਰ ਜਾਣਕਾਰੀ ਵਾਸਤੇ ਫੋਨ ਨੰ. 510-415-9377 ਅਤੇ 510-432-1389 ‘ਤੇ ਸੰਪਰਕ ਕਰ ਸਕਦੇ ਹੋ।

## ਅਮਰ ਸ਼ੇਰਗਿੱਲ ਕੈਲੀਫੋਰਨੀਆ ਡੈਮੋਕ੍ਰੈਟਿਕ ਪਾਰਟੀ ਦੀ ‘ਪ੍ਰੋਗਰੈਸਿਵ ਕਾਕਸ’ ਦੇ ਪ੍ਰਧਾਨ ਚੁਣੇ ਗਏ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਸਥਾਨਕ ਪੰਜਾਬੀ ਭਾਈਚਾਰੇ ਦੇ ਸਿਰਕੱਢ ਨੌਜਵਾਨ ਸਮਾਜਿਕ ਆਗੂ ਅਮਰ ਸ਼ੇਰਗਿੱਲ ਨੇ ਉਸ ਵੇਲੇ ਇਤਿਹਾਸ ਰਚ ਦਿੱਤਾ ਜਦੋਂ ਉਹ ਕੈਲੀਫੋਰਨੀਆ ਡੈਮੋਕ੍ਰੈਟਿਕ ਪਾਰਟੀ (ਸੀਡੀਪੀ) ਦੀ ‘ਪ੍ਰੋਗਰੈਸਿਵ ਕਾਕਸ’ ਦੇ ਪ੍ਰਧਾਨ ਚੁਣੇ ਗਏ। ਸੀਡੀਪੀ ਵਿਚ ਪ੍ਰੋਗਰੈਸਿਵ ਕਾਕਸ ਸਭ ਤੋਂ ਵੱਡੀ ਧਿਰ ਹੈ ਜਿਸ ਦੇ 700 ਤੋਂ ਵੱਧ ਡੈਲੀਗੇਟ ਹਨ। ਸੀਡੀਪੀ ਦੀ ਕਨਵੈਨਸ਼ਨ ਸਾਨਫਰਾਂਸਿਸਕੋ ਵਿਚ ਹੋਈ ਜਿਸ ਵਿਚ ਸੂਬੇ ਭਰ ਵਿਚੋਂ 3000 ਤੋਂ ਵਧ ਡੈਲੀਗੇਟਾਂ ਨੇ ਹਿੱਸਾ ਲਿਆ। ਇਸ ਕਨਵੈਨਸ਼ਨ ਵਿਚ ਪਾਰਟੀ ਦੇ ਪ੍ਰਧਾਨ ਦੇ ਅਹੁਦੇ ਲਈ 11 ਉਮੀਦਵਾਰਾਂ ਨੇ ਵੀ ਹਿੱਸਾ ਲਿਆ ਜਿਨ੍ਹਾਂ ਵਿਚ ਸੈਨੇਟਰ ਬਰਨੀ ਸੈਂਡਰਜ, ਅਲਿਜ਼ਾਬੈਥ ਵਾਰਨ ਤੇ ਕਮਲਾ ਹੈਰਿਸ ਵੀ ਸ਼ਾਮਲ ਸਨ। ਡੈਲੀਗੇਟਾਂ ਨੂੰ ਸੰਬੋਧਨ ਕਰਦਿਆਂ ਸ਼ੇਰਗਿੱਲ ਨੇ ਆਪਣੇ ਗੰਭੀਰ ਭਾਸ਼ਣ ਵਿਚ ਕੈਲੀਫੋਰਨੀਆ ਵਿਚ ਡੈਮੋਕ੍ਰੈਟਿਕ ਦੀ ਸਫਲਤਾ ਸਮੇਤ ‘ਪ੍ਰੋਗਰੈਸਿਵ ਕਾਕਸ’ ਲਈ ਆਪਣੀ ਯੋਜਨਾ ਦਾ ਖੁਲਾਸਾ ਕੀਤਾ। ਉਨ੍ਹਾਂ ਨੇ ਨਸਲ ਦੀ ਪ੍ਰਵਾਹ ਕੀਤੇ ਬਗੈਰ ਉਮੀਦਵਾਰਾਂ ਦੀ ਚੋਣ ਗੈਰ ਪੱਖਪਾਤੀ ਢੰਗ ਨਾਲ ਕਰਨ ਲਈ ਕਿਹਾ। ਅਮਰ ਸ਼ੇਰਗਿੱਲ ਨੂੰ ਸਭ ਤੋਂ ਪਹਿਲਾਂ ਕਾਂਗਰਸਮੈਨ ਆਰ ਓ ਖੰਨਾ, ਅਸੰਬਲੀ ਮੈਂਬਰ ਐਸ਼ ਕਾਲਰਾ, ਸਾਬਕਾ ਅਸੰਬਲੀ ਮੈਂਬਰ ਮਾਰੀਕੋ ਯਮਾਡਾ, ਅਸੰਬਲੀ ਮੈਂਬਰ ਕੈਵਿਨ ਮੈਕਾਰਟੀ ਤੇ ਕੈਲੀਫੋਰਨੀਆ ਨਰਸਜ਼ ਐਸੋਸੀਏਸ਼ਨ ਦਾ ਸਮਰਥਨ ਮਿਲਿਆ। ਐਸ਼ ਕਾਲਰਾ ਨੇ ਕਿਹਾ ਕਿ ਸਾਡੀ ਪਾਰਟੀ ਨੂੰ ਦਮਦਾਰ ਆਗੂ ਦੀ ਲੋੜ ਹੈ, ਮੈਂ ਅਮਰ ਉਪਰ ਭਰੋਸਾ ਕਰਦਾ ਹਾਂ। ਉਹ ਪਾਰਟੀ ਦੀਆਂ ਰਵਾਇਤਾਂ ਤੇ ਜ਼ਮੀਰ ਨੂੰ ਕਾਇਮ ਰੱਖਣਗੇ। ਅਮਰ ਸ਼ੇਰਗਿੱਲ ਪਹਿਲੇ ਦੱਖਣੀ ਏਸ਼ੀਆਈ ਹਨ ਜੋ ਪ੍ਰੋਗਰੈਸਿਵ ਕਾਕਸ ਦੇ ਆਗੂ ਚੁਣੇ ਗਏ ਹਨ। ਇਥੇ ਵਰਨਣਯੋਗ ਹੈ ਕਿ ਅਮਰ ਸ਼ੇਰਗਿੱਲ ਇੰਗਲੈਂਡ ਤੋਂ ਅਮਰੀਕਾ ਆ ਕੇ ਵਸੇ ਹਨ। ਪੰਜਾਬ ਵਿਚ ਉਨ੍ਹਾਂ ਦਾ ਪਿੰਡ ਝਿੰਗੜਾਂ ਹੈ ਜੋ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਨਜ਼ਦੀਕ ਲੜੋਆ, ਵਿੱਚ ਪੈਂਦਾ ਹੈ।



## ਪਿਤਾ ਸਮੇਤ 2 ਸਾਲਾ ਧੀ ਦੀ ਸੜਕ ਹਾਦਸੇ ’ਚ ਮੌਤ

**ਨਿਊਯਾਰਕ/ਰਾਜ ਗੋਗਨਾ :** ਅਮਰੀਕਾ ਦੇ ਸੂਬੇ ਨੌਰਥ ਕੈਰੋਲੀਨਾ ਦੀ ਕੋਲੰਬਸ ਕਾਉਂਟੀ ਵਿਖੇ ਕਾਰ ਸਵਾਰ ਮੁਕੇਸ਼ ਦੇਸ਼ਮੁੱਖ, ਉਸ ਦੀ ਪਤਨੀ ਮੋਨਿਕਾ ਦੇਸ਼ਮੁਖ ਤੇ ਉਨ੍ਹਾਂ ਦੀ ਛੋਟੀ ਬੱਚੀ ਸੜਕ ਦੁਰਘਟਨਾ ਦਾ ਸ਼ਿਕਾਰ ਹੋ ਗਏ। ਉਹ ਆਪਣੀ ਬੇਟੀ ਦਾ ਜਨਮ ਦਿਨ ਮਨਾਉਣ ਜਾ ਰਹੇ ਸਨ ਕਿ ਅਚਾਨਕ ਰੋਡ ‘ਤੇ ਉਲਟ ਦਿਸ਼ਾ ਵੱਲ ਆ ਰਹੇ ਇਕ ਟੈਂਕਰ ਟਰੱਕ ਨਾਲ ਉਨ੍ਹਾਂ ਦੀ ਕਾਰ ਟਕਰਾ ਗਈ ਤੇ ਕਾਰ ਨੂੰ ਅੱਗ ਲਗ ਗਈ।ਇਹ ਹਾਦਸਾ ਯੂ.ਐਸ 74 ਅਤੇ ਐਨ ਸੀ 410 ਰੂਟ ਦੇ ਕੋਲ ਵਾਪਰਿਆ ਜਿਸ ਵਿੱਚ ਭਾਰਤ ਦੇ ਮਹਾਰਾਸ਼ਟਰ ਨਾਲ ਸਬੰਧ ਰੱਖਣ ਵਾਲਾ ਮੁਕੇਸ਼ ਦੇਸ਼ਮੁੱਖ (37 ਸਾਲ), ਉਸ ਦੀ 2 ਸਾਲ ਦੀ ਬੇਟੀ ‘ਦਿਵਿਆ’ ਜਿਸ ਦਾ ਜਨਮ ਦਿਨ ਮਨਾਉਣਾ ਸੀ, ਦੀ ਮੌਕੇ ’ਤੇ ਹੀ ਮੌਤ ਹੋ ਗਈ, ਜਦ ਕਿ ਕਾਰ ਚਲਾ ਰਹੀ ਮੋਨਿਕਾ ਦੇਸ਼ਮੁੱਖ ਗੰਭੀਰ ਰੂਪ ’ਚ ਜ਼ਖਮੀ ਹੋ ਗਈ ਜੋ ਸਥਾਨਕ ਹਸਪਤਾਲ ’ਚ ਦਾਖਲ ਹੈ। ਹਾਦਸੇ ਦੌਰਾਨ ਚੀਕਾਂ ਸੁਣ ਕੇ ਕੁਝ ਯਾਤਰੀਆਂ ਨੇ ਮੌਕੇ ‘ਤੇ ਅੱਗ ਬੁਝਾਉਣ ਵਾਲੇ ਯੰਤਰਾਂ ਦੀ ਵਰਤੋਂ ਕਰਦੇ ਹੋਏ ਅੱਗ ਨੂੰ ਬੁਝਾਇਆ। ਬੇਹੋਸ਼ੀ ਦੀ ਹਾਲਤ ’ਚ ਮੋਨਿਕਾ ਦੇਸ਼ਮੁੱਖ ਨੂੰ ਕਾਰ ‘ਚੋਂ ਬਾਹਰ ਕੱਢਿਆ ਗਿਆ। ਪਰਿਵਾਰ ਦੇ ਜੀਵਤ ਮੈਂਬਰ ਨੂੰ ਵਿੱਤੀ ਸਹਾਇਤਾ ਲਈ ਫੰਡ ਇਕੱਠਾ ਕਰਨ ਲਈ ਇੱਕ ਗੋਫੰਡਮੀ ਮੁਹਿੰਮ ਵੀ ਸ਼ੁਰੂ ਕੀਤੀ ਗਈ ਜੋ 146,000 ਡਾਲਰ ਤੱਕ ਪੁੱਜ ਗਈ ਹੈ।




# WHITE HAWK TRUCKING INC

## *Need Drivers & Owner Operators*

Dedicated Load (ਪੱਕੇ ਲੋਡ)
Immediate Payment Option
West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh) 209 242 9569 (Dispatched)
209 564 8899 (Davinder Singh) 209 345 6968 (Ranthir Singh)

2101 MARTIN LUTHER KING JR WAY STOCKTON, CA 95205

# ਸਿਆਟਲ 'ਚ ਜੂਨ-84 ਘੱਲੂਘਾਰੇ ਦੇ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ

### *ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਸਮਾਗਮ 14-15-16 ਜੂਨ ਨੂੰ*

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਗੁਰਦੁਆਰਾ ਸੱਚਾ ਮਾਰਗ ਐਬਰਨ ਵਿਚ ਜੂਨ-1984 ਘੱਲੂਘਾਰੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਥੇ ਭਾਈ ਵਰਿੰਦਰਪਾਲ ਸਿੰਘ ਦੇਹਰਾਦੂਨ ਵਾਲਿਆਂ ਨੇ ਕਥਾ ਰਾਹੀਂ 1984 ਦੇ ਸਾਕੇ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ। ਗੁਰੂਘਰ ਦੇ ਕੀਰਤਨੀ ਜਥੇ ਭਾਈ ਕੁਲਵਿੰਦਰ ਸਿੰਘ, ਭਾਈ ਮੋਹਨ ਸਿੰਘ ਤੇ ਭਾਈ ਦਵਿੰਦਰਪਾਲ ਸਿੰਘ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਤੋਂ ਹਰਸ਼ਿੰਦਰ ਸਿੰਘ ਸੰਧੂ ਨੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਉਨ੍ਹਾਂ ਦੱਸਿਆ ਕਿ ਬੇਦੋਸ਼ੇ ਲੋਕ, ਜੋ ਸ੍ਰੀ ਹਰਮਿੰਦਰ ਸਾਹਿਬ ਦੇ ਦਰਸ਼ਨਾਂ ਨੂੰ ਆਏ ਸਨ, ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਅਤੇ ਬਹੁਤ ਸਾਰੇ ਲੋਕਾਂ ਨੂੰ ਨਜ਼ਰਬੰਦ ਕਰਨ ਕੀਤਾ ਗਿਆ। ਇਸ ਮੌਕੇ ਲੰਗਰਾਂ ਦੀ ਸੇਵਾ ਚੇਤ ਸਿੰਘ ਸਿੱਧੂ ਦੇ ਪਰਿਵਾਰ ਵਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਕੀਤੀ ਗਈ। ਗੁਰੂਘਰ ਵਲੋਂ ਚੇਤ ਸਿੰਘ ਸਿੱਧੂ ਨੂੰ ਸਿਰੋਪਾਓ ਦੇ ਕੇ ਨਿਵਾਜਿਆ ਗਿਆ। ਹਰਸ਼ਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਸਮਾਗਮ 14-15-16 ਜੂਨ ਨੂੰ ਗੁਰੂਘਰ ਵਿਚ ਮਨਾਏ ਜਾ ਰਹੇ ਹਨ, ਜਿਥੇ ਭਾਈ ਦਵਿੰਦਰਪਾਲ ਸਿੰਘ ਕਥਾ ਰਾਹੀਂ ਸਾਰਾ ਹਫ਼ਤਾ ਸ਼ਾਮ ਨੂੰ ਸੰਗਤਾਂ ਦੇ ਰੂਬਰੂ ਹੋਣਗੇ। ਇਸ ਮੌਕੇ ਸੰਤੋਖ ਸਿੰਘ ਮੰਡੇਰ ਤੇ ਰਾਕੇਸ਼ ਮਿਨਹਾਸ ਕਨੇਡਾ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਗੁਰੂਘਰ ਵਿਚ ਹਾਜ਼ਰੀ ਲਗਵਾਈ।



# ਕਰਮਨ 'ਚ ਪੰਚਮ ਪਾਤਸ਼ਾਹ ਦੀ ਸ਼ਹੀਦੀ ਤੇ ਜੂਨ-84 ਦੇ ਸ਼ਹੀਦਾਂ ਨੂੰ ਸਮਰਪਿਤ ਵਿਸ਼ੇਸ਼ ਸਮਾਗਮ

**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ) :** ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਵਿਸ਼ੇਸ਼ ਸਮਾਗਮ, ਕਰਮਨ ਦੇ ਸਮੂਹ ਟਰੱਕਾਂ ਦੇ ਕਾਰੋਬਾਰ ਨਾਲ ਸਬੰਧਤ ਪਰਿਵਾਰਾਂ ਨੇ ਸਾਂਝੇ ਤੌਰ 'ਤੇ ਗੁਰਦੁਆਰਾ ਅਨੰਦਗੜ੍ਹ ਕਰਮਨ ਵਿਖੇ ਕਰਵਾਏ। ਇਸ ਦੌਰਾਨ ਸ੍ਰੀ ਅਖੰਡ ਸਾਹਿਬ ਦੀ ਇਲਾਹੀ ਬਾਣੀ ਦੇ ਤਿੰਨ ਦਿਨ ਪ੍ਰਵਾਹ ਚੱਲੇ ਅਤੇ ਗੁਰਮਤਿ ਵਿਚਾਰਾਂ ਹੋਈਆਂ। ਸਮਾਪਤੀ 'ਤੇ ਵਿਸ਼ੇਸ਼ ਸਮਾਗਮ ਵਿਚ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਸੋਢੀ ਸਿੰਘ ਅਤੇ ਸਾਥੀਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਗੁਰੂ ਜੀ ਦੀ ਸ਼ਹੀਦੀ ਦਾ ਇਤਿਹਾਸ ਸਰਵਣ ਕਰਵਾਇਆ। ਇਸ ਉਪਰੰਤ ਪ੍ਰਸਿੱਧ ਗਾਇਕਾ ਜੋਤ ਰਣਜੀਤ ਕੌਰ ਨੇ ਸਿੱਖ ਇਤਿਹਾਸ ਨਾਲ ਸਬੰਧਤ ਵਾਰਾਂ ਅਤੇ ਮੌਜੂਦਾ ਸਮੇਂ ਦੇ ਸਿੱਖ ਇਤਿਹਾਸ ਨੂੰ ਗਾਉਂਦੇ ਹੋਏ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਸਮਾਗਮ ਦੇ ਅੰਤ ਵਿਚ ਗਾਇਕਾ ਬੀਬੀ ਜੋਤ ਰਣਜੀਤ ਕੌਰ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਗੁਰੂਘਰ ਦੇ ਕਮੇਟੀ ਮੈਂਬਰ ਕੁਲਦੀਪ ਸਿੰਘ ਕਾਲੇਕਾ ਨੇ ਬੋਲਦੇ ਹੋਏ ਸਮੂਹ ਭਾਈਚਾਰੇ ਨੂੰ ਗੁਰੂ ਸਾਹਿਬ ਦੀਆਂ ਸਿੱਖਿਆਵਾਂ 'ਤੇ ਅਮਲ ਕਰਨ ਅਤੇ ਗੁਰੂਘਰ ਵਿਚ ਪੰਜਾਬੀ ਸਕੂਲ ਦੀਆਂ ਕਲਾਸਾਂ ਦੇ ਦਾਖਲੇ ਦਾ ਐਲਾਨ ਕੀਤਾ। ਗੁਰੂਘਰ ਦੇ ਸੈਕਟਰੀ ਗੁਰਤੇਜ ਸਿੰਘ ਧਾਲੀਵਾਲ ਨੇ ਸਮੂਹ ਟਰੱਕਾਂ ਵਾਲੇ ਪਰਿਵਾਰਾਂ ਅਤੇ ਪ੍ਰੋਗਰਾਮ ਵਿੱਚ ਹਾਜ਼ਰ ਸੰਗਤਾਂ ਦਾ ਧੰਨਵਾਦ ਕੀਤਾ। ਹਰ ਸਾਲ ਦੀ ਤਰ੍ਹਾਂ ਇਸ ਮੌਕੇ 'ਸਰਬੱਤ ਦੇ ਭਲੇ' ਦੀ ਅਰਦਾਸ ਕੀਤੀ ਗਈ। ਸਮਾਗਮ ਦੌਰਾਨ ਇਲਾਕੇ ਭਰ ਤੋਂ ਸੰਗਤਾਂ ਨਤਮਸਤਕ ਹੋਈਆਂ। ਸਮੁੱਚੇ ਤੌਰ 'ਤੇ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਹਰਪ੍ਰੀਤ ਸਿੱਧੂ ਦਾਉਧਰ, ਸੰਨੀ ਗਰੇਵਾਲ, ਜਸਪ੍ਰੀਤ ਬੈਂਸ, ਗੁਰਦੀਪ ਅਟਵਾਲ, ਸਰਬਜੀਤ ਬਾਸੀ, ਗਗਨ ਅਤੇ ਪਵਨ ਪਬਲਾ, ਸ਼ਿੰਦਾ ਢਿੱਲੋਂ, ਰਣਜੀਤ ਸਿੰਘ, ਮਲਕੀਤ ਸਿੰਘ, ਗੁਰਪ੍ਰੀਤ ਸਿੰਘ ਲੰਬੜ, ਗੁਰਪ੍ਰੀਤ ਸਿੰਘ ਬਬਲੂ, ਲਵਲੀ ਕਰਮਨ ਦਾ ਵਡਮੁੱਲਾ ਸਹਿਯੋਗ ਰਿਹਾ। ਗੁਰੂ ਦਾ ਲੰਗਰ ਅਤੁੱਟ ਵਰਤਿਆ। ਅੰਤ ਵਿਚ ਭਾਈਚਾਰਿਕ ਅਤੇ ਪਰਿਵਾਰਕ ਸਾਂਝਾਂ ਨੂੰ ਗੁਰਮਤਿ ਅਨੁਸਾਰ ਵਧਾਉਂਦਾ ਇਹ ਸਮਾਗਮ ਯਾਦਗਾਰੀ ਹੋ ਨਿਬੜਿਆ।



# ਅਮਰੀਕਨ ਆਰਮੀ ਵਿਚ ਮਾਨਵ ਸਿੰਘ ਸੋਢੀ ਸਿਰਜੇਗਾ ਨਵਾਂ ਇਤਿਹਾਸ

**ਨਿਊਯਾਰਕ/ਏਟੀ ਨਿਊਜ਼ :** ਮਾਨਵ ਸਿੰਘ ਸੋਢੀ ਅਮਰੀਕਾ ਦੀ ਫੌਜ ਵਿਚ ਸਿੱਖ ਫੌਜੀਆਂ ਲਈ ਨਵੀਂ ਲਹਿਰ ਦੀ ਅਗਵਾਈ ਕਰਨ ਜਾ ਰਹੇ ਹਨ, ਜਿਸ ਦੇ ਤਹਿਤ ਅਮਰੀਕੀ ਫੌਜ ਵਿਚ ਸਿੱਖ ਫੌਜੀਆਂ ਨੂੰ ਦਾੜ੍ਹੀ ਰੱਖਣ ਅਤੇ ਪੱਗ ਬੰਨਣ ਦੀ ਮਨਜ਼ੂਰੀ ਹੋਵੇਗੀ। ਸਿੱਖ ਅਮਰੀਕੀ ਵੈਟਰਨਜ਼ ਗਠਜੋੜ ਅਨੁਸਾਰ ਨਿਊਯਾਰਕ ਦੇ ਕਿੰਗਸ ਪਾਰਕ ਹਾਈ ਸਕੂਲ ਦੇ ਮਾਨਵ ਸੋਢੀ ਨੂੰ ਫੌਜ ਵੱਲੋਂ ਇਹ ਮੌਕਾ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਇਹ ਮੌਕਾ ਕਿਸੇ ਦਸਤਾਰਧਾਰੀ ਸਿੱਖ ਨੂੰ ਨਹੀਂ ਮਿਲਿਆ ਸੀ। ਸਿੱਖੀ ਤੇ ਫੌਜ ਸੇਵਾਵਾਂ ਨੂੰ ਉਤਸ਼ਾਹਿਤ ਕਰਨ ਵਾਲੀ ਗੈਰ ਲਾਭਕਾਰੀ ਸੰਸਥਾ ਦੇ ਪ੍ਰਧਾਨ ਲੈਫਟੀਨੇਟ ਕਰਨਲ ਕਮਲ ਸਿੰਘ ਕਲਸੀ ਨੇ ਦੱਸਿਆ ਕਿ ਮਾਨਵ ਸਿੰਘ ਸੋਢੀ ਤੋ ਇਲਾਵਾ ਹਾਈ ਸਕੂਲ ਦੇ 13 ਹੋਰ ਸਿੱਖ ਵਿਦਿਆਰਥੀਆਂ ਨੂੰ ਫੌਜ ਵਿਚ ਸੇਵਾ ਨਿਭਾਉਣ ਦਾ ਮੌਕਾ ਮਿਲਿਆ ਹੈ। ਕਮਲ ਸਿੰਘ ਕਲਸੀ ਦਾ ਕਹਿਣਾ ਹੈ ਕਿ ਅਜਿਹਾ ਮੌਕਾ ਸਭ ਤੋਂ ਪਹਿਲਾਂ ਉਹਨਾਂ ਨੂੰ 2009 ਵਿਚ ਮਿਲਿਆ ਸੀ ਅਤੇ ਉਹ ਫੌਜ ਵਿਚ ਸੇਵਾ ਨਿਭਾਉਣ ਵਾਲੇ ਪਹਿਲੇ ਸਰਦਾਰ ਅਤੇ ਦਾੜ੍ਹੀ ਵਾਲੇ ਸਿੱਖ ਸਨ। ਮਾਨਵ ਸਿੰਘ ਸੋਢੀ ਦਾ ਕਹਿਣਾ ਹੈ ਕਿ ਕਮਲ ਕਲਸੀ ਨੂੰ ਦੇਖ ਕੇ ਉਹਨਾਂ ਨੇ ਫੌਜ ਵਿਚ ਜਾਣ ਦਾ ਫੈਸਲਾ ਲਿਆ ਸੀ।



ਕਲਸੀ ਦਾ ਕਹਿਣਾ ਹੈ ਕਿ ਫੌਜ ਨੇ ਇਸ ਸਹੂਲਤ ਸਬੰਧੀ 2017 ਵਿਚ ਅਪਣੀ ਨੀਤੀ ਵਿਚ ਬਦਲਾਅ ਕੀਤਾ ਸੀ। ਕਲਸੀ ਦਾ ਕਹਿਣਾ ਹੈ ਕਿ ਮੌਜੂਦਾ ਸਮੇਂ ਵਿਚ ਸਿੱਖ ਦਾੜ੍ਹੀ ਰੱਖ ਕੇ ਸੇਵਾ ਨਿਭਾਅ ਸਕਦੇ ਹਨ। ਉਹਨਾਂ ਕਿਹਾ ਕਿ ਜਦੋਂ ਉਹ ਫੌਜ ਵਿਚ ਡਾਕਟਰ ਦੀ ਸੇਵਾ ਨਿਭਾਅ ਰਹੇ ਸਨ ਤਾਂ ਕਿਸੇ ਨੂੰ ਵੀ ਉਹਨਾਂ ਦੇ ਪਹਿਰਾਵੇ ਸਬੰਧੀ ਸ਼ਿਕਾਇਤ ਨਹੀਂ ਸੀ।


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.



Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com



Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



Capital services
CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਅਜੇ ਸਿੰਘ ਲਿਬੜਾ ਬਣੇ ਗੱਤਕਾ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ

**ਚੰਡੀਗੜ੍ਹ/ਏਟੀ ਨਿਊਜ਼ :** ਪੰਜਾਬ ਅੰਦਰ ਗੱਤਕਾ ਖੇਡ ਗਤੀਵਿਧੀਆਂ ਨੂੰ ਹੋਰ ਬਿਹਤਰ ਢੰਗ ਨਾਲ ਚਲਾਉਣ ਲਈ ਗੱਤਕਾ ਐਸੋਸੀਏਸ਼ਨ ਪੰਜਾਬ ਦੀ ਇੱਕ ਉਚੇਚੀ ਮੀਟਿੰਗ ਹੋਈ ਜਿਸ ਦੌਰਾਨ ਨੌਜਵਾਨ ਆਗੂ ਅਜੇ ਸਿੰਘ ਲਿਬੜਾ ਦੀ ਗੱਤਕਾ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਵਜੋਂ ਤਾਜਪੋਸ਼ੀ ਕੀਤੀ ਗਈ ਅਤੇ ਉਨ੍ਹਾਂ ਨੂੰ ਪੰਜਾਬ ਦੀ ਸਮੁੱਚੀ ਗੱਤਕਾ ਜਥੇਬੰਦੀ ਅਤੇ ਕਾਰਜਕਾਰਨੀ ਦਾ ਨਵੇਂ ਸਿਰੇ ਤੋਂ ਗਠਨ ਕਰਨ ਲਈ ਵੀ ਅਧਿਕਾਰਤ ਕੀਤਾ ਗਿਆ।



ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਦੀ ਅਗਵਾਈ ਹੇਠ ਹੋਈ ਇਸ ਚੋਣ ਮੀਟਿੰਗ ਦੌਰਾਨ ਇਸ ਸਾਲ ਗੱਤਕਾ ਟੂਰਨਾਮੈਂਟ ਕਰਵਾਉਣ ਅਤੇ ਰੈਫਰੀ ਕੈਂਪ ਲਾਉਣ ਸਬੰਧੀ ਵਿਚਾਰਾਂ ਵੀ ਹੋਈਆਂ। ਇਸ ਮੌਕੇ ਰੈਫਰੀਆਂ ਨੂੰ ਸੰਬੋਧਨ ਕਰਦਿਆਂ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਨੇ ਗੱਤਕਾ ਟੂਰਨਾਮੈਂਟਾਂ 'ਤੇ ਜੱਜਮੈਂਟ ਸਮੇਂ ਸਹੀ ਫੈਸਲੇ ਲੈਣ ਦੀ ਤਾਕੀਦ ਕੀਤੀ ਅਤੇ ਕਿਹਾ ਕਿ ਉਹ ਗੱਤਕਾ ਨਿਯਮਾਂਵਲੀ ਅਨੁਸਾਰ ਹੀ ਗੱਤਕਾ ਗਰਾਊਂਡ ਵਿੱਚ ਸਹੀ ਫ਼ੈਸਲੇ ਲੈਣ। ਇਸ ਤੋਂ ਪਹਿਲਾਂ ਧਰਮ ਅਧਿਐਨ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਮੁਖੀ ਡਾ. ਗੁਰਮੀਤ ਸਿੰਘ ਸਿੱਧੂ ਅਤੇ ਅਤੇ ਬਾਬਾ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ ਦੇ ਪ੍ਰੋਫੈਸਰ ਅਮਨਪ੍ਰੀਤ ਸਿੰਘ ਨੇ ਵੱਖ-ਵੱਖ ਵਿਸ਼ਿਆਂ ਉੱਤੇ ਗੱਤਕਾ ਰੈਫਰੀਆਂ ਨੂੰ ਗੁਰ ਇਤਿਹਾਸ ਅਤੇ ਸਿੱਖ ਯੁੱਧ ਕਲਾ ਸਬੰਧੀ ਜਾਣਕਾਰੀ ਭਰਪੂਰ ਵਿਸ਼ੇਸ਼ ਲੈਕਚਰ ਦਿੱਤੇ। ਉਨ੍ਹਾਂ ਗੱਤਕਾ ਖਿਡਾਰੀਆਂ ਨੂੰ ਗੁਰਸਿੱਖੀ ਰਹਿਣੀ-ਬਹਿਣੀ ਅਨੁਸਾਰ ਚੱਲਦਿਆਂ ਸਮਾਜ ਵਿੱਚ ਵਿਚਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਬਾਕੀ ਖੇਡਾਂ ਨਾਲੋਂ ਗੱਤਕੇ ਦਾ ਵੱਡਾ ਫਰਕ ਇਹ ਹੈ ਕਿ ਇਸ ਖੇਡ ਦੌਰਾਨ ਖਿਡਾਰੀਆਂ ਦਾ ਜੋਸ਼ੀਲਾਪਣ ਅਤੇ ਸਵੈ-ਰੱਖਿਆ ਸਮੇਤ ਸੱਚੀ-ਸੁੱਚੀ ਦਿੱਖ ਵੀ ਉਜਾਗਰ ਹੁੰਦੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਜਨਰਲ ਸਕੱਤਰ ਉਦੇ ਸਿੰਘ, ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ (ਇਸਮਾ) ਦੇ ਵਿੱਤ ਸਕੱਤਰ ਬਲਜੀਤ ਸਿੰਘ ਸੈਣੀ, ਇਸਮਾ ਦੇ ਸਾਈਬਰ ਸੈਲ ਇੰਚਾਰਜ ਵਰੁਣ ਭਾਰਦਵਾਜ, ਜ਼ਿਲ੍ਹਾ ਗੱਤਕਾ ਐਸੋਸੀਏਸ਼ਨ ਮੁਹਾਲੀ ਦੇ ਪ੍ਰਧਾਨ ਕੰਵਰ ਹਰਵੀਰ ਸਿੰਘ ਢੀਂਡਸਾ, ਗੱਤਕਾ ਐਸੋਸੀਏਸ਼ਨ ਪੰਜਾਬ ਦੇ ਮਾਝਾ ਜ਼ੋਨ ਦੇ ਕੋਆਰਡੀਨੇਟਰ ਗੁਰਪ੍ਰੀਤ ਸਿੰਘ ਰਾਜਾ, ਜੰਮੂ ਕਸ਼ਮੀਰ ਤੋਂ ਇੰਟਰਨੈਸਨਲ ਸਿੱਖ ਮਾਰਸਲ ਆਰਟ ਅਕੈਡਮੀ ਦੇ ਕੁਆਰਡੀਨੇਟਰ ਸਮਰਪਾਲ ਸਿੰਘ ਵੀ ਹਾਜ਼ਰ ਸਨ।

# ਸਿਆਟਲ 'ਚ ਬੱਚਿਆਂ ਦਾ ਖੇਡ ਕੈਂਪ 22 ਜੂਨ ਤੋਂ, ਫੁੱਲਕਾਰੀ ਤੀਆਂ ਦਾ ਮੇਲਾ 11 ਅਗਸਤ ਨੂੰ

**ਸਿਆਟਲ /ਗੁਰਚਰਨ ਸਿੰਘ ਢਿੱਲੋਂ :**

ਇਥੇ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਬੱਚਿਆਂ ਦਾ ਖੇਡ ਕੈਂਪ 22 ਜੂਨ ਤੋਂ ਹਰੇਕ ਸ਼ਨੀਚਰਵਾਰ ਅਤੇ ਐਤਵਾਰ ਸ਼ਾਮ 5 ਤੋਂ 7 ਵਜੇ ਤੱਕ ਵਿਲਸਨ ਪਲੇਅ ਫੀਲਡਜ਼ ਕੈਂਟ ਵਿਖੇ ਸ਼ੁਰੂ ਹੋ ਰਿਹਾ ਹੈ ਅਤੇ ਫੁੱਲਕਾਰੀ ਤੀਆਂ ਦਾ ਮੇਲਾ 11 ਅਗਸਤ ਸ਼ਾਮ 4 ਤੋਂ 8 ਵਜੇ ਤੱਕ ਵਿਲਸਨ ਪਲੇਅ ਫੀਲਡਜ਼ ਕੈਂਪ ਵਿਚ ਹੀ ਹੋ ਰਿਹਾ ਹੈ। ਮੇਲੇ ਦੀਆਂ ਮੁੱਖ ਪ੍ਰਬੰਧਕ ਗੁਰਦੀਪ ਕੌਰ ਝੱਲੀ ਤੇ ਰਾਜਪ੍ਰੀਤ ਕੌਰ ਮੱਲ੍ਹੀ ਨੇ ਦੱਸਿਆ ਕਿ ਲੋੜੀਂਦੇ ਇੰਤਜ਼ਾਮ ਹੋ ਚੁੱਕੇ ਹਨ ਅਤੇ 1000 ਤੋਂ 1500 ਤੱਕ ਬੱਚੀਆਂ, ਬੀਬੀਆਂ ਅਤੇ ਮਾਤਾਵਾਂ ਦੇ ਇਸ ਵਾਰ ਦੇ ਵਿਚ ਸ਼ਾਮਿਲ ਹੋਣ ਦੀ ਉਮੀਦ ਹੈ। 22 ਜੂਨ ਸ਼ਨਿਚਰਵਾਰ ਸ਼ਾਮ ਨੂੰ 5 ਵਜੇ ਅਰਦਾਸ ਕਰਕੇ ਕੈਂਪ ਦਾ ਸ਼ੁਭ ਆਰੰਭ ਹੋਵੇਗਾ, ਜਿੱਥੇ 150 ਤੋਂ 200 ਤਕ ਬੱਚੇ, ਨੌਜਵਾਨ ਭਾਗ ਲੈ ਰਹੇ ਹਨ ਜਿਨ੍ਹਾਂ ਨੂੰ ਸਰੀਰਕ ਫਿਟਨਸ ਤੇ ਵੱਖ ਵੱਖ ਖੇਡਾਂ ਦੀ ਕੋਚਿੰਗ ਮੁਹੱਈਆ ਕੀਤੀ ਜਾਵੇਗੀ। ਬੱਚਿਆਂ ਤੋਂ ਕੋਈ ਫੀਸ ਨਹੀਂ ਲਈ ਜਾਵੇਗੀ, ਸਗੋਂ ਬੱਚਿਆਂ ਨੂੰ ਮੁਫ਼ਤ ਰਿਫਰੈਸ਼ਮੈਂਟ ਤੇ ਸਪੋਰਟਸ



ਕਿੱਟਾਂ ਮੁਹੱਈਆ ਕਰਵਾਈਆਂ ਜਾਣਗੀਆਂ। ਬੱਚਿਆਂ ਨੂੰ ਅਨੁਸ਼ਾਸਨ ਵਿਚ ਰੱਖ ਕੇ ਪੰਜਾਬੀ ਵਿਰਸੇ ਅਤੇ ਸੱਭਿਆਚਾਰ ਨਾਲ ਜੋੜਨ ਦਾ ਉਪਰਲਾ ਕੀਤਾ ਜਾਂਦਾ ਹੈ ਅਤੇ ਬੱਚਿਆਂ ਨੂੰ ਵਿਹਲੇ ਸਮੇਂ ਦੀ ਸਹੀ ਵਰਤੋਂ ਕਰਦਿਆਂ ਤੰਦਰੁਸਤ ਮਨੋਰੰਜਨ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਕੋਚਿਜ਼, ਉਸਤਾਦ ਤੇ ਵਲੰਟੀਅਰਾਂ ਵਲੋਂ ਫ੍ਰੀ ਬਤੌਰ ਸੇਵਾ ਨਿਭਾਈ ਜਾਂਦੀ ਹੈ। ਬੱਚਿਆਂ ਨੂੰ ਕੈਂਪ ਵਿਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਜਾ ਰਿਹਾ ਹੈ।

# ਗੱਤਕਾ ਖੇਡ ਜਗਤ 'ਚ ਡਿਜ਼ੀਟਲ ਸਕੋਰ ਬੋਰਡ ਦੀ ਐਂਟਰੀ




**ਫਤਹਿਗੜ੍ਹ ਸਾਹਿਬ/ਏਟੀ ਨਿਊਜ਼ :** ਗੱਤਕਾ ਖੇਡ ਵਿੱਚ ਉਸ ਵੇਲੇ ਇੱਕ ਨਵਾਂ ਅਧਿਆਏ ਜੁੜ ਗਿਆ ਜਦੋਂ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ ਵੱਲੋਂ ਟੂਰਨਾਮੈਂਟਾਂ ਦੌਰਾਨ ਪਾਰਦਰਸ਼ਤਾ ਕਾਇਮ ਰੱਖਣ ਅਤੇ ਟੂਰਨਾਮੈਂਟਾਂ ਦੇ ਡਿਜ਼ੀਟਲਾਈਜੇਸ਼ਨ ਪ੍ਰਾਜੈਕਟ ਨੂੰ ਅੱਗੇ ਵਧਾਉਂਦੇ ਹੋਏ ਡਿਜ਼ੀਟਲ ਸਕੋਰ ਬੋਰਡ ਸਮੂਹ ਗੱਤਕਾ ਜਗਤ ਨੂੰ ਸਮਰਪਿਤ ਕੀਤਾ। ਇਸ ਵੱਕਾਰੀ ਡਿਜ਼ੀਟਲਾਈਜੇਸ਼ਨ ਪ੍ਰਾਜੈਕਟ ਦੀ ਘੁੰਡ ਚੁਕਾਈ ਅਤੇ ਸਕੋਰ ਬੋਰਡ ਨੂੰ ਸਮਰਪਣ ਕਰਨ ਦੀ ਰਸਮ ਸੰਤ ਬਾਬਾ ਕਪੂਰ ਸਿੰਘ ਜੀ ਸਨੇਰਾਂ ਵਾਲਿਆਂ ਨੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਅਤੇ ਗੱਤਕਾ ਐਸੋਸੀਏਸਨ ਪੰਜਾਬ ਦੇ ਪ੍ਰਧਾਨ ਅਜੈ ਸਿੰਘ ਲਿਬੜਾ ਦੀ ਹਾਜ਼ਰੀ ਵਿੱਚ ਨੇਪਰੇ ਚਾੜ੍ਹੀ।

ਗੱਤਕਾ ਐਸੋਸੀਏਸ਼ਨ ਵੱਲੋਂ ਇੱਥੇ ਰੈਫਰੀਆਂ ਲਈ ਆਯੋਜਿਤ ਤਿੰਨ ਰੋਜ਼ਾ ਰਿਫਰੈਸ਼ਰ ਕੋਰਸ ਦੇ ਸਮਾਪਤੀ ਸਮਾਰੋਹ ਮੌਕੇ ਮੁੱਖ ਮਹਿਮਾਨ ਸੰਤ ਬਾਬਾ ਕਪੂਰ ਸਿੰਘ ਜੀ ਸਨੇਰਾਂ ਵਾਲਿਆਂ ਨੇ ਗੱਤਕਾ ਰੈਫਰੀਆਂ ਨੂੰ ਗੁਰੂ ਆਸ਼ੇ ਅਨੁਸਾਰ ਅੱਗੇ ਵਧਣ, ਸਿੱਖੀ ਨੂੰ ਪ੍ਰਫੁੱਲਤ ਕਰਨ ਅਤੇ ਗੱਤਕੇ ਦੀ ਤਰੱਕੀ ਲਈ ਨਿਮਰਤਾ, ਸੂਝਬੂਝ ਅਤੇ ਸਹਿਣਸ਼ੀਲਤਾ ਵਰਗੇ ਗੁਣ ਅਪਣਾਉਣ ਲਈ ਪ੍ਰੇਰਿਤ ਕਰਦਿਆਂ ਨਿੱਤਨੇਮੀ ਬਣਨ ਲਈ ਵੀ ਕਿਹਾ। ਉਨ੍ਹਾਂ ਨੇ ਨਵਾਂ ਸਕੋਰ ਬੋਰਡ ਲਾਂਚ ਕਰਨ ਮੌਕੇ ਨੈਸ਼ਨਲ ਗੱਤਕਾ ਐਸੋਸੀਏਸ਼ਨ, ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ ਅਤੇ ਗੱਤਕਾ ਐਸੋਸੀਏਸ਼ਨ ਪੰਜਾਬ ਨੂੰ ਮੁਬਾਰਕਬਾਦ ਵੀ ਦਿੱਤੀ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ (ਐਸਜੀਪੀਸੀ.) ਦੇ ਸਕੱਤਰ ਧਰਮ ਪ੍ਰਚਾਰ ਸ. ਬਲਵਿੰਦਰ ਸਿੰਘ ਜੌੜਾਸਿੰਘਾ ਨੇ ਤਿੰਨ ਰੋਜ਼ਾ ਰਾਜ ਪੱਧਰੀ ਗੱਤਕਾ ਸਿਖਲਾਈ ਵਰਕਸ਼ਾਪ ਦੇ ਉਦਘਾਟਨ ਮੌਕੇ ਮੁੱਖ ਮਹਿਮਾਨ ਵਜੋਂ ਸੰਬੋਧਨ ਕਰਦਿਆਂ ਕਿਹਾ ਕਿ ਗੁਰੂ ਸਾਹਬਿਾਨ ਵੱਲੋਂ ਦਰਸਾਈ ਜੀਵਨ-ਜੁਗਤ ਦੇ ਮਾਰਗ 'ਤੇ ਚੱਲਦਿਆਂ ਸਮੂਹ ਸਿੱਖ ਨੌਜਵਾਨ ਨਾਮ-ਸਿਮਰਨ ਦੇ ਅਭਿਆਸੀ ਬਣਦੇ ਹੋਏ ਰਹਿਤ-ਮਰਿਯਾਦਾ ਅਤੇ ਸੱਚੇ-ਸੁੱਚੇ ਆਚਰਨ ਦੇ ਧਾਰਨੀ ਬਣਕੇ ਸਿੱਖੀ ਦੇ ਦੂਤ ਬਣਨ ਅਤੇ ਸੁਚੱਜਾ ਜੀਵਨ ਜਿਉਂਦੇ ਹੋਏ ਹੋਰਨਾਂ ਲਈ ਰਾਹ ਦਸੇਰਾ ਬਣਨ। ਅਜਿਹੀ ਗੁਰਸਿੱਖ ਬਿਰਤੀ ਤੇ ਉਸਾਰੂ ਸੋਚ ਵਾਲੇ ਨੌਜਵਾਨਾਂ ਸਦਕਾ ਹੀ ਕੌਮ ਚੜ੍ਹਦੀਆਂ ਕਲਾਂ ਵਿੱਚ ਜਾ ਸਕਦੀ ਹੈ ਅਤੇ ਅੱਜ ਦੇ ਸਮੇਂ ਦੀ ਇਹੀ ਵੱਡੀ ਲੋੜ ਹੈ। ਇਸ ਮੌਕੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਨੇ ਦੱਸਿਆ ਕਿ ਐਸੋਸੀਏਸ਼ਨ ਵੱਲੋਂ ਜਲਦ ਹੀ ਗੱਤਕਾ ਮੈਨੇਜਮੈਂਟ ਸਿਸਟਮ ਵੀ ਚਾਲੂ ਕਰ ਦਿੱਤਾ ਬਾਕੀ ਸਫ਼ਾ 28 'ਤੇ



## ਸਕੂਲ 'ਚ ਪੱਗ ਬੰਨ੍ਹ ਕੇ ਆਉਣ 'ਤੇ ਪਾਬੰਦੀ ਬਾਰੇ ਸਿੱਖ ਜਥੇਬੰਦੀਆਂ ਵਲੋਂ ਵਿਰੋਧ



**ਅੰਮ੍ਰਿਤਸਰ/ਏਟੀ ਨਿਊਜ਼ :** ਹੋਲੀ ਹਾਰਟ ਸਕੂਲ ਲੋਹਾਰਕਾ ਰੋਡ 'ਚ ਸਿੱਖ ਵਿਦਿਆਰਥੀਆਂ 'ਤੇ ਪੱਗ ਬੰਨ੍ਹ ਕੇ ਆਉਣ ਦੀ ਪਾਬੰਦੀ ਲਗਾਉਣ ਦਾ ਮਾਮਲਾ ਕਾਫ਼ੀ ਭਖ ਗਿਆ ਹੈ। ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਅਹੁਦੇਦਾਰ ਸਕੂਲ ਪਹੁੰਚੇ ਅਤੇ ਸਕੂਲ ਪ੍ਰਬੰਧਨ ਦੇ ਇਸ ਨਾਦਰਸ਼ਾਹੀ ਫਰਮਾਨ ਦਾ ਵਿਰੋਧ ਕੀਤਾ। ਸਕੂਲ ਮੈਨੇਜਮੈਂਟ ਵਲੋਂ ਸਿੱਖ ਵਿਦਿਆਰਥੀਆਂ ਨੂੰ ਸਿਰਫ਼ 5 ਮੀਟਰ ਦੀ ਪੱਗ ਬੰਨ੍ਹਣ ਦਾ ਹੁਕਮ ਦਿੱਤਾ ਗਿਆ। ਇਸ ਦੇ ਨਾਲ ਹੀ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਵੀ ਦਾੜ੍ਹੀ 'ਤੇ ਫਿਕਸੋ ਲਗਾ ਕੇ ਬੰਨ੍ਹਣ ਲਈ ਕਿਹਾ ਗਿਆ। ਤੀਸਰੇ ਫਰਮਾਨ 'ਚ ਵਿਦਿਆਰਥੀਆਂ ਨੂੰ ਕਿਹਾ ਗਿਆ ਕਿ ਸਕੂਲ ਦੀ ਮੁੱਖ ਭਾਸ਼ਾ ਅੰਗਰੇਜ਼ੀ ਹੈ, ਇਸ ਲਈ ਸਾਰੇ ਵਿਦਿਆਰਥੀ ਅੰਗਰੇਜ਼ੀ 'ਚ ਹੀ ਸਕੂਲ ਕੰਪਲੈਕਸ 'ਚ ਗੱਲਬਾਤ ਕਰਨਗੇ। ਵਿਦਿਆਰਥੀਆਂ ਨੇ ਦੱਸਿਆ ਕਿ ਜੇਕਰ ਕੋਈ ਹਿੰਦੀ ਵਿਚ ਗੱਲਬਾਤ ਕਰਦਾ ਹੈ ਤਾਂ ਉਸ ਖ਼ਿਲਾਫ਼ ਐਕਸ਼ਨ ਨਹੀਂ ਲਿਆ ਜਾਂਦਾ। ਜੇਕਰ ਵਿਦਿਆਰਥੀ ਪੰਜਾਬੀ 'ਚ ਗੱਲ ਕਰਦੇ ਹਨ ਤਾਂ ਉਨ੍ਹਾਂ ਦੇ ਨੰਬਰ ਕੱਟ ਦਿੱਤੇ ਜਾਂਦੇ ਹਨ। ਇਹ ਸਰਾਸਰ ਗ਼ਲਤ ਹੈ। ਇਸ ਮਾਮਲੇ 'ਚ ਪਰਮਜੀਤ ਸਿੰਘ ਅਕਾਲੀ ਜਥਾ ਖਾਲਸਾ ਸੁਲਤਾਨਪੁਰ ਲੋਧੀ ਸਮੇਤ ਸਤਿਕਾਰ ਕਮੇਟੀ ਦੇ ਭਾਈ ਸੁਰਜੀਤ ਸਿੰਘ ਨੇ ਜਥੇਬੰਦੀ ਦੇ ਅਹੁਦੇਦਾਰਾਂ ਨੂੰ ਨਾਲ ਲੈ ਕੇ ਸਕੂਲ ਪ੍ਰਿੰਸੀਪਲ ਨਾਲ ਗੱਲਬਾਤ ਕੀਤੀ ਹੈ।

## ਸ਼ਿਕਾਗੋ ਦੇ ਭਾਰਤੀ ਕੌਂਸਲਖਾਨੇ ਅੱਗੇ ਸਿੱਖਾਂ ਵਲੋਂ ਰੋਸ ਮੁਜ਼ਾਹਰਾ




**ਸ਼ਿਕਾਗੋ/ਮੱਖਣ ਸਿੰਘ ਕਲੇਰ :** ਹਰ ਸਾਲ ਦੀ ਤਰ੍ਹਾਂ ਇੱਥੋਂ ਦੇ ਡਾਊਨ ਟਾਊਨ ਸਥਿਤ ਭਾਰਤੀ ਕੌਂਸਲਖਾਨੇ ਅੱਗੇ ਸੰਨ 1984 ਵਿੱਚ ਭਾਰਤ ਸਰਕਾਰ ਵਲੋਂ ਵਰਤਾਏ ਤੀਜੇ ਘੱਲੂਘਾਰੇ ਅਤੇ ਕੀਤੀ ਗਈ ਸਿੱਖ ਨਸਲਕੁਸ਼ੀ ਦੇ ਰੋਸ ਵਜੋਂ ਅਤੇ ਜੇਲ੍ਹਾਂ ਵਿਚ ਝੂਠੇ ਕੇਸਾਂ ਰਾਹੀਂ ਬੰਦ ਕੀਤੇ ਜੁਝਾਰੂ ਸਿੰਘਾਂ ਦੀ ਰਿਹਾਈ ਤੇ ਇਨਸਾਫ ਲੈਣ ਵਾਸਤੇ ਭਾਰੀ ਰੋਸ ਮੁਜ਼ਾਹਰਾ ਕੀਤਾ ਗਿਆ। ਮੁਜ਼ਾਹਰੇ ਵਿੱਚ ਸ਼ਿਕਾਗੋ ਤੋਂ ਇਲਾਵਾ ਇੰਡੀਆਨਾ ਤੇ ਮਿਸ਼ੀਗਨ ਦੀਆਂ ਸੰਗਤਾਂ ਤੇ ਪੰਥਕ ਜਥੇਬੰਦੀਆਂ ਨੇ ਵੀ ਸ਼ਮੂਲੀਅਤ ਕੀਤੀ। ਮੁਜ਼ਾਹਰਾਕਾਰੀਆਂ ਨੇ ਭਾਰਤ ਸਰਕਾਰ, ਪੰਜਾਬ ਸਰਕਾਰ ਤੇ (ਅਖੌਤੀ ਅੰਪਥਕ ਕਾਲੀ ਦਲ) ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ। ਭਾਰਤ ਸਰਕਾਰ ਵਿਰੁੱਧ ਰੋਸ ਪ੍ਰਗਟਾਇਆ ਜਾ ਰਿਹਾ ਸੀ ਤੇ ਖਾਲਿਸਤਾਨ ਜਿੰਦਾਬਾਦ ਤੇ ਸੰਤ ਬਾਬਾ ਜਰਨੈਲ ਸਿੰਘ ਤੇ ਸਾਥੀ ਸ਼ਹੀਦ ਸਿੰਘਾਂ ਪ੍ਰਤੀ ਵੀ ਜਿੰਦਾਬਾਦ ਦੇ ਨਾਅਰੇ ਲਾਏ ਜਾ ਰਹੇ ਸਨ। ਬੱਚਿਆਂ ਵਲੋਂ ਮੁਜ਼ਾਹਰੇ ਵਾਲੀ ਥਾਂ ਕੋਲੋਂ ਲੰਘ ਰਹੇ ਲੋਕਾਂ ਨੂੰ ਲਿਟਰੇਚਰ ਵੰਡਿਆ ਗਿਆ ਜਿਸ ਵਿੱਚ ਭਾਰਤ ਸਰਕਾਰ ਵਲੋਂ ਸਿੱਖਾਂ ਤੇ ਹੋਰ ਘੱਟ ਗਿਣਤੀਆਂ 'ਤੇ ਕੀਤੇ ਜਾਂਦੇ ਅੱਤਿਆਚਾਰਾਂ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਤੇ ਜਾਣਕਾਰੀਆਂ ਛਾਪੀਆਂ ਹੋਈਆਂ ਸਨ।

ਦੂਜੇ ਭਾਈਚਾਰੇ ਦੇ ਲੋਕ ਬਹੁਤ ਹੀ ਉਤਸੁਕਤਾ ਨਾਲ ਬੱਚਿਆਂ ਤੋਂ ਲਿਟਰੇਚਰ ਲੈ ਰਹੇ ਸਨ ਤੇ ਉਨ੍ਹਾਂ ਤੋਂ ਸਵਾਲ ਜਵਾਬ ਕਰਕੇ ਹੋਰ ਜਾਣਕਾਰੀ ਹਾਸਿਲ ਕਰ ਰਹੇ ਸਨ। ਇਹ ਅਖੌਤੀ ਲੋਕਤੰਤਰ ਦਾ ਮੁਖੌਟਾ ਪਹਿਨੀ ਭਾਰਤ ਸਰਕਾਰ ਨੂੰ ਕੋਸ ਰਹੇ ਸਨ। ਪ੍ਰਬੰਧਕਾਂ ਵਲੋਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ, ਵਿਸ਼ੇਸ਼ ਤੌਰ 'ਤੇ ਇੰਡੀਐਪੋਲਿਸ ਦੀਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ ਜੋ ਕਿ ਹਰ ਸਾਲ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਦੀਆਂ ਹਨ।

## ਸਿੱਖ ਵਿਗਿਆਨੀ ਹਰਮੀਤ ਸਿੰਘ ਮਲਿਕ ਦੀ ਨੈਸ਼ਨਲ ਅਕੈਡਮੀ ਆਫ ਸਾਇੰਸ ਲਈ ਚੋਣ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਅਮਰੀਕਾ ਦੇ ਫਰੈਡ ਹਚਿਨਸਨ ਕੈਂਸਰ ਰਿਸਰਚ ਸੈਂਟਰ ਵਿਚ ਕੰਮ ਕਰਦੇ ਸਿੱਖ ਵਿਗਿਆਨੀ (ਬਾਇਆਲੋਜਿਸਟ) ਹਰਮੀਤ ਸਿੰਘ ਮਲਿਕ ਦੀ ਨੈਸ਼ਨਲ ਅਕੈਡਮੀ ਆਫ ਸਾਇੰਸ ਲਈ ਚੋਣ ਕੀਤੀ ਗਈ ਹੈ। ਨੈਸ਼ਨਲ ਅਕੈਡਮੀ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਇਹ ਚੋਣ ਅਸਲ ਖੋਜ ਵਿਚ ਵਿਸ਼ੇਸ਼ ਤੇ ਨਿਰੰਤਰ ਪ੍ਰਾਪਤੀਆਂ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਮਲਿਕ ਜੋ ਬੇਸਿਕ ਸਾਇੰਸਜ਼ ਡਵੀਜ਼ਨ ਦੇ ਮੈਂਬਰ ਹਨ ਤੇ ਹਾਵਰਡ ਹਗਜ਼ ਮੈਡੀਕਲ



ਇੰਸਟੀਚਿਊਟ ਇਨਵੈਸਟੀਗੇਟਰ ਹਨ, ਨੇ ਜੈਨੇਟਿਕ ਵਿਰੋਧ ਤੇ ਜੀਨਜ਼ ਦੌੜ ਬਾਰੇ ਅਧਿਅਨ ਕੀਤਾ ਜਿਸ ਤੋਂ ਪਤਾ ਲੱਗਦਾ ਹੈ ਕਿ ਜੀਨਜ਼ ਕਿਵੇਂ ਵਿਕਾਸ ਕਰਦਾ ਹੈ। ਬੇਸਿਕ ਸਾਇੰਸਜ਼ ਡਵੀਜ਼ਨ ਡਾਇਰੈਕਟਰ ਡਾ. ਸੂ ਬਿਗਿਨਸ ਨੇ ਸੈਂਟਰ ਨੂੰ ਭੇਜੀ ਈ-ਮੇਲ ਵਿਚ ਕਿਹਾ ਹੈ ਕਿ ਅਸੀਂ ਬਹੁਤ ਖੁਸ਼ਕਿਸਮਤ ਹਾਂ ਕਿ ਸਾਨੂੰ ਡਵੀਜ਼ਨ ਵਿਚ ਹਰਮੀਤ ਸਿੰਘ ਮਲਿਕ ਦੀਆਂ ਸੇਵਾਵਾਂ ਮਿਲੀਆਂ ਹਨ। ਹਰਮੀਤ ਸਿੰਘ ਮਲਿਕ ਇਕ ਮਹਾਨ ਵਿਗਿਆਨੀ ਹੈ।

## ਸਰਦਾਰ ਜੀ ਗਰਮੀ 'ਚ ਲੋਕਾਂ ਦੀ ਬੁਝਾ ਰਹੇ ਪਿਆਸ

**ਨਵੀਂ ਦਿੱਲੀ/ਏਟੀ ਨਿਊਜ਼ :** ਬੇਸ਼ੱਕ ਦਿੱਲੀ ਨੂੰ ਦਿਲ ਵਾਲਿਆਂ ਦਾ ਸ਼ਹਿਰ ਕਿਹਾ ਜਾਂਦਾ ਹੈ, ਪਰ ਸ਼ਹਿਰ ਵਾਸੀਆਂ ਬਾਰੇ ਇੱਕ ਗੱਲ ਹੋਰ ਵੀ ਮਸ਼ਹੂਰ ਹੈ ਕਿ ਇਹ ਲੋੜ ਪਈ ਤੋਂ ਬਗ਼ੈਰ ਤਾਂ ਪਾਣੀ ਤਕ ਨਹੀਂ ਪੁੱਛਦੇ। ਪਰ ਇਹ ਸਰਦਾਰ ਜੀ ਇਸ ਧਾਰਨਾ ਨੂੰ ਆਪਣੇ ਨੇਕ ਕੰਮ ਨਾਲ ਝੂਠਾ ਪਾ ਰਹੇ ਹਨ। ਇਸੇ ਨੇਕੀ ਸਦਕਾ ਇਹ ਇੰਟਰਨੈੱਟ 'ਤੇ ਖ਼ੂਬ ਸਲਾਹੇ ਵੀ ਜਾ ਰਹੇ ਹਨ। ਉਹ ਬੱਸ ਵਿੱਚ ਬੈਠੀਆਂ ਸਵਾਰੀਆਂ ਦੇ ਨਾਲ-ਨਾਲ ਕਈ ਰਾਹਗੀਰਾਂ ਦੀਆਂ ਵੀ ਪਾਣੀ ਵਾਲੀਆਂ ਬੋਤਲਾਂ ਭਰ ਕੇ ਦੇ ਰਹੇ ਹਨ। ਦੋ ਬਾਲਟੀਆਂ, ਦੋ-ਤਿੰਨ ਗਲਾਸ, ਇੱਕ ਸਕੂਟਰ ਦੀ ਮਦਦ ਨਾਲ ਇਸ ਬਜ਼ੁਰਗ ਸਿੱਖ ਨੇ ਮਨੁੱਖਤਾ ਦੀ ਸੇਵਾ ਦੀ ਮਿਸਾਲ ਕਾਇਮ ਤਾਂ ਕੀਤੀ ਹੀ ਹੈ, ਉੱਥੇ ਇਹ ਵੀ ਸਿੱਖਿਆ ਦੇ ਰਹੇ ਹਨ ਕਿ ਕੁਝ ਚੰਗਾ ਕਰਨ ਲਈ ਹੋਰਾਂ ਦੇ ਸਾਥ ਦੀ ਲੋੜ ਨਹੀਂ, ਸਗੋਂ ਆਪਣਾ ਦ੍ਰਿੜ ਇਰਾਦਾ ਚਾਹੀਦਾ ਹੈ।

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates


Kuldeep Singh Kang

Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services



CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਨਿਊਜ਼ੀਲੈਂਡ ਨੇ 20 ਤੋਂ ਵੱਧ ਬਾਲ ਵਿਆਹ ਵਾਸਤੇ ਦਿੱਤੇ ਵੀਜ਼ੇ

### *ਮਿਡਲ ਈਸਟ ਮੁਲਕਾਂ 'ਚ ਹੈ ਬਾਲ ਵਿਆਹ ਦਾ ਰਿਵਾਜ਼*

**ਔਕਲੈਂਡ/ਏਟੀ ਨਿਊਜ਼ :**
ਇਮੀਗ੍ਰੇਸ਼ਨ ਨਿਊਜ਼ੀਲੈਂਡ ਭਾਵੇਂ ਵੀਜ਼ਾ ਦੇਣ ਵਾਲੇ ਵੱਡਿਆਂ ਵੱਡਿਆਂ ਦੇ ਗੋਡੇ ਲਵਾ ਦੇਵੇ ਪਰ ਬੱਚਿਆਂ ਦੇ ਵਿਆਹ ਜਾਂ ਕਹਿ ਲਈਏ ਜਾਂ ਬਾਲ ਵਿਆਹ ਵਾਸਤੇ ਆਪਣਾ ਦਿਲ ਜ਼ਰੂਰ ਨਰਮ ਕਰਦੀ ਹੈ। ਅੰਕੜੇ ਦੱਸਦੇ ਹਨ ਕਿ ਇਮੀਗ੍ਰੇਸ਼ਨ ਨੇ ਹੁਣ ਤੱਕ 20 ਤੋਂ ਵੱਧ ਅਜਿਹੇ ਵੀਜ਼ੇ ਦਿਤੇ ਹਨ ਜਿਨ੍ਹਾਂ ਦੀ ਉਮਰ ਨਬਾਲਗ ਵਰਗ ਦੇ ਵਿਚ ਆਉਂਦੀ ਸੀ ਅਤੇ ਇਹ ਨੌਜਵਾਨ ਬੱਚੇ-ਬੱਚੀਆਂ ਨਿਊਜ਼ੀਲੈਂਡ ਰਹਿੰਦੇ ਆਪਣੇ ਮੰਗੇਤਰ ਦੇ ਨਾਲ ਮੰਗਣੀ ਜਾਂ ਸ਼ਾਂਦੀ ਕਰਵਾਉਣ ਲਈ ਆਉਣਾ ਚਾਹੁੰਦੇ ਸਨ। ਜਿਆਦਾਤਰ ਵਿਆਂਦੜ ਕੁੜੀਆਂ ਦੀ ਉਮਰ 16-17 ਸਾਲ ਸੀ ਅਤੇ ਇਹ ਕੁੜੀਆਂ ਮਿਡਲ ਈਸਟ (ਚਾਈਨੀਜ਼, ਫਿਲਪੀਨਜ਼, ਇੰਡੀਅਨ, ਇੰਡੋਨੇਸ਼ੀਅਨਜ਼, ਪਾਕਿਸਤਾਨੀ, ਪਾਸ਼ਤੂਨ, ਰੋਮਾਨੀ) ਅਤੇ ਏਸ਼ੀਅਨ ਮੁਲਕਾਂ ਨਾਲ ਸਬੰਧ ਰੱਖਦੀਆਂ ਸਨ। ਪਿਛਲੇ ਸਾਲ 17 ਸਾਲਾ ਇਜੀਪਥ ਕੁੜੀ ਨੂੰ 28 ਸਾਲਾ ਕੀਵੀ ਪਤੀ ਨਾਲ ਰਹਿਣ ਲਈ ਵੀਜ਼ਾ ਦਿੱਤਾ ਗਿਆ। ਸੰਨ 2013 ਵਿਚ ਇਕ 17 ਸਾਲਾ ਪਾਕਿਸਤਾਨੀ ਕੁੜੀ ਨੂੰ ਉਸ ਦੇ 28 ਸਾਲਾ ਮੰਗੇਤਰ ਨਾਲ ਰਹਿਣ ਲਈ ਪਾਰਟਨਰਸ਼ਿਪ ਵੀਜ਼ਾ ਦਿੱਤਾ ਗਿਆ। ਪਿਛਲੇ ਇਕ ਦਹਾਕੇ ਵਿਚ ਲਗਪਗ 70 ਅਰਜ਼ੀਆਂ ਨੂੰ ਪ੍ਰਵਾਨਗੀ ਦਿੱਤੀ ਗਈ ਜਿਨ੍ਹਾਂ ਦਾ ਮਨੋਰਥ ਨਿਊਜ਼ੀਲੈਂਡ ਆ ਕੇ ਵਿਆਹ ਜਾਂ ਮੰਗਣੀ ਕਰਨਾ ਸੀ। ਇਨ੍ਹਾਂ ਦੀ ਉਮਰ 16-17 ਸਾਲ ਦੇ ਵਿਚਕਾਰ ਸੀ। ਇਮੀਗ੍ਰੇਸ਼ਨ ਨੇ ਕਿਹਾ ਹੈ ਕਿ ਇਨ੍ਹਾਂ ਕੇਸਾਂ ਦੇ ਵਿਚ ਬੱਚਿਆਂ ਦੇ ਮਾਪਿਆਂ ਨੇ ਅਰਜ਼ੀਆਂ ਲਗਾਉਣ ਵਿਚ ਆਪਣਾ ਸਹਿਯੋਗ ਦਿੱਤਾ ਹੈ। ਸ਼ਕਤੀ ਸੰਸਥਾ ਅਨੁਸਾਰ ਸੰਨ 2010 ਤੋਂ ਹੁਣ ਤਕ 35 ਅਜਿਹੇ ਨੌਜਵਾਨ ਸਾਹਮਣੇ ਆਏ ਹਨ ਜਿਨ੍ਹਾਂ ਦੀ ਜਬਰਦਸਤੀ ਸ਼ਾਦੀ ਜਾਂ ਮੰਗਣੀ ਕੀਤੀ ਗਈ ਅਤੇ ਇਨ੍ਹਾਂ ਦੀ ਔਸਤਨ ਉਮਰ 16 ਸਾਲ ਵੇਖੀ ਗਈ। ਹਿਊਮਨ ਰਾਈਟਸ ਦਾ ਕਹਿਣਾ ਹੈ ਕਿ ਮੈਰਿਜ ਐਕਟ ਵਿਚ ਸੁਵਿਧਾ ਹੈ ਕਿ ਸਭਿਆਚਾਰ ਨੂੰ ਧਿਆਨ ਵਿਚ ਰੱਖਦਿਆਂ ਅਜਿਹਾ ਅਰੇਂਜ਼ਡ ਮੈਰਿਜ ਵੀਜ਼ਾ ਦੇਣਾ ਪੈ ਸਕਦਾ ਹੈ। ਜੇਕਰ ਕਿਸੇ ਦਾ ਬਾਲ-ਵਿਆਹ ਸਭਿਆਚਾਰਕ ਰਸਮਾਂ ਦੇ ਰੂਪ ਵਿਚ ਕਿਸੇ ਹੋਰ ਦੇਸ਼ ਵਿਚ ਹੋ ਜਾਂਦਾ ਹੈ ਅਤੇ ਉਹ ਕਾਨੂੰਨੀ ਮਾਨਤਾ ਰੱਖਦਾ ਹੈ ਤਾਂ ਨਿਊਜ਼ੀਲੈਂਡ ਇਮੀਗ੍ਰੇਸ਼ਨ 18 ਸਾਲ ਤੋਂ ਘੱਟ ਵਾਲੀ ਸ਼ਰਤ ਉਤੇ ਜਿਆਦਾ ਸਖਤ ਨਹੀਂ ਹੋ ਸਕਦੀ। ਨਿਊਜ਼ੀਲੈਂਡ ਦੇ ਵਿਚ ਅਜਿਹਾ ਕਰਨ ਲਈ ਫੈਮਿਲੀ ਕੋਰਟ ਦੇ ਜੱਜ ਨੂੰ ਭਰੋਸੇ ਵਿਚ ਲੈਣਾ ਹੁੰਦਾ ਹੈ।

# ਤੇਜਾ ਸਿੰਘ ਸਮੁੰਦਰੀ ਦੀ ਪੋਤੀ ਬੇਅੰਤ ਕੌਰ ਤੇ ਕਰਨਲ ਹਰਦਿਆਲ ਸਿੰਘ ਵਿਰਕ ਦੇ ਵਿਆਹ ਦੀ 50ਵੀਂ ਵਰ੍ਹੇਗੰਢ ਮਨਾਈ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :**
ਸਿੱਖ ਕੌਮ ਦੀ ਸਿਰਮੌਰ ਹਸਤੀ ਰਹੇ ਤੇਜਾ ਸਿੰਘ ਸਮੁੰਦਰੀ ਦੀ ਪੋਤੀ ਸ੍ਰੀਮਤੀ ਬੇਅੰਤ ਕੌਰ ਤੇ ਕਰਨਲ ਹਰਦਿਆਲ ਸਿੰਘ ਵਿਰਕ ਦੀ 'ਗੋਲਡਨ ਮੈਰਿਜ ਐਨੀਵਰਸਰੀ' ਪੰਜਾਬੀ ਭਾਈਚਾਰੇ ਦੇ ਭਰਵੇਂ ਇਕੱਠ ਵਿਚ ਮਨਾਈ ਗਈ। ਇਸ ਮੌਕੇ ਤੇਜਾ ਸਿੰਘ ਸਮੁੰਦਰੀ ਦੇ ਪੋਤਿਆਂ ਜਸਜੀਤ ਸਿੰਘ ਸਮੁੰਦਰੀ ਅਤੇ ਜਸਬੀਰ ਸਿੰਘ ਸੰਧੂ ਸਮੁੰਦਰੀ ਦਾ ਡਾ. ਬੌਬੀ ਵਿਰਕ, ਡਾ. ਨਵਦੀਪ ਸਿੰਘ ਵਿਰਕ, ਦਲਜੀਤ ਸਿੰਘ ਵਿਰਕ ਅਤੇ ਕੈਲੀਫੋਰਨੀਆ ਤੋਂ ਜਿਉ ਜੌਹਲ ਨੇ ਫੁੱਲਾਂ ਦੇ ਗੁਲਦਸਤੇ ਦੇ ਕੇ ਸਵਾਗਤ ਕੀਤਾ। ਪੰਜਾਬੀ ਭਾਈਚਾਰੇ ਦੀਆਂ ਮਾਣਮੱਤੀਆ ਸ਼ਖਸੀਅਤਾਂ ਨੇ ਉਚੇਚੇ ਤੌਰ 'ਤੇ ਪਹੁੰਚ ਕੇ ਸਮਾਰੋਹ ਦੀ ਸ਼ੋਭਾ ਵਧਾਈ ਤੇ ਕਰਨਲ ਹਰਦਿਆਲ ਸਿੰਘ ਵਿਰਕ ਨੂੰ ਵਧਾਈਆਂ ਤੇ ਸ਼ੁਭਕਾਮਨਾਵਾਂ ਦਿੱਤੀਆਂ।



ਇਸ ਸਮਾਗਮ ਵਿਚ ਡਾ. ਬੌਬੀ ਵਿਰਕ ਅਤੇ ਡਾ. ਨਵਦੀਪ ਸਿੰਘ ਮਨੀ ਵਿਰਕ ਦੇ ਸਪੁੱਤਰਾਂ ਈਸ਼ਾਨ, ਨੀਲ, ਕਰਨ ਅਤੇ ਅਰਸ਼ ਵਿਰਕ ਨੇ ਆਪਣੇ ਦਾਦਾ ਤੇ ਦਾਦੀ ਨੂੰ 50ਵੀਂ ਵਰ੍ਹੇਗੰਢ ਦੀਆਂ ਵਧਾਈਆਂ ਦਿੱਤੀਆਂ ਅਤੇ ਅੰਦਰੂਨੀ ਅਰਮਾਨ ਸਾਂਝੇ ਕੀਤੇ।
ਇਸ ਮੌਕੇ ਸਰਬੱਤ ਦਾ ਭਲਾ ਟਰੱਸਟ ਸਿਆਟਲ ਦੇ ਪ੍ਰਧਾਨ ਪਿੰਟੂ ਬਾਠ, ਮਨਮੋਹਨ ਸਿੰਘ ਧਾਲੀਵਾਲ, ਹਰਦੀਪ ਸਿੰਘ ਗਿੱਲ, ਰਾਜਬੀਰ ਸਿੰਘ ਸੰਧੂ ਨੇ ਪੰਜਾਬੀ ਭਾਈਚਾਰੇ ਵਲੋਂ ਕਰਨਲ ਹਰਦਿਆਲ ਸਿੰਘ ਵਿਰਕ ਤੇ ਸ੍ਰੀਮਤੀ ਵਿਰਕ ਨੂੰ 50ਵੀਂ ਵਰ੍ਹੇਗੰਢ ਦੀਆਂ ਵਧਾਈਆਂ ਦਿੱਤੀਆਂ ਤੇ ਤੰਦਰੁਸਤੀ ਲਈ ਸ਼ੁਭਕਾਮਨਾਵਾਂ ਕੀਤੀਆਂ। ਕੈਲੀਫੋਰਨੀਆ ਤੋਂ ਗੁਰਬਚਨ ਸਿੰਘ ਵਿਰਕ ਤੇ ਬੈਲਗਹਿੰਮ ਤੋਂ ਸਤਪਾਲ ਸਿੰਘ ਸਿੱਧੂ ਨੇ ਵੀ ਵਧਾਈਆਂ ਦਿੱਤੀਆਂ।

# ਸੈਕਰਾਮੈਂਟੋ 'ਚ ਤਰਸੇਮ ਜੱਸੜ, ਜਸ ਬਾਜਵਾ ਤੇ ਹਰਮਨ ਚਾਹਲ ਦਾ ਰੰਗਾਰੰਗ ਪ੍ਰੋਗਰਾਮ 15 ਜੂਨ ਨੂੰ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਪੰਜਾਬੀ ਗੀਤ ਸੰਗੀਤ ਤੇ ਅਦਾਕਾਰੀ ਵਿਚ ਧੂਮ ਮਚਾਉਣ ਵਾਲੇ ਗਾਇਕ ਤਰਸੇਮ ਜੱਸੜ ਅਤੇ ਗਾਇਕ ਜਸ ਬਾਜਵਾ-ਹਰਮਨ ਚਾਹਲ ਦੀ ਤਿੱਕੜੀ ਵੱਲੋਂ 15 ਜੂਨ, ਸ਼ਨਿਚਰਵਾਰ ਨੂੰ ਲੂਥਰ ਬਰਬੈਂਕ ਹਾਈ ਸਕੂਲ ਸੈਕਰਾਮੈਂਟੋ ਵਿਖੇ ਸ਼ਾਮੀਂ 06:00 ਵਜੇ ਤੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਇਸ ਬਾਰੇ ਜਾਣਕਾਰੀ ਦਿੰਦਿਆਂ ਕਮਲ ਔਲਖ ਸਟਾਕਟਨ ਨੇ ਦੱਸਿਆ ਕਿ ਪ੍ਰੋਗਰਾਮ ਦੀਆਂ ਔਨਲਾਇਨ ਟਿਕਟਾਂ ਲੈਣ ਲਈ ਸੁਲੇਖਾ ਡੌਟ ਕਾਮ ਉਤੇ ਜਾਇਆ ਜਾ ਸਕਦਾ ਹੈ। ਮੌਕੇ ਉਤੇ ਨਗਦ ਵਾਸਤੇ ਟਿਕਟ-ਖਿੜਕੀ ਉਤੇ ਵੀ ਇਹ ਉਪਲਬਧ ਹੋਣਗੀਆਂ। ਇਹ ਪ੍ਰੋਗਰਾਮ ਹਰਪਿੰਦਰ ਸਹੋਤਾ, ਮਨਿੰਦਰ ਪਵਾਰ, ਹਰਿੰਦਰ ਸਹੋਤਾ ਅਤੇ ਜਤਿੰਦਰ ਗਿੱਲ ਦੀ ਅਗਵਾਈ ਹੇਠ 'ਦੇਸੀ ਸਵੈਗ ਐਂਟਰਟੇਨਮੈਂਟ' ਦੀ ਪੇਸ਼ਕਸ਼ ਹੈ। ਮੁੱਖ ਮਹਿਮਾਨ ਵੱਜੋਂ ਬਵਲਜੀਤ ਸਿੰਘ ਸੰਨੀ ਆ ਰਹੇ ਹਨ ਤੇ ਪ੍ਰੋਗਰਾਮ ਦੇ ਗਰੈਂਡ ਸਪੌਂਸਰ ਬੂਟਾ ਕਾਜਲਾ ਹਨ।



HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)



○ ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
○ ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਸ਼੍ਰੋਮਣੀ ਕਮੇਟੀ ਦਾ ਸਿੱਖ ਇਤਿਹਾਸ ਬਾਰੇ ਐਨੀਮੇਟਿਡ ਫ਼ਿਲਮਾਂ ਨੂੰ ਥਾਪੜਾ ਗੁਰੂ ਪੰਥ ਵਿਰੁਧ ਸਾਜ਼ਿਸ਼ : ਖਾਲਸਾ

*• 'ਦਾਸਤਾਨ-ਏ-ਮੀਰੀ ਪੀਰੀ' ਨੂੰ ਰਿਲੀਜ਼ ਕਰਨਾ ਚਾਹੁੰਦੀ ਹੈ ਸ਼੍ਰੋਮਣੀ ਕਮੇਟੀ • ਕਾਰਪੋਰੇਟ ਦੇ ਦਬਾਅ ਅਧੀਨ ਕੀਤੇ ਜਾ ਰਹੇ ਨੇ ਕਾਰਜ*

**ਜਲੰਧਰ/ਏਟੀ ਨਿਊਜ਼ :** ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਪ੍ਰਧਾਨ ਪਰਮਿੰਦਰਪਾਲ ਸਿੰਘ ਖਾਲਸਾ ਨੇ ਐਨੀਮੇਟਿਡ ਫਿਲਮ 'ਦਾਸਤਾਨ-ਏ-ਮੀਰੀ ਪੀਰੀ' ਦੀ ਵਿਰੋਧਤਾ ਕਰਦਿਆਂ ਕਿਹਾ ਕਿ ਗੁਰੂ ਸਾਹਿਬ 'ਤੇ ਕੋਈ ਫ਼ਿਲਮ ਨਾ ਬਣ ਸਕਦੀ ਹੈ ਤੇ ਨਾ ਪ੍ਰਵਾਨ ਕੀਤੀ ਜਾ ਸਕਦੀ ਹੈ। ਇਸ ਤੋਂ ਬਾਅਦ ਹੁਣ ਮਾਤਾ ਸਾਹਿਬ ਕੌਰ ਤੇ ਫਿਲਮ ਬਣਾਈ ਜਾ ਰਹੀ ਹੈ। ਇਹਨਾਂ ਫ਼ਿਲਮਾਂ ਕਮਾਈ ਦਾ ਵੱਡਾ ਹਿੱਸਾ ਵੱਡੇ ਘਰ, ਵੱਡੇ ਕਾਰਪੋਰੇਟ ਕੋਲ ਪਹੁੰਚ ਰਿਹਾ ਹੈ, ਜਿਸ ਨੇ ਬਾਣਾ ਜ਼ਰੂਰ ਗੁਰੂ ਪੰਥ ਦਾ ਪਾਇਆ, ਪਰ ਕਰਮ ਸਿੱਖ ਸਿਧਾਂਤ ਵਿਰੋਧੀ ਹਨ। ਸਿੱਖੀ ਪ੍ਰਚਾਰ ਦੇ ਛਲਾਵੇ ਹੇਠ ਬਣ ਰਹੀਆਂ ਇਹਨਾਂ ਫਿਲਮਾਂ ਦਾ ਮਨੋਰਥ ਸਿਰਫ ਬਿਜਨਿਸ ਕਰਨਾ ਨਹੀਂ, ਸਗੋਂ ਸਿਖ ਧਰਮ 'ਤੇ ਹਮਲੇ ਕਰਨਾ ਤੇ ਸਿਖਾਂ ਨੂੰ ਸ਼ਬਦ ਗੁਰੂ ਨਾਲੋਂ ਤੋੜਨਾ ਹੈ।



ਜਥੇਦਾਰ ਖਾਲਸਾ ਨੇ ਕਿਹਾ ਕਿ ਵਿਸ਼ਵ ਸਿੱਖ ਕਾਨਫਰੰਸ 1995 ਅਤੇ ਉਸ ਤੋਂ ਬਾਅਦ ਵੀ ਸ਼੍ਰੋਮਣੀ ਕਮੇਟੀ ਵਲੋਂ ਤੈਅ ਕੀਤਾ ਗਿਆ ਸੀ ਕਿ ਗੁਰੂ ਸਾਹਿਬ, ਗੁਰੂ ਕੇ ਮਹਿਲ, ਚਾਰ ਸਾਹਿਬਜ਼ਾਦੇ ਅਤੇ ਪੰਜ ਪਿਆਰਿਆਂ ਨੂੰ ਫਿਲਮਾਂ ਵਿਚ ਕਿਰਦਾਰ ਦੇ ਰੂਪ ਵਿਚ ਨਹੀਂ ਦਿਖਾਇਆ ਜਾਵੇਗਾ। ਪਰ ਇਸ ਮਗਰੋਂ ਬਣੀ ਐਨੀਮੇਟਿਡ ਫਿਲਮ 'ਚਾਰ ਸਾਹਿਬਜ਼ਾਦੇ' ਵਿੱਚ ਇਸ ਨਿਯਮ ਨੂੰ ਅੱਖੋਂ ਪਰੋਖੇ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਨੂੰ ਜੁਆਬ ਦੇਣਾ ਚਾਹੀਦਾ ਹੈ ਕਿ ਉਸ ਨੇ ਆਪਣੇ ਫੈਸਲੇ ਦੀ ਉਲੰਘਣਾ ਕਿਉਂ ਕੀਤੀ ? ਉਹਨਾਂ ਕਿਹਾ ਕਿ ਸਿੱਖ ਪੰਥ ਵਿਚ ਬੁੱਤਪ੍ਰਸਤੀ ਤੇ ਗੁਰੂ ਸਾਹਿਬਾਨਾਂ ਦਾ ਫ਼ਿਲਮੀਕਰਨ ਪ੍ਰਵਾਨ ਨਹੀਂ ਹੈ। ਸ਼੍ਰੋਮਣੀ ਕਮੇਟੀ ਹਾਲੇ ਤੱਕ ਇਸ ਸੰਬੰਧ ਵਿਚ ਫੈਸਲਾ ਨਹੀਂ ਲੈ ਸਕੀ ਅਤੇ ਸ਼੍ਰੋਮਣੀ ਕਮੇਟੀ ਵਲੋਂ ਥਾਪੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਇਸ ਬਾਰੇ ਠੋਸ ਅਗਵਾਈ ਦੇਣ ਤੇ ਫੈਸਲਾ ਕਰਨ ਤੋਂ ਕਮਜ਼ੋਰ ਸਾਬਤ ਹੋਏ ਹਨ ਤੇ ਐਨੀਮੇਟਿਡ ਫ਼ਿਲਮਾਂ, ਸਿਆਸੀ ਦਬਾਅ ਅਧੀਨ ਆਪਣੀਆਂ ਮੋਹਰਾਂ ਲਾਉਣ ਨੂੰ ਤਿਆਰ ਹਨ। ਉਹਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਜਾਂ ਅਕਾਲ ਤਖ਼ਤ ਦੇ ਫੈਸਲੇ ਕੋਈ ਮਹੱਤਵ ਨਹੀਂ ਰੱਖਦੇ। ਇਹ ਫੈਸਲੇ ਬਾਦਲ ਅਕਾਲੀ ਦਲ ਦੀ ਹਾਈਕਮਾਂਡ ਦੇ ਆਰਡਰਾਂ 'ਤੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਦੇ ਦਸਤਖ਼ਤ ਬਣਦੇ ਹਨ, ਜੋ ਕਿ ਸਿੱਖ ਪੰਥ ਉੱਪਰ ਠੋਸੇ ਜਾਂਦੇ ਹਨ। ਇਹਨਾਂ ਦਾ ਗੁਰੂ ਸਿਧਾਂਤ ਤੇ ਸਿੱਖ ਮਰਿਯਾਦਾ ਨਾਲ ਕੋਈ ਰਿਸ਼ਤਾ ਨਹੀਂ ਹੁੰਦਾ। ਜਥੇਦਾਰ ਖਾਲਸਾ ਪੰਥ ਨੂੰ ਅਪੀਲ ਕਰਦਿਆਂ ਕਿਹਾ ਕਿ ਕਿ ਸਿਖ ਇਤਿਹਾਸ ਤੇ ਗੁਰੂ ਸਾਹਿਬਾਨਾਂ 'ਤੇ ਬਣ ਰਹੀਆਂ ਫ਼ਿਲਮਾਂ ਦਾ ਪੁਰਜ਼ੋਰ ਵਿਰੋਧ ਹੋਣਾ ਚਾਹੀਦਾ ਹੈ, ਕਿਉਂਕਿ ਇਸ ਨਾਲ ਸਿੱਖ ਸਭਿਅਤਾ ਤੇ ਸਿੱਖ ਸਿਧਾਂਤ ਨੂੰ ਵੱਡੀ ਢਾਹ ਲਗਾਉਣ ਦੀਆਂ ਸਾਜ਼ਿਸ਼ਾਂ ਜਾਰੀ ਹਨ। ਕੋਈ ਪੈਨਲ ਜਾਂ ਸੈਂਸਰ ਬੋਰਡ ਸਿਖ ਸਿਧਾਂਤ ਨਾਲ ਇਨਸਾਫ ਨਹੀਂ ਕਰ ਸਕਦਾ। ਇਸ ਲਈ ਇਹ ਫ਼ਿਲਮਾਂ ਰੋਕਣੀਆਂ ਚਾਹੀਦੀਆਂ ਹਨ ਅਤੇ ਗੁਰੂ ਤੇ ਪੰਥ ਦਾ ਫ਼ਿਲਮੀਕਰਨ ਕਰਕੇ ਸਿੱਖ ਧਰਮ ਦਾ ਮਜ਼ਾਕ ਨਹੀਂ ਉਡਾਇਆ ਜਾ ਸਕਦਾ।

## ਪਾਕਿ ਨੇ ਮਕਬੂਜ਼ਾ ਕਸ਼ਮੀਰ 'ਚੋਂ ਜਿਹਾਦੀ ਕੈਂਪ ਕਰਵਾਏ ਬੰਦ

**ਇਸਲਾਮਾਬਾਦ/ਏਟੀ ਨਿਊਜ਼ :** ਭਾਰਤ ਦੇ ਵਿਰੋਧ ਅਤੇ ਕੌਮਾਂਤਰੀ ਭਾਈਚਾਰੇ ਵਲੋਂ ਦਬਾਅ ਦੇ ਚਲਦਿਆਂ ਪਾਕਿਸਤਾਨ ਨੇ ਆਪਣੀ ਧਰਤੀ ਤੋਂ ਕੁਝ ਜਿਹਾਦੀ ਕੈਂਪਾਂ ਨੂੰ ਬੰਦ ਕਰ ਦਿੱਤਾ ਹੈ। ਇਹ ਕਾਰਵਾਈ ਭਾਰਤ ਦੁਆਰਾ ਪਾਕਿਸਤਾਨ ਦੇ ਮਕਬੂਜ਼ਾ ਕਸ਼ਮੀਰ ਵਿਚ ਪਾਕਿ ਸੈਨਾ ਦੁਆਰਾ ਸਥਾਪਿਤ ਜਿਹਾਦੀ ਕੈਂਪਾਂ ਦੇ ਸਬੂਤਾਂ ਦੇਣ ਵਾਲੇ ਵਿਸ਼ਵ ਮੰਚ 'ਤੇ ਸਾਂਝੇ ਕੀਤੇ ਗਏ ਡੋਜ਼ੀਅਰ ਜ਼ਰੀਏ ਪਾਕਿਸਤਾਨ 'ਤੇ ਦਬਾਅ ਵਧਾਉਣ ਦੇ ਬਾਅਦ ਕੀਤੀ ਗਈ ਹੈ। ਭਾਰਤ ਦੁਆਰਾ ਮੁਹੱਈਆ ਕਰਵਾਈ ਗਈ ਵਿਸਥਾਰਿਤ ਜਾਣਕਾਰੀ ਅਨੁਸਾਰ ਮਕਬੂਜ਼ਾ ਕਸ਼ਮੀਰ ਵਿਚ 11 ਜਿਹਾਦੀ ਕੈਂਪ ਚੱਲ ਰਹੇ ਹਨ। ਇਨ੍ਹਾਂ ਵਿਚੋਂ 5-5 ਕ੍ਰਮਵਾਰ ਮੁਜ਼ੱਫ਼ਰਾਬਾਦ ਤੇ ਕੋਟਲੀ ਅਤੇ ਇਕ ਬਰਨਾਲਾ ਵਿਚ ਹੈ। ਲਸ਼ਕਰ-ਏ-ਤਾਇਬਾ ਦੁਆਰਾ ਸੁੰਦਰਬਨੀ ਅਤੇ ਰਾਜੌਰੀ ਦੇ ਸਾਹਮਣੇ ਚਲਾਏ ਜਾ ਰਹੇ ਕੁਝ ਕੈਂਪ ਕ੍ਰਮਵਾਰ ਕੋਟਲੀ ਤੇ ਨਿਕਿਆਲ ਖੇਤਰ ਵਿਚ ਬੰਦ ਕੀਤੇ ਗਏ ਹਨ।

## ਪਾਕਿਸਤਾਨ ਵਲੋਂ ਮੋਦੀ ਦੇ ਜਹਾਜ਼ ਨੂੰ ਆਪਣੇ ਹਵਾਈ ਖ਼ੇਤਰ ਉਪਰੋਂ ਉਡਣ ਦੀ ਇਜਾਜ਼ਤ



**ਲਾਹੌਰ/ਏਟੀ ਨਿਊਜ਼ :** ਪਾਕਿ ਨੇ ਕਿਰਗਿਜ਼ਸਤਾਨ ਦੇ ਬਿਸ਼ਕੇਕ ਵਿਚ ਹੋਣ ਵਾਲੇ ਸ਼ੰਘਾਈ ਸਹਿਯੋਗ ਸੰਗਠਨ ਦੇ ਸੰਮੇਲਨ ਵਿਚ ਭਾਗ ਲੈਣ ਲਈ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਹਾਜ਼ ਨੂੰ ਆਪਣੇ ਹਵਾਈ ਖ਼ੇਤਰ ਉਪਰੋਂ ਲੰਘਣ ਦੀ ਇਜਾਜ਼ਤ ਦੇ ਦਿੱਤੀ ਹੈ।

# ਭਾਰਤ ਦੇ ਚੀਫ ਚੋਣ ਕਮਿਸ਼ਨਰ ਹੋਏ ਪਰਵਾਸੀਆਂ ਦੇ ਰੂਬਰੂ

*ਭਾਰਤੀ ਚੋਣ ਪ੍ਰਕਿਰਿਆ-2019 ਸਬੰਧੀ ਜਾਣਕਾਰੀ ਦਿੱਤੀ*



**ਵਾਸ਼ਿੰਗਟਨ ਡੀਸੀ/ਰਾਜ ਗੋਗਨਾ :** ਭਾਰਤੀ ਸਫਾਰਤਖਾਨੇ ਦੇ ਮੁੱਖ ਦਫਤਰ ਵਾਸ਼ਿੰਗਟਨ ਡੀਸੀ. ਵਿਖੇ ਪਰਵਾਸੀਆਂ ਨੂੰ ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਅਤੇ ਉਨਾਂ ਦੀ ਸਮੁੱਚੀ ਟੀਮ ਦੇ ਰੂਬਰੂ ਕੀਤਾ ਗਿਆ। ਇਹ ਆਯੋਜਨ ਭਾਰਤੀ ਅੰਬੈਸਡਰ ਹਰਸ਼ ਵਰਧਨ ਸ਼ਰਿੰਗਲਾ ਦੀ ਸਰਪ੍ਰਸਤੀ ਹੇਠ ਕੀਤਾ ਗਿਆ, ਜਿੱਥੇ ਕਮਿਊਨਿਟੀ ਮਨਿਸਟਰ ਅਨੁਰਾਗ ਕੁਮਾਰ ਵਲੋਂ ਜਾਣ-ਪਛਾਣ ਉਪਰੰਤ ਭਾਰਤੀ ਅੰਬੈਸਡਰ ਨੂੰ ਜੀ ਆਇਆਂ ਕਹਿਣ ਲਈ ਸੱਦਾ ਦਿੱਤਾ ਗਿਆ।ਸ੍ਰੀ ਹਰਸ਼ ਵਰਧਨ ਸ਼ਰਿੰਗਲਾ ਨੇ ਭਾਰਤੀ ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਅਤੇ ਉਨਾਂ ਦੀ ਟੀਮ ਦਾ ਸਵਾਗਤ ਕੀਤਾ।

ਭਾਰਤ ਦੇ ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਵਲੋਂ 2019 ਦੀ ਪੂਰੀ ਚੋਣ ਪ੍ਰਕਿਰਿਆ ਨੂੰ ਪੜਾਅ ਵਾਰ ਦੱਸਿਆ ਗਿਆ। ਮੁਸ਼ਕਲਾਂ ਦਾ ਸਾਹਮਣਾ ਕਰਨ ਅਤੇ ਉਨਾਂ ਨੂੰ ਹੱਲ ਕਰਨ ਦੀ ਪੂਰੀ ਜਾਣਕਾਰੀ ਦਿੱਤੀ। ਉਨਾਂ ਕਿਹਾ ਕਿ ਉਨਾਂ ਵਲੋਂ ਹਾਈਕੋਰਟ, ਸੁਪਰੀਮ ਕੋਰਟ ਵਲੋਂ ਦਿੱਤੇ ਨਿਰਦੇਸ਼ਾਂ ਨੂੰ ਇਨ-ਬਿਨ ਲਾਗੂ ਕਰਕੇ ਪਾਰਦਰਸ਼ੀ ਚੋਣ ਪ੍ਰਕਿਰਿਆ ਨੂੰ ਨੇਪਰੇ ਚਾੜਿਆ ਗਿਆ। ਉਨਾਂ ਦੇ ਸਾਥੀਆਂ ਵਲੋਂ ਚੋਣ ਪ੍ਰਕਿਰਿਆ ਅਤੇ ਪ੍ਰਵਾਸੀਆਂ ਦੀ ਜਾਣਕਾਰੀ ਲਈ ਸੈਮੀਨਾਰ ਰਾਹੀਂ ਭਰਪੂਰ ਜਾਣਕਾਰੀ ਦਿੱਤੀ ਤਾਂ ਜੋ ਪ੍ਰਵਾਸੀ ਆਪਣੇ ਵੋਟ ਹੱਕ ਦਾ ਲਾਹਾ ਲੈ ਸਕਣ।

**ਬਾਕੀ ਸਫ਼ਾ 28 'ਤੇ**


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਸੁਪਰੀਮ ਕੋਰਟ ਵਲੋਂ ਤਰਨਤਾਰਨ ਦੇ ਬਾਬਾ ਚਰਨ ਸਿੰਘ ਤੇ ਪਰਿਵਾਰ ਨੂੰ ਮਾਰ ਦੇਣ ਦੇ ਕੇਸ 'ਚ ਅਹਿਮ ਫ਼ੈਸਲਾ

- ਸੀਬੀਆਈ ਅਦਾਲਤ ਨੂੰ ਫੈਸਲਾ 8 ਮਹੀਨੇ 'ਚ ਕਰ ਦੇਣ ਦੀ ਹਦਾਇਤ
- ਦੋਸ਼ੀਆਂ ਦੀ ਪਟੀਸ਼ਨ 'ਤੇ ਸਟੇਅ ਨਾ ਦਿੱਤਾ ਜਾਵੇ

ਤਰਨ ਤਾਰਨ/ਏਟੀ ਨਿਊਜ਼ : ਸੁਪਰੀਮ ਕੋਰਟ ਨੇ ਬਾਬਾ ਚਰਨ ਸਿੰਘ ਕਾਰ ਸੇਵਾ ਵਾਲੇ, ਉਨ੍ਹਾਂ ਦੇ ਤਿੰਨ ਭਰਾਵਾਂ, ਸਾਲਾ ਤੇ ਉਸ ਦੇ ਲੜਕੇ ਨੂੰ ਖਾੜਕੂਵਾਦ ਸਮੇਂ ਤਰਨਤਾਰਨ ਪੁਲਿਸ ਵਲੋਂ ਚੁੱਕ ਕੇ ਲਾਪਤਾ ਕਰਨ ਦੇ ਸੀਬੀਆਈ. ਜਾਂਚ ਦੇ ਮਾਮਲੇ ਵਿਚ ਪੁਲਿਸ ਅਧਿਕਾਰੀਆਂ ਨੂੰ ਵੱਡਾ ਝਟਕਾ ਦਿੰਦਿਆਂ ਹੁਕਮ ਜਾਰੀ ਕੀਤੇ ਹਨ ਕਿ ਪੁਲਿਸ ਕਰਮਚਾਰੀ ਕਾਨੂੰਨੀ ਪ੍ਰਕਿਰਿਆ ਵਿਚ ਗ਼ਲਤ ਢੰਗ ਅਪਨਾ ਕੇ ਇਸ ਕੇਸ ਨੂੰ ਲੰਮਾ ਖਿੱਚ ਰਹੇ ਹਨ। ਪੁਲਿਸ ਅਧਿਕਾਰੀਆਂ ਖ਼ਿਲਾਫ਼ ਸੀਬੀਆਈ. ਵਲੋਂ ਦਰਜ ਕੀਤੇ ਇਸ ਕੇਸ ਨੂੰ ਖ਼ਾਰਜ ਕਰਵਾਉਣ ਲਈ ਉਸ ਸਮੇਂ ਦੇ ਡੀਐੱਸਪੀ. ਗੁਰਮੀਤ ਸਿੰਘ ਤੇ ਹੋਰਨਾਂ ਵਲੋਂ ਪਾਈ ਗਈ ਰਿੱਟ ਨੂੰ ਖ਼ਾਰਜ ਕਰਦਿਆਂ ਅਹਿਮ ਫ਼ੈਸਲਾ ਸੁਣਾਇਆ ਹੈ।

ਸੁਪਰੀਮ ਕੋਰਟ ਵਲੋਂ ਇਸ ਮਾਮਲੇ ਵਿਚ 20 ਸਾਲ ਹੋਣ 'ਤੇ ਵੀ ਹੇਠਲੀਆਂ ਅਦਾਲਤਾਂ ਵਿਚ ਕੇਸ ਦੀ ਸੁਣਵਾਈ ਨਾ ਹੋਣ 'ਤੇ ਹੈਰਾਨੀ ਪ੍ਰਗਟ ਕਰਦਿਆਂ ਸੀਬੀਆਈ. ਅਦਾਲਤ ਨੂੰ ਹਦਾਇਤ ਕੀਤੀ ਹੈ ਕਿ ਇਸ ਮਾਮਲੇ ਦੀ ਰੋਜ਼ਾਨਾ ਸੁਣਵਾਈ ਕਰੇ ਤੇ ਕੋਸ਼ਿਸ਼ ਕੀਤੀ ਜਾਵੇ ਕਿ ਇਸ ਅਹਿਮ ਕੇਸ ਦਾ ਫ਼ੈਸਲਾ 8 ਮਹੀਨੇ ਵਿਚ ਕਰ ਦਿੱਤਾ ਜਾਵੇ। ਸੁਪਰੀਮ ਕੋਰਟ ਨੇ ਆਪਣੇ ਫ਼ੈਸਲੇ ਵਿਚ ਇਸ ਤੱਥ ਨੂੰ ਬਹੁਤ ਹੈਰਾਨੀਜਨਕ ਦੱਸਿਆ ਕਿ ਪਿਛਲੇ 20 ਸਾਲ ਵਿਚ ਸਿਰਫ਼ ਕੇਸ ਨੂੰ ਖ਼ਤਮ ਕਰਵਾਉਣ ਲਈ ਹੀ ਪੁਲਿਸ ਅਧਿਕਾਰੀਆਂ ਵਲੋਂ ਪਟੀਸ਼ਨਾਂ ਪਾਈਆਂ ਜਾ ਰਹੀਆਂ ਹਨ, ਜਿਸ ਦਾ ਮਕਸਦ ਸਿਰਫ਼ ਕੇਸ ਨੂੰ ਲਮਕਾਉਣਾ ਹੈ।

ਸੁਪਰੀਮ ਕੋਰਟ ਨੇ ਆਪਣੇ ਫ਼ੈਸਲੇ ਵਿਚ ਇਹ ਵੀ ਕਿਹਾ ਕਿ ਇਸ ਕੇਸ ਦੀ ਸੁਣਵਾਈ ਦੌਰਾਨ ਕੇਸ ਵਿਚ ਨਾਮਜ਼ਦ ਵਿਅਕਤੀਆਂ ਦੀ ਕਿਸੇ ਵੀ ਪਟੀਸ਼ਨ 'ਤੇ ਸਟੇਅ ਨਾ ਦਿੱਤਾ ਜਾਵੇ। ਸੁਪਰੀਮ ਕੋਰਟ ਦੇ ਜਸਟਿਸ ਅਰੁਣ ਮਿਸ਼ਰਾ ਅਤੇ ਜਸਟਿਸ ਨਵੀਨ ਸਿਨਹਾ ਦੇ ਆਧਾਰਿਤ ਬੈਂਚ ਨੇ ਹੁਕਮ ਜਾਰੀ ਕਰਦਿਆਂ ਇਸ ਫ਼ੈਸਲੇ ਦੀ ਕਾਪੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਅਤੇ ਸੀਬੀਆਈ. ਦੀ ਅਦਾਲਤ ਨੂੰ ਵੀ ਭੇਜ ਕੇ ਇਸ ਕੇਸ ਦੀ ਰੋਜ਼ਾਨਾ ਸੁਣਵਾਈ ਕਰਨ ਕਿਹਾ ਹੈ। ਸੁਪਰੀਮ ਕੋਰਟ ਨੇ ਇਸ ਮਾਮਲੇ 'ਤੇ ਸੀਬੀਆਈ. ਦੀ ਅਦਾਲਤ ਮੋਹਾਲੀ ਵਲੋਂ ਦੋ ਜੁਲਾਈ ਤੋਂ ਲਗਾਤਾਰ ਕੇਸ ਦੀ ਸੁਣਵਾਈ ਕੀਤੇ ਜਾਣ ਦੀਆਂ ਤਰੀਕਾਂ ਵੀ ਜਾਰੀ ਕਰ ਦਿੱਤੀਆਂ ਹਨ। ਸੀਬੀਆਈ. ਵਲੋਂ ਇਸ ਕੇਸ ਵਿਚ ਦਰਜਨ ਦੇ ਕਰੀਬ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਕੇਸ ਦਰਜ ਕਰਕੇ ਉਸ ਦਾ ਚਲਾਣ ਸੀਬੀਆਈ. ਦੀ ਅਦਾਲਤ ਵਿਚ ਪੇਸ਼ ਕਰ ਦਿੱਤਾ ਗਿਆ ਸੀ ਪਰ ਸਾਲ 2000 ਤੋਂ 2016 ਤੱਕ ਹਾਈਕੋਰਟ ਤੇ ਸੁਪਰੀਮ ਕੋਰਟ ਵਲੋਂ ਇਸ ਮਾਮਲੇ ਵਿਚ ਨਾਮਜ਼ਦ ਪੁਲਿਸ ਮੁਲਾਜ਼ਮਾਂ ਦੀਆਂ ਪਟੀਸ਼ਨਾਂ 'ਤੇ ਸਟੇਅ ਹੋਣ ਕਰਕੇ ਕੋਈ ਸੁਣਵਾਈ ਨਹੀਂ ਹੋ ਸਕੀ ਤੇ ਇਹ ਕੇਸ ਤਰੀਕਾਂ ਤਕ ਹੀ ਸੀਮਤ ਰਹਿ ਗਿਆ। ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ 6 ਜੂਨ ਨੂੰ ਸੀਬੀਆਈ. ਅਦਾਲਤ ਵਿਚ ਇਸ ਕੇਸ ਦੀ ਫਿਰ ਤੋਂ ਸੁਣਵਾਈ ਸ਼ੁਰੂ ਹੋਈ ਤੇ ਬਾਬਾ ਚਰਨ ਸਿੰਘ ਕਾਰ ਸੇਵਾ ਵਾਲਿਆਂ ਦੀ ਪਤਨੀ ਸੁਰਜੀਤ ਕੌਰ ਦੀ ਇਸ ਕੇਸ ਵਿਚ ਅਦਾਲਤ ਨੇ ਗਵਾਹੀ ਦੇ ਬਿਆਨ ਕਲਮਬੱਧ ਕੀਤੇ ਹਨ।

ਇਸ ਸਬੰਧੀ ਭਾਈ ਸਤਨਾਮ ਸਿੰਘ ਕੰਡਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖਾੜਕੂਵਾਦ ਦੇ ਸਮੇਂ ਅਗਸਤ 1992 ਵਿਚ ਉਸ ਦੇ ਚਾਚਾ ਕੇਸਰ ਸਿੰਘ ਨੂੰ ਤਰਨ ਤਾਰਨ ਪੁਲਿਸ ਵਲੋਂ ਰੇਲਵੇ ਸਟੇਸ਼ਨ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕੀਤਾ ਗਿਆ। ਫਿਰ ਉਸ ਦੇ ਦੂਸਰੇ ਚਾਚਾ ਗੁਰਦੇਵ ਸਿੰਘ ਨੂੰ ਉੱਤਰ ਪ੍ਰਦੇਸ਼ ਤੋਂ ਅਤੇ ਉਸ ਦੇ ਪਿਤਾ ਮੇਜਾ ਸਿੰਘ ਨੂੰ ਗੇਟ ਦੀ ਕਾਰ ਸੇਵਾ ਕਰਦਿਆਂ ਪੁਲਿਸ ਨੇ ਚੁੱਕ ਲਿਆ। ਪੁਲਿਸ ਵਲੋਂ ਬਾਬਾ ਚਰਨ ਸਿੰਘ ਕਾਰ ਸੇਵਾ ਵਾਲਿਆਂ ਨੂੰ ਪੇਸ਼ ਕਰਵਾਉਣ ਲਈ ਉਨ੍ਹਾਂ ਦੇ ਪਰਿਵਾਰ ਉੱਪਰ ਦਬਾਅ ਬਣਾਇਆ ਗਿਆ ਅਤੇ ਉਸ ਦੇ ਪਿਤਾ ਅਤੇ ਚਾਚਿਆਂ ਉੱਪਰ ਅਣਮਨੁੱਖੀ ਤਸ਼ੱਦਦ ਢਾਹਿਆ ਗਿਆ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਤੋਂ ਬਾਅਦ ਉਸ ਸਮੇਂ ਦੇ ਐੱਸ.ਪੀ. ਆਪ੍ਰੇਸ਼ਨ ਰਹੇ ਖ਼ੁਬੀ ਰਾਮ ਅਤੇ ਉਸ ਦੇ ਪੀ.ਏ. ਸੁਖਦੇਵ ਰਾਜ ਜੋਸ਼ੀ ਅਤੇ ਹੋਰਨਾਂ ਨੇ ਬਾਬਾ ਚਰਨ ਸਿੰਘ ਦੇ ਸਾਲੇ ਗੁਰਮੇਜ ਸਿੰਘ ਅਤੇ ਉਸ ਦੇ ਲੜਕੇ ਬਲਵਿੰਦਰ ਸਿੰਘ ਨੂੰ ਪਿੰਡ ਸਖੀਰੇ ਤੋਂ ਚੁੱਕ ਲਿਆ।



## ਪੁਲੀਸ ਕਾਤਲ ਬਣੀ

ਭਾਈ ਸਤਨਾਮ ਸਿੰਘ ਕੰਡਾ ਅਨੁਸਾਰ ਤਰਨ ਤਾਰਨ ਪੁਲਿਸ ਵਲੋਂ ਸੀ.ਆਈ.ਏ. ਸਟਾਫ਼ ਅਤੇ ਹੋਰਨਾਂ ਥਾਣਿਆਂ ਵਿਚ ਸਾਰਿਆਂ ਨੂੰ ਰੱਖ ਕੇ ਤਸ਼ੱਦਦ ਜਾਰੀ ਰੱਖਿਆ। ਉਨ੍ਹਾਂ ਇਹ ਵੀ ਦੱਸਿਆ ਕਿ ਅਪ੍ਰੈਲ 1993 ਵਿਚ ਬਾਬਾ ਚਰਨ ਸਿੰਘ ਕਾਰ ਸੇਵਾ ਵਾਲੇ ਜੋ ਕਿ ਕਰੀਬ 35 ਗੁਰਦੁਆਰਿਆਂ ਦੀ ਸੇਵਾ ਕਰ ਰਹੇ ਸਨ ਨੂੰ ਆਖ਼ਿਰ ਪੁਲਿਸ ਕੋਲ ਪੇਸ਼ ਕਰਵਾਉਣ ਜਾਂਦੇ ਸਮੇਂ ਪੁਲਿਸ ਨੇ ਤਰਨ ਤਾਰਨ ਦੀਆਂ ਰਸੂਲਪੁਰ ਨਹਿਰਾਂ ਤੋਂ ਚੁੱਕ ਲਿਆ। ਪੁਲਿਸ ਵਲੋਂ ਬਾਬਾ ਚਰਨ ਸਿੰਘ, ਉਨ੍ਹਾਂ ਦੇ ਭਰਾ ਕੇਸਰ ਸਿੰਘ, ਬਾਬਾ ਮੇਜਾ ਸਿੰਘ, ਗੁਰਦੇਵ ਸਿੰਘ, ਗੁਰਮੇਜ ਸਿੰਘ ਅਤੇ ਗੁਰਮੇਜ ਸਿੰਘ ਦੇ ਲੜਕੇ ਬਲਵਿੰਦਰ ਸਿੰਘ ਨੂੰ ਭਾਰੀ ਤਸ਼ੱਦਦ ਕਰਕੇ ਮਾਰ ਦਿੱਤਾ ਗਿਆ ਅਤੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਖੁਰਦ ਬੁਰਦ ਕਰ ਦਿੱਤਾ ਗਿਆ।

## ਮੁੱਖ ਦੋਸ਼ੀ ਅਜੀਤ ਸਿੰਘ ਸੰਧੂ

ਸੀਬੀਆਈ. ਵਲੋਂ ਇਸ ਮਾਮਲੇ ਵਿਚ ਦੋ ਮਈ 1997 ਨੂੰ ਕੇਸ ਦਰਜ ਕਰਕੇ ਤਫ਼ਤੀਸ਼ ਸ਼ੁਰੂ ਕੀਤੀ ਸੀ ਅਤੇ ਉਸ ਸਮੇਂ ਦੇ ਤਰਨ ਤਾਰਨ ਦੇ ਐੱਸ.ਐੱਸ.ਪੀ. ਅਜੀਤ ਸਿੰਘ ਸੰਧੂ, ਡੀ.ਐੱਸ.ਪੀ. ਗੁਰਮੀਤ ਸਿੰਘ ਰੰਧਾਵਾ, ਇੰਸ: ਸੂਬਾ ਸਿੰਘ ਸਰਹੰਦ, ਏ.ਐੱਸ.ਆਈ. ਸੂਬਾ ਸਿੰਘ, ਸੁਖਦੇਵ ਰਾਜ ਜੋਸ਼ੀ ਸਮੇਤ ਹੋਰ ਪੁਲਿਸ ਅਧਿਕਾਰੀਆਂ ਦੇ ਖ਼ਿਲਾਫ਼ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਸੀ ਪਰ ਪੁਲਿਸ ਅਧਿਕਾਰੀਆਂ ਵਲੋਂ ਸੁਣਵਾਈ ਰੋਕਣ ਲਈ ਅਦਾਲਤਾਂ ਵਿਚ ਇਸ ਕੇਸ ਨੂੰ ਖ਼ਾਰਜ ਕਰਨ ਦੀਆਂ ਰਿੱਟਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਅਤੇ ਇਹ ਕੇਸ ਦੀ ਸੁਣਵਾਈ ਪਿਛਲੇ 20 ਸਾਲਾਂ ਤੋਂ ਵੱਧ ਸਮੇਂ ਦੌਰਾਨ ਰੁਕੀ ਹੋਈ ਹੈ। ਉੱਧਰ ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਗੱਲ ਦਾ ਅਫ਼ਸੋਸ ਜ਼ਰੂਰ ਹੈ ਕਿ ਦੇਸ਼ ਦੀ ਨਿਆਂਪਾਲਿਕਾ ਵਲੋਂ ਇਸ ਅਹਿਮ ਕੇਸ ਬਾਰੇ ਦਿੱਤਾ ਗਿਆ ਫ਼ੈਸਲਾ ਦੇਰ ਨਾਲ ਹੋਇਆ ਹੈ ਅਤੇ ਇਸ ਸਮੇਂ ਦੌਰਾਨ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਪੁਲਿਸ ਮੁਲਾਜ਼ਮ ਆਪਣੀ ਨੌਕਰੀਆਂ ਦੌਰਾਨ ਤਰੱਕੀਆਂ ਤੇ ਮੈਡਲਾਂ ਦਾ ਅਨੰਦ ਮਾਣਦੇ ਰਹੇ ਤੇ ਇਨਸਾਫ਼ ਦਾ ਰਾਹ ਦੇਖਦਿਆਂ ਕਈ ਉਨ੍ਹਾਂ ਦੇ ਪਰਿਵਾਰਕ ਮੈਂਬਰ ਰੱਬ ਨੂੰ ਵੀ ਪਿਆਰੇ ਹੋ ਗਏ। ਭਾਈ ਸਤਨਾਮ ਸਿੰਘ ਕੰਡਾ ਨੇ ਇਹ ਵੀ ਕਿਹਾ ਕਿ ਪੁਲਿਸ ਵਲੋਂ ਇਸ ਕੇਸ ਸਬੰਧੀ ਹਰ ਤਰ੍ਹਾਂ ਦੇ ਹਥਕੰਡੇ ਅਪਣਾਏ ਜਾ ਰਹੇ ਹਨ।

# ਕੈਪਟਨ ਤੇ ਸਿੱਧੂ ਦੀ ਨਰਾਜ਼ਗੀ ਵਧੀ, ਮਾਮਲਾ ਹਾਈਕਮਾਂਡ ਕੋਲ

- ਨਵਜੋਤ ਸਿੱਧੂ ਵਲੋਂ ਰਾਹੁਲ ਤੇ ਪ੍ਰਿਯੰਕਾ ਨਾਲ ਮੁਲਾਕਾਤ
- ਹਾਈਕਮਾਂਡ ਨੇ ਸਿੱਧੂ-ਕੈਪਟਨ ਵਿਵਾਦ ਨੂੰ ਨਜਿੱਠਣ ਦਾ ਕੰਮ ਪਾਰਟੀ ਦੇ ਸੀਨੀਅਰ ਆਗੂ ਅਹਿਮਦ ਪਟੇਲ ਨੂੰ ਸੌਂਪਿਆ



**ਚੰਡੀਗੜ੍ਹ/ਏਟੀ ਨਿਊਜ਼ :**

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਦੀ ਕੈਬਨਿਟ ਦੇ ਸੀਨੀਅਰ ਮੰਤਰੀ ਸ. ਨਵਜੋਤ ਸਿੰਘ ਸਿੱਧੂ ਦਰਮਿਆਨ ਚੱਲ ਰਹੇ ਵਿਵਾਦ ਨੂੰ ਪਾਰਟੀ ਹਾਈ ਕਮਾਂਡ ਨੇ ਆਪਣੇ ਹੱਥਾਂ ਵਿਚ ਲੈਂਦਿਆਂ ਇਸ ਮਸਲੇ ਨਾਲ ਨਜਿੱਠਣ ਦਾ ਕੰਮ ਪਾਰਟੀ ਦੇ ਸੀਨੀਅਰ ਆਗੂ ਅਹਿਮਦ ਪਟੇਲ ਨੂੰ ਸੌਂਪਿਆ ਹੈ। ਇਹ ਫ਼ੈਸਲਾ ਸਿੱਧੂ ਦੀ ਦਿੱਲੀ ਵਿਖੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਤੇ ਸ੍ਰੀਮਤੀ ਪ੍ਰਿਯੰਕਾ ਗਾਂਧੀ ਨਾਲ ਹੋਈ ਇਕ ਬੈਠਕ ਤੋਂ ਬਾਅਦ ਲਿਆ ਗਿਆ, ਜਿਸ ਦੌਰਾਨ ਸਿੱਧੂ ਨੇ ਆਪਣੇ ਵਿਭਾਗ ਦੀ ਕਾਰਗੁਜ਼ਾਰੀ ਤੇ ਲੋਕ ਸਭਾ ਚੋਣਾਂ ਦੌਰਾਨ ਰਾਜ ਦੇ ਸ਼ਹਿਰੀ ਖ਼ੇਤਰਾਂ ਵਿਚ ਕਾਂਗਰਸ ਦੀ ਰਹੀ ਕਾਰਗੁਜ਼ਾਰੀ ਸਬੰਧੀ ਰਿਪੋਰਟ ਵੀ ਪੇਸ਼ ਕੀਤੀ। ਇਸ ਨੂੰ ਆਧਾਰ ਬਣਾ ਕੇ ਮੁੱਖ ਮੰਤਰੀ ਵਲੋਂ ਉਨ੍ਹਾਂ ਤੋਂ ਸਥਾਨਕ ਸਰਕਾਰਾਂ ਦਾ ਵਿਭਾਗ ਵਾਪਸ ਲਿਆ ਗਿਆ ਹੈ। ਸਿੱਧੂ ਨੂੰ ਵੀ ਮੁੱਖ ਮੰਤਰੀ ਵਲੋਂ ਮੰਤਰੀਆਂ ਦੇ ਕਿਸੇ ਸਲਾਹਕਾਰੀ ਗਰੁੱਪ ਵਿਚ ਸ਼ਾਮਿਲ ਨਹੀਂ ਕੀਤਾ ਗਿਆ। ਸਿੱਧੂ ਨੇ ਉਨ੍ਹਾਂ ਦੇ ਵਿਭਾਗ ਨੂੰ ਬਦਲਣ ਲਈ ਉਨ੍ਹਾਂ ਵਿਰੁੱਧ ਸਰਕਾਰੀ ਪੱਧਰ 'ਤੇ ਹੁੰਦੀ ਰਹੀ ਦੂਸ਼ਣਬਾਜ਼ੀ 'ਤੇ ਵੀ ਆਪਣੀ ਨਾਖ਼ੁਸ਼ੀ ਦਾ ਇਜ਼ਹਾਰ ਕੀਤਾ। ਸੂਤਰਾਂ ਅਨੁਸਾਰ ਸ੍ਰੀ ਰਾਹੁਲ ਗਾਂਧੀ ਨੇ ਸਿੱਧੂ ਦਾ ਪੱਖ ਸੁਣਨ ਤੋਂ ਬਾਅਦ ਇਸ ਸਾਰੇ ਘਟਨਾਕ੍ਰਮ 'ਤੇ ਆਪਣੀ ਨਾਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਸ ਤੋਂ ਮੁੱਖ ਮੰਤਰੀ ਨੂੰ ਵੀ ਜਾਣੂੰ ਕਰਵਾਏ ਜਾਣ ਲਈ ਕਿਹਾ। ਰਾਜ ਦੇ ਸਿਆਸੀ ਹਲਕਿਆਂ ਵਲੋਂ ਸਿੱਧੂ ਦੀ ਰਾਹੁਲ-ਪ੍ਰਿਯੰਕਾ ਨਾਲ 40 ਮਿੰਟਾਂ ਦੀ ਮੀਟਿੰਗ ਨੂੰ ਕਾਫ਼ੀ ਮਹੱਤਤਾ ਦਿੰਦਿਆਂ ਇਸ ਨੂੰ ਨਵਜੋਤ ਲਈ ਕਾਮਯਾਬੀ ਦੱਸਿਆ ਜਾ ਰਿਹਾ ਹੈ, ਕਿਉਂਕਿ ਪਾਰਟੀ ਦੇ ਕੌਮੀ ਪ੍ਰਧਾਨ ਤੋਂ ਸਿੱਧੂ ਨੂੰ ਜਿਹੋ-ਜਿਹੀ ਮਹੱਤਤਾ ਮਿਲੀ ਹੈ ਉਹ ਮੁੱਖ ਮੰਤਰੀ ਧੜੇ ਲਈ ਵੀ ਵੱਡੀ ਹੈਰਾਨੀ ਦਾ ਵਿਸ਼ਾ ਬਣੀ ਹੋਈ ਹੈ। ਕੈਪਟਨ-ਸਿੱਧੂ ਵਿਵਾਦ ਅਹਿਮਦ ਪਟੇਲ ਨੂੰ ਸੌਂਪੇ ਜਾਣ ਨਾਲ ਪਾਰਟੀ ਹਾਈ ਕਮਾਂਡ ਵਲੋਂ ਪੰਜਾਬ ਮਾਮਲਿਆਂ ਦੀ ਇੰਚਾਰਜ ਸ੍ਰੀਮਤੀ ਆਸ਼ਾ ਕੁਮਾਰੀ ਨੂੰ ਵੀ ਲਾਂਭੇ ਕਰ ਦਿੱਤਾ ਗਿਆ ਹੈ, ਜੋ ਮੁੱਖ ਮੰਤਰੀ ਲਈ ਵੱਡੇ ਸਮਰਥਕ ਹਨ।

ਚਰਚਾ ਹੈ ਕਿ ਸਿੱਧੂ ਨੇ ਇਸ ਗੁਪਤ ਚਿੱਠੀ ਵਿੱਚ ਸਰਕਾਰ ਦੀਆਂ ਪਿਛਲੀਆਂ ਸਾਰੀਆਂ ਸਰਗਮੀਆਂ ਦੀ ਬਿਓਰਾ ਦਿੱਤਾ ਹੈ ਜਿਸ ਨਾਲ ਪਾਰਟੀ 'ਤੇ ਸਵਾਲ ਉੱਠਦੇ ਰਹੇ ਹਨ। ਸਿੱਧੂ ਨੇ ਮਾਫੀਆ ਨੂੰ ਨੱਥ ਪਾਉਣ ਲਈ ਕਈ ਵਾਰ ਸਰਕਾਰ ਨੂੰ ਸਲਾਹ ਦਿੱਤੀ ਪਰ ਹਰ ਵਾਰ ਇਸ ਮਾਮਲੇ ਨੂੰ ਠੰਢੇ ਬਸਤੇ ਵਿੱਚ ਪਾਇਆ ਜਾਂਦਾ ਰਿਹਾ। ਇਸ ਕਰਕੇ ਹੀ ਕੈਪਟਨ ਸਰਕਾਰ 'ਤੇ ਬਾਦਲਾਂ ਨਾਲ ਮਿਲੇ ਹੋਣ ਦੇ ਇਲਜ਼ਾਮ ਤੱਕ ਲੱਗਦੇ ਰਹੇ ਹਨ। ਮੰਨਿਆ ਜਾ ਰਿਹਾ ਹੈ ਕਿ ਸਿੱਧੂ ਨੇ ਇਹ ਸਾਰੀ ਰਿਪੋਰਟ ਰਾਹੁਲ ਗਾਂਧੀ ਨੂੰ ਦਿੱਤੀ ਹੈ ਕਿਉਂਕਿ ਇਹ ਮੁੱਦੇ ਲੋਕ ਸਭਾ ਚੋਣਾਂ ਵਿੱਚ ਕਾਫੀ ਭਾਰੂ ਰਹੇ ਸੀ।

# ਬਾਦਲ ਸਾਲ 1994 ਵਿਚ ਬਣੇ ਸੰਘ ਦੇ ਪੱਕੇ ਮੈਂਬਰ ?

## *ਟੌਹੜਾ ਤੇ ਤਲਵੰਡੀ ਨਾਲ ਗੱਲਬਾਤ ਟੁੱਟਣ ਤੇ ਬਾਦਲ ਨੂੰ ਚੁਣਿਆ*

**ਬਠਿੰਡਾ/ਏਟੀ ਨਿਊਜ਼ :** ਭਾਰਤ ਦੀ ਬਹਾਦਰ ਤੇ ਸੰਘਰਸ਼ਸ਼ੀਲ ਕੌਮ ਸਿੱਖਾਂ ਨੂੰ ਹਿੰਦੂ ਧਰਮ ਵਿੱਚ ਰਲਾਉਣ ਦੀ ਮਨਸ਼ਾ ਨਾਲ ਹਿੰਦੂਆਂ ਦੀ ਫਿਰਕੂ ਜਥੇਬੰਦੀ ਆਰਐੱਸਐੱਸ ਨੇ ਸਿੱਖਾਂ ਦੇ ਆਗੂਆਂ ਨੂੰ ਲਾਲਚ ਦੇ ਕੇ ਆਪਣੀ ਜਥੇਬੰਦੀ ਦੇ ਮੈਂਬਰ ਬਣਾਉਣ ਦੀ ਸੰਨ 1994 'ਚ ਇੱਕ ਸਾਜਿਸ਼ ਰਚੀ। ਇਸ ਵਿਚ ਜ. ਗੁਰਚਰਨ ਸਿੰਘ ਟੌਹੜਾ ਤੇ ਜ. ਜਗਦੇਵ ਸਿੰਘ ਤਲਵੰਡੀ ਨਾਲ ਗੱਲ ਸਿਰੇ ਨਾ ਚੜ੍ਹਨ 'ਤੇ ਆਰਐੱਸਐੱਸ ਦੇ ਸੀਨੀਅਰ ਅਹੁਦੇਦਾਰਾਂ ਨੇ ਸਿੱਖਾਂ ਦੇ ਹਰਮਨਪਿਆਰੇ ਆਗੂ, ਘਾਗ ਸਿਆਸਤਦਾਨ ਤੇ ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਆਪਣੀ ਜਥੇਬੰਦੀ ਦਾ ਪੱਕਾ ਮੈਂਬਰ ਬਣਾ ਲਿਆ। ਹਰਜਿੰਦਰ ਸਿੰਘ ਦਿਲਗੀਰ ਨੇ ਉਕਤ ਤੱਥ ਆਪਣੀ ਨਵੀਂ ਛਪੀ ਅੰਗਰੇਜ਼ੀ ਪੁਸਤਕ "ਹਾਈਜੈਕਰ ਆਫ ਸਿੱਖ ਪੰਥ" ਜੋ ਸਿੱਖ ਹਿਸਟਰੀ ਦੀ ਨੌਵੀਂ ਜਿਲਦ ਹੈ, ਵਿੱਚ ਸਪਸ਼ਟ ਕੀਤਾ ਹੈ। ਪੁਸਤਕ ਵਿੱਚ ਦੱਸਿਆ ਗਿਆ ਹੈ ਕਿ ਆਰਐੱਸਐੱਸ ਨੇ ਸਿੱਖਾਂ ਵਿੱਚ ਆਪਣਾ ਏਜੰਡਾ ਲਾਗੂ ਕਰਨ ਲਈ 90ਵੇਂ ਦਹਾਕੇ ਵਿੱਚ ਯਤਨ ਸ਼ੁਰੂ ਕਰ ਦਿੱਤੇ ਸਨ। ਆਰਐੱਸਐੱਸ ਨੇ ਆਪਣੀ ਇਸ ਸਾਜਿਸ਼ ਨੂੰ ਸਿਰੇ ਲਾਉਣ ਲਈ ਸਿੱਖਾਂ ਦੇ ਵੱਡੇ ਸਿਆਸਤਦਾਨਾਂ ਨੂੰ ਲਾਲਚ ਦੇ ਕੇ ਆਪਣੀ ਜਥੇਬੰਦੀ ਵਿੱਚ ਸ਼ਾਮਲ ਕਰਨ ਲਈ ਕੋਸ਼ਿਸ਼ਾਂ ਸ਼ੁਰੂ ਕਰਦਿਆਂ ਸੰਨ 1994 ਵਿੱਚ ਉਸ ਸਮੇਂ ਦੇ ਉਘੇ ਨੇਤਾ ਜੋ ਦਹਾਕਿਆਂ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ, ਸ. ਗੁਰਚਰਨ ਸਿੰਘ ਟੌਹੜਾ ਨਾਲ ਗੱਲਬਾਤ ਸ਼ੁਰੂ ਕੀਤੀ। ਜ. ਟੌਹੜਾ ਉੱਚ ਕੋਟੀ ਦੇ ਕਮਿਊਨਿਸਟ ਸ. ਹਰਕਿਸ਼ਨ ਸਿੰਘ ਸੁਰਜੀਤ ਦੇ ਸੰਪਰਕ ਵਿੱਚ ਰਹੇ ਸਨ, ਜਿਸ ਕਰਕੇ ਉਹਨਾਂ ਦੀ ਸੋਚ ਨੂੰ ਲਾਲਚ ਦੇ ਕੇ ਬਦਲਣਾ ਆਸਾਨ ਕੰਮ ਨਹੀਂ ਸੀ। ਜ. ਟੌਹੜਾ ਮੁੱਖ ਮੰਤਰੀ ਦੀ ਕੁਰਸੀ ਦੇ ਲਾਲਚ ਵਿੱਚ ਆਉਣ ਵਾਲੇ ਨਹੀਂ ਸਨ, ਇਸ ਲਈ ਉਹਨਾਂ ਨੇ ਆਰਐੱਸਐੱਸ ਦੇ ਮੈਂਬਰ ਬਣਨ ਤੋਂ ਤੋੜ ਕੇ ਜਵਾਬ ਦੇ ਦਿੱਤਾ। ਫਿਰ ਉਹਨਾਂ ਲੋਹਪੁਰਸ਼ ਵਜੋਂ ਜਾਣੇ ਜਾਂਦੇ ਪੰਥਕ ਆਗੂ ਜ. ਜਗਦੇਵ ਸਿੰਘ ਤਲਵੰਡੀ ਨਾਲ ਗੱਲ ਤੋਰੀ, ਜੋ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ ਸਨ, ਪਰ ਆਰਐੱਸਐੱਸ ਨੂੰ ਉਹਨਾਂ 'ਤੇ ਵਿਸ਼ਵਾਸ ਨਾ ਹੋਇਆ ਤੇ ਗੱਲਬਾਤ ਟੁੱਟ ਗਈ। ਪੁਸਤਕ ਵਿਚਲੇ ਤੱਥ ਅਨੁਸਾਰ ਇਸ ਉਪਰੰਤ ਆਰਐੱਸਐੱਸ ਦੀ ਨਿਗਾਹ ਸ. ਪ੍ਰਕਾਸ਼ ਸਿੰਘ ਬਾਦਲ 'ਤੇ ਗਈ, ਜੋ ਪੰਜ ਵਾਰ ਰਾਜ ਦੇ ਮੁੱਖ ਮੰਤਰੀ ਰਹਿ ਚੁੱਕੇ ਸਨ ਅਤੇ ਸੱਤਾ ਭੋਗਣ ਦੇ ਸ਼ੌਕੀਨ ਹਨ।



ਆਰਐੱਸਐੱਸ ਵਾਲੇ ਸੰਨ 1978 ਵਿੱਚ ਨਿਰੰਕਾਰੀ ਕਾਂਡ ਮੌਕੇ ਸ. ਬਾਦਲ ਨੂੰ ਪਰਖ ਵੀ ਚੁੱਕੇ ਸਨ। ਸਮੁੱਚੇ ਸਿੱਖਾਂ ਨੂੰ ਕਾਬੂ ਵਿਚ ਕਰਨ ਅਤੇ ਸਿੱਖ ਧਰਮ ਦੀਆਂ ਪਰੰਪਰਾਵਾਂ ਨੂੰ ਨੇਸਤੋਨਾਬੂਦ ਕਰਨ ਲਈ ਸ. ਬਾਦਲ ਨੂੰ ਆਪਣੇ ਪਾਲੇ ਵਿੱਚ ਕਰਨਾ ਇਸ ਹਿੰਦੂ ਫਿਰਕੂ ਜਥੇਬੰਦੀ ਨੂੰ ਸਭ ਤੋਂ ਸੌਖਾ ਕੰਮ ਲੱਗਾ। ਸ. ਬਾਦਲ ਨਾਲ ਵਿਸ਼ੇਸ਼ ਮੀਟਿੰਗ ਕਰਕੇ ਆਰਐੱਸਐੱਸ ਦੇ ਸੀਨੀਅਰ ਅਹੁਦੇਦਾਰਾਂ ਨੇ ਵਿਸ਼ਵਾਸ ਦਿਵਾਇਆ ਕਿ ਜੇ ਉਹ ਹਿੰਦੂ ਵਿਚਾਰਧਾਰਾ ਨੂੰ ਅਪਣਾ ਲੈਣ ਅਤੇ ਉਹਨਾਂ ਦੀ ਜਥੇਬੰਦੀ ਦੇ ਮੈਂਬਰ ਬਣ ਜਾਣ, ਤਾਂ ਉਹ ਅਤੇ ਉਹਨਾਂ ਦੇ ਵਾਰਸ ਹਮੇਸ਼ਾ ਰਾਜ ਕਰਦੇ ਰਹਿਣਗੇ ਅਤੇ ਇਸ ਸਮਝੌਤੇ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ। ਇਸ ਸੁਝਾਅ ਤੇ ਉਹਨਾਂ ਆਪਣੇ ਪਰਿਵਾਰ ਨਾਲ ਰਾਇ ਮਸ਼ਵਰਾ ਕਰਨ ਲਈ ਸਮਾਂ ਮੰਗਿਆ ਅਤੇ ਫਿਰ ਉਹਨਾਂ ਆਪਣੀ ਧਰਮਪਤਨੀ ਸ੍ਰੀਮਤੀ ਸੁਰਿੰਦਰ ਕੌਰ ਬਾਦਲ ਨਾਲ ਗੱਲ ਕੀਤੀ, ਜਿਹਨਾਂ ਤੁਰੰਤ ਸਹਿਮਤੀ ਦੇ ਦਿੱਤੀ। ਸ. ਦਿਲਗੀਰ ਅਨੁਸਾਰ ਸੰਨ 1994 ਵਿੱਚ ਸ. ਪ੍ਰਕਾਸ਼ ਸਿੰਘ ਬਾਦਲ ਆਰਐੱਸਐੱਸ ਦੇ ਪੱਕੇ ਮੈਂਬਰ ਬਣ ਗਏ। ਇਸ ਉਪਰੰਤ ਇੱਕ ਵਿਸ਼ੇਸ਼ ਮੀਟਿੰਗ ਬੁਲਾਈ ਗਈ, ਜਿਸ ਵਿੱਚ ਆਰਐੱਸਐੱਸ ਦੇ ਮੁਖੀ ਸ੍ਰੀ ਸੁਦਰਸ਼ਨ, ਲਾਲ ਕ੍ਰਿਸ਼ਨ ਅਡਵਾਨੀ, ਅਟਲ ਬਿਹਾਰੀ ਵਾਜਪਾਈ ਆਦਿ ਆਗੂ ਤੇ ਪ੍ਰਕਾਸ਼ ਸਿੰਘ ਬਾਦਲ ਮੌਜੂਦ ਸਨ, ਇਸ ਮੌਕੇ ਸਾਰੀ ਗੱਲਬਾਤ ਤਹਿ ਕਰਨ ਉਪਰੰਤ ਯੱਗ ਵੀ ਕੀਤਾ ਗਿਆ।

# ਘੱਲੂਘਾਰਾ ਦਿਵਸ : ਅਕਾਲ ਤਖਤ 'ਤੇ ਗੂੰਜੇ ਖਾਲਿਸਤਾਨ-ਜ਼ਿੰਦਾਬਾਦ ਦੇ ਨਾਹਰੇ

## ਟਾਸਕ ਫੋਰਸ ਨੇ ਸੰਗਤਾਂ ਨੂੰ ਧੱਕੇ ਮਾਰੇ ਤੇ ਕਈ ਸਿੱਖਾਂ ਦੀਆਂ ਦਸਤਾਰਾਂ ਲੱਥੀਆਂ





### ਸਿੰਘ ਸਾਹਿਬ ਹਰਪ੍ਰੀਤ ਸਿੰਘ, ਜਥੇਦਾਰ ਭਾਈ ਹਵਾਰਾ ਤੇ ਜਥੇਦਾਰ ਮੰਡ ਨੇ ਆਪੋ ਆਪਣੇ ਸੰਦੇਸ਼ ਕੀਤੇ ਜਾਰੀ

**ਅੰਮ੍ਰਿਤਸਰ/ਏਟੀ ਨਿਊਜ਼ :**
ਜੂਨ-1984 ਦੇ ਫੌਜੀ ਹਮਲੇ ਵਿਚ ਮਾਰੇ ਗਏ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸ਼ਹੀਦੀ ਸਮਾਗਮ ਮੌਕੇ ਅਕਾਲ ਤਖਤ ਵਿਖੇ ਅਰਦਾਸ ਦਿਵਸ ਮਨਾਇਆ ਗਿਆ ਤੇ ਇਸ ਮੌਕੇ ਖਾਲਿਸਤਾਨ ਤੇ ਹੱਕ ਵਿਚ ਨਾਹਰੇ ਗੂੰਜੇ। ਅਰਦਾਸ ਤੇ ਹੁਕਮਨਾਮੇ ਮਗਰੋਂ ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ ਕੀਤਾ ਗਿਆ। ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਨੇ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ। ਸ਼ਹੀਦੀ ਸਮਾਗਮ ਸਮਾਪਤ ਹੋਣ ਤੋਂ ਬਾਅਦ ਜਿਉਂ ਹੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਅਕਾਲ ਤਖ਼ਤ ਸਾਹਿਬ ਤੋਂ ਬਾਹਰ ਆਏ ਤਾਂ ਪੰਥਕ ਧਿਰਾਂ ਨੇ ਖਾਲਿਸਤਾਨ ਦੇ ਹੱਕ ਵਿਚ ਨਾਹਰੇਬਾਜ਼ੀ ਕੀਤੀ।

ਨਾਹਰਿਆਂ ਦੀ ਗੂੰਜ ਵਧਣ 'ਤੇ ਪ੍ਰਬੰਧਕਾਂ ਨੇ ਹਰਿਮੰਦਰ ਸਾਹਿਬ ਵਿਖੇ ਚੱਲ ਰਹੇ ਕੀਰਤਨ ਦੀ ਆਵਾਜ਼ ਉੱਚੀ ਕਰ ਦਿੱਤੀ, ਜਿਸ ਨਾਲ ਨਾਅਰਿਆਂ ਦੀ ਆਵਾਜ਼ ਦਬ ਗਈ। ਇਸ ਦੌਰਾਨ ਅਕਾਲ ਤਖ਼ਤ ਨੇੜੇ ਸਿਮਰਨਜੀਤ ਸਿੰਘ ਮਾਨ, ਜੋ ਆਪਣਾ ਮਾਈਕ ਤੇ ਸਪੀਕਰ ਨਾਲ ਲੈ ਕੇ ਆਏ ਸਨ, ਨੇ ਸੰਬੋਧਨ ਕਰਨਾ ਸ਼ੁਰੂ ਕੀਤਾ ਪਰ ਕੀਰਤਨ ਦੀ ਉੱਚੀ ਆਵਾਜ਼ ਕਾਰਨ ਉਨ੍ਹਾਂ ਦੀ ਕੋਈ ਗੱਲ ਸੁਣਾਈ ਨਹੀਂ ਦਿੱਤੀ। ਰੋਸ ਵਜੋਂ ਕੁਝ ਸਿੱਖ ਨੌਜਵਾਨਾਂ ਨੇ ਅਕਾਲ ਤਖ਼ਤ ਨੇੜੇ ਲਾਏ ਗਏ ਸਪੀਕਰਾਂ ਦੀ ਤਾਰ ਕੱਟ ਦਿੱਤੀ, ਜਿਸ ਨਾਲ ਕੀਰਤਨ ਦੀ ਆਵਾਜ਼ ਸੁਣਨੀ ਬੰਦ ਹੋ ਗਈ। ਸ. ਮਾਨ ਨੇ ਸੰਬੋਧਨ ਤਾਂ ਕੀਤਾ ਪਰ ਨਾਹਰੇਬਾਜ਼ੀ ਕਾਰਨ ਲੋਕ ਉਨ੍ਹਾਂ ਦੀ ਗੱਲ ਸੁਣ ਨਹੀਂ ਸਕੇ।

ਇਸ ਦੌਰਾਨ ਅਕਾਲ ਤਖ਼ਤ ਦੇ ਹੇਠਾਂ ਬੈਠੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਵੀ ਸੰਬੋਧਨ ਕਰਨ ਦਾ ਯਤਨ ਕੀਤਾ ਤਾਂ ਉੱਥੇ ਬੈਠੀ ਸ਼੍ਰੋਮਣੀ ਕਮੇਟੀ ਟਾਸਕ ਫੋਰਸ ਨੇ ਉਨ੍ਹਾਂ ਨੂੰ ਜਬਰੀ ਰੋਕਿਆ। ਇਸ 'ਤੇ ਉਨ੍ਹਾਂ ਦੇ ਸਮਰਥਕ ਰੋਹ ਵਿਚ ਆ ਗਏ ਅਤੇ ਉਨ੍ਹਾਂ ਨੇ ਭੀੜ ਨੂੰ ਰੋਕਣ ਲਈ ਸ਼੍ਰੋਮਣੀ ਕਮੇਟੀ ਵਲੋਂ ਲਾਈਆਂ ਰੋਕਾਂ ਉਖਾੜ ਦਿੱਤੀਆਂ। ਟਾਸਕ ਫੋਰਸ ਨੇ ਵੀ ਧੱਕਾ-ਮੁੱਕੀ ਕੀਤੀ, ਜਿਸ ਕਾਰਨ ਇਕ ਬਜ਼ੁਰਗ ਸਿੱਖ ਦੀ ਦਸਤਾਰ ਉਤਰ ਗਈ ਅਤੇ ਕਈ ਹੇਠਾਂ ਵੀ ਡਿੱਗੇ। ਇਸ ਮੌਕੇ ਸ਼੍ਰੋਮਣੀ ਕਮੇਟੀ ਖ਼ਿਲਾਫ਼ ਵੀ ਨਾਹਰੇਬਾਜ਼ੀ ਕੀਤੀ ਗਈ। ਨਾਹਰੇਬਾਜ਼ੀ ਕਰਨ ਵਾਲਿਆਂ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਤੇ ਢਹਿ-ਢੇਰੀ ਹੋਏ ਅਕਾਲ ਤਖ਼ਤ ਦੀਆਂ ਤਸਵੀਰਾਂ ਆਦਿ ਦੇ ਬੈਨਰ ਚੁੱਕੇ ਹੋਏ ਸਨ। ਗਰਮਖਿਆਲੀਆਂ ਵਲੋਂ ਕੁਝ ਕਿਤਾਬਚੇ ਵੀ ਵੰਡੇ ਗਏ।

### ਅਕਾਲ ਤਖ਼ਤ ਦੇ ਜਥੇਦਾਰ ਦਾ ਸੰਦੇਸ਼

ਸਮਾਗਮ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਸੰਗਤ ਨੂੰ ਮਿਲ ਬੈਠ ਕੇ ਆਪਸੀ ਗੱਲਬਾਤ ਰਾਹੀਂ ਗਿਲੇ-ਸ਼ਿਕਵੇ ਦੂਰ ਕਰਨ ਅਤੇ ਇਕਜੁੱਟਤਾ ਕਾਇਮ ਕਰਨ ਦੀ ਰਵਾਇਤ ਨੂੰ ਕਾਇਮ ਕਰਨ ਦਾ ਸੰਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਪੰਜਾਬ ਦੇ ਸਮੂਹ ਸਿੱਖ ਸੰਸਦ ਮੈਂਬਰਾਂ ਨੂੰ ਆਖਣਗੇ ਕਿ ਆਉਂਦੇ ਸੰਸਦ ਇਜਲਾਸ ਵਿਚ ਫੌਜੀ ਹਮਲੇ ਖ਼ਿਲਾਫ਼ ਮੁਆਫ਼ੀ ਦਾ ਮਤਾ ਲੈ ਕੇ ਜਾਣ ਅਤੇ ਸਰਕਾਰ 'ਤੇ ਮੁਆਫ਼ੀ ਮਤਾ ਪਾਸ ਕਰਨ ਲਈ ਦਬਾਅ ਪਾਉਣ। ਉਨ੍ਹਾਂ ਪੰਜਾਬ ਦੀ ਨੌਜਵਾਨੀ ਦੇ ਵਿਦੇਸ਼ ਜਾਣ ਦੇ ਰੁਝਾਨ 'ਤੇ ਚਿੰਤਾ ਪ੍ਰਗਟ ਕਰਦਿਆਂ ਇਸ ਸੰਜੀਦਾ ਮਾਮਲੇ 'ਤੇ ਕੌਮ ਨੂੰ ਸੁਚੇਤ ਹੋਣ ਦੀ ਅਪੀਲ ਕੀਤੀ। ਉਨ੍ਹਾਂ ਆਖਿਆ ਕਿ ਜੇਕਰ ਇਹ ਰੁਝਾਨ ਇਸੇ ਤਰ੍ਹਾਂ ਹੀ ਜਾਰੀ ਰਿਹਾ ਤਾਂ ਭਵਿੱਖ ਵਿਚ ਪੰਜਾਬ ਦੇ ਉੱਚ ਅਹੁਦਿਆਂ 'ਤੇ ਸਿੱਖ ਅਧਿਕਾਰੀ ਨਹੀਂ ਲੱਭਣਗੇ। ਉਨ੍ਹਾਂ ਸਿੱਖ ਕੌਮ ਨੂੰ ਆਪਣੇ ਬੱਚਿਆਂ ਤੇ ਨੌਜਵਾਨਾਂ ਨੂੰ ਚੰਗੀ ਵਿਦਿਆ ਨਾਲ ਜੋੜਨ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਆਖਿਆ ਕਿ ਜੇ ਸਾਡੀ ਨੌਜਵਾਨੀ ਚੰਗੀ ਵਿੱਦਿਆ ਦੀ ਧਾਰਨੀ ਬਣੇਗੀ ਤਾਂ ਕੌਮ ਹਰ ਖੇਤਰ ਵਿਚ ਤਰੱਕੀ ਕਰੇਗੀ।

### ਲੌਂਗੋਵਾਲ ਨੇ ਸਿੱਖ ਨੌਜਵਾਨਾਂ ਨੂੰ ਨਿੰਦਿਆ

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਇਸ ਦਿਹਾੜੇ ਮੌਕੇ ਸਿੱਖਾਂ ਦੇ ਅੱਲ੍ਹੇ ਜ਼ਖ਼ਮ ਰਿਸਣ ਲੱਗ ਪੈਂਦੇ ਹਨ



ਪਰ ਇਸ ਦਿਹਾੜੇ 'ਤੇ ਹੁੱਲੜਬਾਜ਼ੀ ਤੇ ਭੜਕਾਊ ਨਾਅਰੇਬਾਜ਼ੀ ਠੀਕ ਨਹੀਂ ਹੈ, ਕਿਉਂਕਿ ਇਸ ਨਾਲ ਸ਼ਹੀਦਾਂ ਦੇ ਪਰਿਵਾਰਾਂ ਦੇ ਮਨਾਂ ਨੂੰ ਠੇਸ ਪੁਜਦੀ ਹੈ। ਸਮਾਗਮ ਵਿਚ ਸ਼ਰਧਾਂਜਲੀ ਦੇਣ ਆਏ ਸਿੱਖ ਆਗੂਆਂ ਵਿਚ ਸ਼੍ਰੋਮਣੀ ਕਮੇਟੀ ਮੈਂਬਰ, ਅਧਿਕਾਰੀਆਂ ਤੋਂ ਇਲਾਵਾ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ, ਗ੍ਰੰਥੀ ਗਿਆਨੀ ਸੁਖਜਿੰਦਰ ਸਿੰਘ ਆਦਿ ਸ਼ਾਮਲ ਸਨ।

### ਸ਼ਹੀਦਾਂ ਦੀ ਪੱਕੀ ਸੂਚੀ ਤਿਆਰ ਹੋਵੇ

ਜੂਨ 1984 ਸਾਕਾ ਨੀਲਾ ਤਾਰਾ ਫ਼ੌਜੀ ਹਮਲੇ ਦੌਰਾਨ ਸ਼ਹੀਦ ਹੋਏ ਲੋਕਾਂ ਦੀ ਹੁਣ ਤਕ ਕੋਈ ਵੀ ਪੱਕੀ ਸੂਚੀ ਨਹੀਂ ਬਣੀ ਹੈ। ਇਸ ਵਾਰ ਸ਼ਹੀਦੀ ਸਮਾਗਮ ਸਮੇਂ ਇਸ ਦੀ ਪੱਕੀ ਸੂਚੀ ਤਿਆਰ ਕਰਨ ਦੀ ਮੰਗ ਉੱਭਰੀ ਹੈ। ਇਹ ਮੰਗ ਸਾਬਕਾ ਫੈਡਰੇਸ਼ਨ ਆਗੂ ਜਸਬੀਰ ਸਿੰਘ ਘੁੰਮਣ ਨੇ ਕੀਤੀ ਹੈ, ਜੋ ਕਿ ਜੋਧਪੁਰ ਬੰਦੀਆਂ ਵਿਚ ਸ਼ਾਮਲ ਸਨ। ਘੁੰਮਣ ਨੇ 6 ਜੂਨ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਕਰਵਾਏ ਸਮਾਗਮ ਦੌਰਾਨ ਇਹ ਮੰਗ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਕੋਲ ਰੱਖੀ ਸੀ ਅਤੇ ਮਗਰੋਂ ਉਹ ਇਸ ਸਬੰਧੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਵੀ ਮਿਲੇ। ਇਸ ਸਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਉਹ ਇਹ ਸੂਚੀ ਅਗਲੇ ਵਰ੍ਹੇ ਤਕ ਤਿਆਰ ਕਰਨ ਲਈ ਯਤਨ ਕਰਨਗੇ। ਜ਼ਿਕਰਯੋਗ ਹੈ ਕਿ ਇਸ ਸਬੰਧੀ ਦਲ ਖਾਲਸਾ ਜਥੇਬੰਦੀ ਵੱਲੋਂ ਇਕ ਡਾਇਰੈਕਟਰੀ ਤਿਆਰ ਕੀਤੀ ਗਈ ਹੈ, ਜਿਸ ਵਿਚ ਹੁਣ ਤਕ 220 ਵਿਅਕਤੀਆਂ ਦੇ ਨਾਂ, ਫੋਟੋਆਂ ਅਤੇ ਵੇਰਵੇ ਸ਼ਾਮਲ ਕੀਤੇ ਗਏ ਹਨ। ਇਸੇ ਤਰ੍ਹਾਂ ਦਮਦਮੀ ਟਕਸਾਲ ਵਲੋਂ ਇਸ ਸਬੰਧੀ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਲਗਪਗ 900 ਵਿਅਕਤੀਆਂ ਦੀ ਇਕ ਸੂਚੀ ਤਿਆਰ ਕੀਤੀ ਗਈ ਹੈ, ਜਿਸ ਵਿਚੋਂ ਉਨ੍ਹਾਂ ਨੂੰ 60 ਤੋਂ 65 ਫ਼ੀਸਦ ਸ਼ਹੀਦਾਂ ਦੇ ਵੇਰਵੇ ਪ੍ਰਾਪਤ ਹੋਏ ਹਨ।

### ਤਿੰਨ ਜਥੇਦਾਰਾਂ ਵਲੋਂ ਆਪੋ-ਆਪਣੇ ਸੰਦੇਸ਼ ਜਾਰੀ

ਸ਼ਹੀਦੀ ਦਿਵਸ ਮੌਕੇ ਅਕਾਲ ਤਖ਼ਤ ਨੇੜੇ ਤਿੰਨ ਜਥੇਦਾਰਾਂ ਵਲੋਂ ਵੱਖ-ਵੱਖ ਸੰਦੇਸ਼ ਜਾਰੀ ਕੀਤੇ ਗਏ ਹਨ। ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਤੋਂ ਇਲਾਵਾ ਮੁਤਵਾਜ਼ੀ ਜਥੇਦਾਰ



ਭਾਈ ਧਿਆਨ ਸਿੰਘ ਮੰਡ ਅਤੇ ਜੇਲ੍ਹ ਵਿਚ ਬੰਦ ਜਗਤਾਰ ਸਿੰਘ ਹਵਾਰਾ ਦਾ ਸੰਦੇਸ਼ ਜਾਰੀ ਕੀਤਾ ਗਿਆ। ਸੰਦੇਸ਼ ਵਿਚ ਭਾਈ ਮੰਡ ਨੇ ਕਿਹਾ ਕਿ ਸਿੱਖ ਕੌਮ ਸ਼ਹੀਦਾਂ ਦੇ ਡੁੱਲ੍ਹੇ ਖ਼ੂਨ 'ਤੇ ਪਹਿਰਾ ਦਿੰਦੀ ਰਹੇਗੀ ਅਤੇ ਅਧੂਰੇ ਪਏ ਧਰਮ ਯੁੱਧ ਦੀ ਜਿੱਤ ਲਈ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਜੇਲ੍ਹ ਵਿਚ ਬੰਦ ਜਗਤਾਰ ਸਿੰਘ ਹਵਾਰਾ ਦਾ ਸੰਦੇਸ਼ ਭਾਈ ਗੁਰਚਰਨ ਸਿੰਘ ਨੇ ਅਕਾਲ ਤਖਤ ਨੇੜੇ ਪੜ੍ਹਿਆ ਕਿ ਘੱਲੂਘਾਰੇ ਦੀ ਯਾਦ ਨੂੰ ਮਨਾਉਂਦੇ ਹੋਏ ਕੌਮੀ ਸੰਘਰਸ਼ ਨੂੰ ਅੱਗੇ ਵਧਾਉਣ ਲਈ ਨਿਰੰਤਰ ਯਤਨਸ਼ੀਲ ਰਹਿਣ ਦੀ ਲੋੜ ਹੈ।

### 37 ਗੁਰਦੁਆਰਿਆਂ ਵਿਚ ਯਾਦਗਾਰਾਂ ਬਣਾਉਣ ਦਾ ਫ਼ੈਸਲਾ

ਜੂਨ 1984 ਦੇ ਫ਼ੌਜੀ ਹਮਲੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਤੋਂ ਇਲਾਵਾ ਜਿਨ੍ਹਾਂ ਹੋਰ 37 ਗੁਰਦੁਆਰਿਆਂ ਵਿਚ ਜਾਨੀ-ਮਾਲੀ ਨੁਕਸਾਨ ਹੋਇਆ ਸੀ, ਵਿਖੇ ਵੀ ਸ਼੍ਰੋਮਣੀ ਕਮੇਟੀ ਵਲੋਂ ਇਸ ਸਬੰਧੀ ਯਾਦ ਨੂੰ ਰੂਪਮਾਨ ਕਰਨ ਦਾ ਫ਼ੈਸਲਾ ਬੀਤੇ ਦਿਨੀਂ ਸੁਲਤਾਨਪੁਰ ਲੋਧੀ ਸਥਿਤ ਗੁਰਦੁਆਰਾ ਬੇਰ ਸਾਹਿਬ ਵਿਖੇ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਲਿਆ ਗਿਆ ਹੈ।

ਮੀਟਿੰਗ ਦੇ ਵੇਰਵਿਆਂ ਬਾਰੇ ਜਾਣਕਾਰੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦਿੱਤੀ ਤੇ ਕਿਹਾ ਕਿ ਇਸ ਸਬੰਧੀ ਸਬ-ਕਮੇਟੀ ਬਣਾਈ ਜਾਵੇਗੀ, ਜੋ ਇਨ੍ਹਾਂ ਗੁਰਦੁਆਰਿਆਂ ਵਿਚ ਹੋਏ ਨੁਕਸਾਨ ਦੇ ਵੇਰਵੇ ਇਕੱਠੇ ਕਰੇਗੀ ਅਤੇ ਇਸ ਨੂੰ ਰੂਪਮਾਨ ਕਰਨ ਬਾਰੇ ਵੀ ਸੁਝਾਅ ਦੇਵੇਗੀ। ਉਨ੍ਹਾਂ ਆਖਿਆ ਕਿ ਹਰਿਮੰਦਰ ਸਾਹਿਬ ਸਮੂਹ ਵਿਚ ਸ਼ਹੀਦੀ ਯਾਦਗਾਰ ਸਥਾਪਿਤ ਕੀਤੀ ਜਾ ਚੁੱਕੀ ਹੈ ਪਰ ਇਨ੍ਹਾਂ ਗੁਰਦੁਆਰਿਆਂ ਵਿਚ ਹੁਣ ਤਕ ਇਸ ਸਬੰਧੀ ਕੁਝ ਨਹੀਂ ਕੀਤਾ ਗਿਆ।

ਵੇਰਵਿਆਂ ਮੁਤਾਬਕ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਤੋਂ ਇਲਾਵਾ ਜਿਨ੍ਹਾਂ 37 ਗੁਰਦੁਆਰਿਆਂ ਨੂੰ ਫ਼ੌਜੀ ਹਮਲੇ ਸਮੇਂ ਨਿਸ਼ਾਨਾ ਬਣਾਇਆ ਗਿਆ ਸੀ, ਵਿਖੇ ਵੀ ਜਾਨੀ-ਮਾਲੀ ਨੁਕਸਾਨ ਹੋਇਆ ਸੀ। ਪਟਿਆਲਾ ਦੇ ਗੁਰਦੁਆਰੇ ਵਿਚ 17 ਵਿਅਕਤੀ ਫ਼ੌਜੀ ਹਮਲੇ ਦਾ ਨਿਸ਼ਾਨਾ ਬਣੇ ਸਨ। ਇਸੇ ਤਰ੍ਹਾਂ ਮੁਕਤਸਰ, ਤਰਨ ਤਾਰਨ, ਫਗਵਾੜਾ, ਬੰਗਾ, ਬਟਾਲਾ ਤੇ ਹੋਰ ਗੁਰਦੁਆਰਿਆਂ ਵਿਚ ਵੀ ਜਾਨੀ-ਮਾਲੀ ਨੁਕਸਾਨ ਹੋਇਆ ਸੀ।

ਸ਼੍ਰੋਮਣੀ ਕਮੇਟੀ ਵੱਲੋਂ ਇਸ ਜਾਨੀ-ਮਾਲੀ ਨੁਕਸਾਨ ਦੇ ਵੇਰਵੇ ਇਕੱਠੇ ਕਰ ਕੇ ਇਸ ਨੂੰ ਇਨ੍ਹਾਂ ਗੁਰਦੁਆਰਿਆਂ ਵਿਚ ਇਤਿਹਾਸ ਦੇ ਰੂਪ ਵਿਚ ਦਰਸਾਇਆ ਜਾ ਸਕਦਾ ਹੈ। ਮੀਟਿੰਗ ਵਿਚ ਫ਼ਤਹਿਗੜ੍ਹ ਸਾਹਿਬ ਵਿਖੇ ਮੁਕਾਬਲਾ ਪ੍ਰੀਖਿਆਵਾਂ ਲਈ ਕੋਚਿੰਗ ਸੈਂਟਰ ਖੋਲ੍ਹਣ ਦਾ ਫ਼ੈਸਲਾ ਲਿਆ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਵਿਚ ਆਈਏਐੱਸ, ਆਈਪੀਐੱਸ, ਪੀਸੀਐੱਸ ਪ੍ਰੀਖਿਆਵਾਂ ਦੀ ਤਿਆਰੀ ਲਈ ਕੋਚਿੰਗ ਕੇਂਦਰ ਖੋਲ੍ਹਿਆ ਜਾਵੇਗਾ। ਸਿੱਖ ਮਾਰਸ਼ਲ ਆਰਟ ਗਤਕਾ ਦੀ ਸਿਖਲਾਈ ਵਾਸਤੇ ਗਤਕਾ ਅਕੈਡਮੀ ਸਥਾਪਿਤ ਕੀਤੀ ਜਾਵੇਗੀ। ਸ੍ਰੀ ਅਨੰਦਪੁਰ ਸਾਹਿਬ ਵਿਖੇ ਅੱਗ ਲੱਗਣ ਨਾਲ ਦੁਕਾਨਾਂ ਸੜਨ ਦੀ ਵਾਪਰੀ ਘਟਨਾ ਦੇ ਸਬੰਧੀ ਸ਼੍ਰੋਮਣੀ ਕਮੇਟੀ ਨੇ ਸਬ ਕਮੇਟੀ ਬਣਾਉਣ ਦਾ ਫ਼ੈਸਲਾ ਲਿਆ ਹੈ, ਜਿਸ ਦੀ ਰਿਪੋਰਟ ਮੁਤਾਬਕ ਸ਼੍ਰੋਮਣੀ ਕਮੇਟੀ ਵੱਲੋਂ ਦੁਕਾਨਦਾਰਾਂ ਨੂੰ ਸਹਾਇਤਾ ਦਿੱਤੀ ਜਾਵੇਗੀ।

## ਸ਼ਿਵ ਸੈਨਿਕਾਂ ਵੱਲੋਂ ਸੰਤਾਂ ਦੇ ਪੁਤਲੇ ਫੂਕ ਕੇ ਪੰਜਾਬ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼

### ਜਲੰਧਰ 'ਚ ਸ਼ਿਵ ਸੈਨਾ ਦੇ ਪ੍ਰਧਾਨ ਜੋਸ਼ੀ ਨੇ ਸਿੱਖ ਨੌਜਵਾਨਾਂ ਕੋਲੋਂ ਥੱਪੜ ਖਾਧੇ

**ਲੁਧਿਆਣਾ/ਏਟੀ ਨਿਊਜ਼ :**
ਸਾਕਾ ਦਰਬਾਰ ਸਾਹਿਬ ਦੀ ਵਰ੍ਹੇਗੰਢ 'ਤੇ ਲੁਧਿਆਣਾ ਵਿਖੇ ਸਿੱਖ ਜਥੇਬੰਦੀਆਂ ਤੇ ਸਿਵ ਸੈਨਾ ਵਿਚਾਲੇ ਟਕਰਾਅ ਹੋਇਆ। ਲੁਧਿਆਣੇ ਦੇ ਸਥਾਨਕ ਨਿੱਕਾਮਲ ਚੌਕ ਵਿਚ ਨਿਹੰਗ ਸਿੰਘਾਂ ਤੇ ਸ਼ਿਵ ਸੈਨਾ ਦੇ ਵਰਕਰਾਂ ਵਿਚਾਲੇ ਹੋਏ ਜ਼ਬਰਦਸਤ ਟਕਰਾਅ ਕਾਰਨ ਸਥਿਤੀ ਤਣਾਅਪੂਰਨ ਬਣੀ ਰਹੀ, ਜਦਕਿ ਪੁਲੀਸ ਵੱਲੋਂ ਇਲਾਕੇ ਨੂੰ ਪੂਰੀ ਤਰ੍ਹਾਂ ਨਾਲ ਪੁਲੀਸ ਛਾਉਣੀ ਵਿਚ ਤਬਦੀਲ ਕਰ ਦਿੱਤਾ ਗਿਆ ਸੀ। ਜਾਣਕਾਰੀ ਅਨੁਸਾਰ ਇੱਕ ਸਿੱਖ ਗੱਭਰੂ ਦੀ ਕਥਿਤ ਤੌਰ ਤੇ ਕੁੱਟਮਾਰ ਕਰਨ ਉਪਰੰਤ ਸੂਚਨਾ ਮਿਲਣ 'ਤੇ ਇਹ ਨਿਹੰਗ ਸਿੰਘ ਉੱਥੇ ਪਹੁੰਚ ਗਏ ਸਨ। ਇਸ ਸਿੱਖ ਗੱਭਰੂ ਵੱਲੋਂ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਦੇ ਨਾਮ ਦੀ ਟੀ-ਸ਼ਰਟ ਪਾਈ ਹੋਈ ਸੀ, ਜਦੋਂ ਇਹ ਨੌਜਵਾਨ ਉੱਥੇ ਪਹੁੰਚਿਆ ਤਾਂ ਇਸ ਦੀ





ਕੁੱਝ ਸ਼ਿਵ ਸੈਨਾਨੀ ਗੁੰਡਿਆਂ ਵੱਲੋਂ ਕੁੱਟਮਾਰ ਕੀਤੀ ਗਈ। ਸੂਚਨਾ ਮਿਲਦਿਆਂ ਮੌਕੇ 'ਤੇ ਪਹੁੰਚੇ ਨਿਹੰਗ ਸਿੰਘਾਂ ਵੱਲੋਂ ਉੱਥੇ ਸੜਕ 'ਤੇ ਲੱਗੇ ਸ਼ਿਵ ਸੈਨਾ ਦੇ ਪੋਸਟਰ ਪਾੜ ਦਿੱਤੇ ਗਏ ਜਿਸ ਤੇ ਸ਼ਿਵ ਸੈਨਾ ਵਰਕਰ ਵੀ ਭਾਰੀ ਗਿਣਤੀ ਵਿਚ ਨਿੱਕਾਮਲ ਚੌਕ ਵਿਖੇ ਪਹੁੰਚ ਗਏ ਹਨ। ਸੂਚਨਾ ਮਿਲਦੇ ਉੱਚ ਪੁਲਿਸ ਅਧਿਕਾਰੀ ਵੀ ਮੌਕੇ ਤੇ ਪਹੁੰਚੇ ਹਨ ਤੇ ਉਨ੍ਹਾਂ ਵੱਲੋਂ ਦੋਵਾਂ ਧਿਰਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ।

**ਤਣਾਅਪੂਰਨ ਰਿਹਾ ਲੁਧਿਆਣਾ-**
ਸ਼ਹਿਰ ਵਿੱਚ ਸਾਕਾ ਦਰਬਾਰ ਸਾਹਿਬ ਦੀ ਬਰਸੀ ਨੂੰ ਲੈ ਕੇ ਪੂਰਾ ਦਿਨ ਸਥਿਤੀ ਤਣਾਅਪੂਰਨ ਰਹੀ। ਇਸ ਦੌਰਾਨ ਜਿੱਥੇ ਕਈ ਸਿੱਖ ਜਥੇਬੰਦੀਆਂ ਵੱਲੋਂ ਖਾਲਿਸਤਾਨ ਪੱਖੀ ਨਾਅਰੇ ਲਾਏ ਗਏ, ਉੱਥੇ ਦੂਜੇ ਪਾਸੇ ਕਈ ਹਿੰਦੂ ਜਥੇਬੰਦੀਆਂ ਵੱਲੋਂ ਖਾਲਿਸਤਾਨੀ ਲੋਗੋ ਅਤੇ ਪਰਚਿਆਂ ਨੂੰ ਅੱਗ ਲਾ ਦਿੱਤੀ ਗਈ।

ਬਾਕੀ ਸਫ਼ਾ 28 'ਤੇ

ਅੰਮ੍ਰਿਤਸਰ ਟਾਈਮਜ਼
AMRITSAR TIMES
12 ਜੂਨ 2019 ਤੋਂ 18 ਜੂਨ 2019

## ਜੂਨ-84 : ਸਿੱਖ ਇਤਿਹਾਸ ਦਾ ਤੀਜਾ ਘੱਲੂਘਾਰਾ

**ਮਨਜੀਤ ਸਿੰਘ ਟਿਵਾਣਾ**

ਸਿੱਖ ਇਤਿਹਾਸ ਵਿਚ ਤਿੰਨ ਵੱਡੀਆਂ ਲੜਾਈਆਂ ਨੂੰ ਘੱਲੂਘਾਰਿਆਂ ਦਾ ਨਾਮ ਦਿੱਤਾ ਗਿਆ ਹੈ। ਪੰਜਾਬੀ ਪੀਡੀਆ ਮੁਤਾਬਿਕ 'ਘੱਲੂਘਾਰਾ' ਦਾ ਅਰਥ ਹੈ ਤਬਾਹੀ, ਬਰਬਾਦੀ ਤੇ ਸਰਵਨਾਸ਼ ਹੋਣਾ। ਪਹਿਲੇ ਦੋ ਘੱਲੂਘਾਰੇ ਭਾਰਤ ਵਿਚ ਮੁਗਲ ਹਕੂਮਤ ਦੇ ਸਮੇਂ ਵਾਪਰੇ ਜਦੋਂ ਸਿੱਖ ਕੌਮ ਅਜੇ ਪੂਰੀ ਤਰ੍ਹਾਂ ਜਥੇਬੰਦ ਨਹੀਂ ਹੋਈ ਸੀ ਤੇ ਸਿੱਖ ਮਿਸਲਾਂ ਦਾ ਦੌਰ-ਦੌਰਾ ਸੀ। ਇਹ ਵਿਦੇਸ਼ੀ ਜਰਵਾਣਿਆਂ ਦੀ ਗੁਲਾਮੀ ਦਾ ਦੌਰ ਸੀ ਤੇ ਮੁਗਲੀਆ ਗੁਲਾਮੀ ਦਾ ਜੂਲਾ ਗਲੋਂ ਲਾਹੁਣ ਲਈ ਸਿੱਖ ਲਹੂ ਵੀਟਵੀਂ ਜੰਗ ਲੜ ਰਹੇ ਸਨ। ਤੀਜਾ ਘੱਲੂਘਾਰਾ ਸਾਡੇ ਦੌਰ ਦਾ ਹੈ ਤੇ ਇਹ ਉਸ ਦੇਸ਼-ਹਕੂਮਤ ਦੇ ਰਾਜਕਾਲ ਵਿਚ ਵਾਪਰਿਆ ਹੈ, ਜਿਸ ਦੇਸ਼ ਨੂੰ ਆਜ਼ਾਦ ਨੂੰ ਕਰਵਾਉਣ ਲਈ ਸਿੱਖਾਂ ਨੇ ਕਦੇ ਮੁਗਲਾਂ ਤੇ ਕਦੇ ਅੰਗਰੇਜ਼ਾਂ ਨਾਲ ਵੱਡਾ ਸੰਘਰਸ਼ ਕੀਤਾ ਸੀ, ਜਿਸ ਦੇਸ਼ ਨੂੰ ਉਨ੍ਹਾਂ ਦਾ ਆਪਣਾ ਦੇਸ਼ ਕਿਹਾ ਗਿਆ ਸੀ।

ਪਹਿਲਾ ਛੋਟਾ ਘੱਲੂਘਾਰਾ 17 ਮਈ 1746 ਨੂੰ ਵਾਪਰਿਆ ਸੀ। ਯਹੀਆ ਖ਼ਾਨ ਲਾਹੌਰ ਦਾ ਗਵਰਨਰ ਸੀ ਤੇ ਉਸ ਦਾ ਸੂਬੇਦਾਰ ਲਖਪਤ ਰਾਏ ਸੀ। ਲਖਪਤ ਰਾਏ ਦਾ ਭਰਾ ਜਸਪਤ ਰਾਏ ਵੀ ਫ਼ੌਜ ਦਾ ਸੈਨਾਪਤੀ ਸੀ। ਇਹ ਸਾਰੇ ਅੰਦਰਖਾਤੇ ਸਿੱਖਾਂ ਨੂੰ ਖਤਮ ਕਰਨ 'ਤੇ ਤੁਲੇ ਹੋਏ ਸਨ। ਦੀਵਾਨ ਲਖਪਤ ਰਾਇ ਨਾਲ ਖਾਲਸੇ ਦੀ ਕਾਹਨੂੰਵਾਨ ਦੇ ਛੰਭ ਵਿਚ ਲੜਾਈ ਹੋਈ ਸੀ। ਛੋਟੇ ਘੱਲੂਘਾਰੇ ਦੇ ਇਸ ਯੁੱਧ ਵਿਚ ਲਗਭਗ 11000 ਸਿੰਘ ਸ਼ਹੀਦ ਹੋਏ ਸਨ।

ਵੱਡਾ ਘੱਲੂਘਾਰਾ 5 ਫਰਵਰੀ 1762 ਨੂੰ ਮਾਲੇਰਕੋਟਲਾ ਦੇ ਨਜ਼ਦੀਕ 'ਕੁੱਪ-ਰਹੀੜੇ' ਦੇ ਮੈਦਾਨ 'ਚ ਵਾਪਰਿਆ ਸੀ। ਇਸ ਦੇ ਵਾਪਰਨ ਦਾ ਕਾਰਨ ਅਫਗਾਨ ਹਮਲਾਵਰ ਅਹਿਮਦ ਸ਼ਾਹ ਅਬਦਾਲੀ ਅੰਦਰ ਸਿੱਖਾਂ ਪ੍ਰਤੀ ਅੰਤਾਂ ਦਾ ਗੁੱਸਾ ਸੀ। ਉਹ ਸਿੱਖਾਂ ਨੂੰ ਸਬਕ ਸਿਖਾਉਣਾ ਚਾਹੁੰਦਾ ਸੀ। ਇਥੇ ਵੀ ਖਾਲਸੇ ਵੱਲੋਂ ਅਹਿਮਦ ਸ਼ਾਹ ਅਬਦਾਲੀ ਨੂੰ ਹਿੰਦੂਸਤਾਨ ਦੀ ਲੁੱਟ-ਖਸੁੱਟ ਕਰਨ ਤੋਂ ਰੋਕਣਾ ਅਤੇ ਇਥੋਂ ਲੁੱਟਿਆ ਮਾਲ-ਅਸਬਾਬ ਤੇ ਬੰਦੀ ਬਣਾ ਕੇ ਕਾਬੁਲ ਲਿਜਾਈਆ ਜਾ ਰਹੀਆਂ ਹਿੰਦੂਸਤਾਨੀ ਕੁੜੀਆਂ ਨੂੰ ਅਬਦਾਲੀ ਕੋਲੋਂ ਮੁੜ ਖੋਹ ਲੈਣਾ ਹੀ ਉਸ ਨਾਲ ਲੜਾਈ ਦਾ ਕਾਰਨ ਬਣਿਆ। ਇਸ ਜੰਗ ਵਿਚ ੫੦,੦੦੦ ਦੇ ਕਰੀਬ ਸਿੱਖਾਂ ਉਤੇ ਅਚਾਨਕ ਅਬਦਾਲੀ ਦੀ ਫੌਜ ਆਣ ਪਈ। ਸਿੱਖਾਂ ਦੇ ਕਾਫਿਲੇ 'ਚ ਬਿਰਧ, ਬੱਚੇ ਤੇ ਔਰਤਾਂ ਸ਼ਾਮਿਲ ਸਨ। ਮੁਸਲਮਾਨ ਅਤੇ ਅੰਗਰੇਜ਼ ਇਤਿਹਾਸਕਾਰਾਂ ਅਨੁਸਾਰ ਇਸ ਜੰਗ ਵਿਚ ਮਾਰੇ ਗਏ ਸਿੱਖਾਂ ਦੀ ਗਿਣਤੀ 12 ਤੋਂ 30 ਹਜ਼ਾਰ ਦੇ ਕਰੀਬ ਸੀ।

ਤੀਜਾ ਘੱਲੂਘਾਰਾ 4 ਜੂਨ 1984 ਨੂੰ ਦਰਬਾਰ ਸਾਹਿਬ 'ਤੇ ਹਿੰਦੋਸਤਾਨੀ ਫੌਜ ਦੇ ਹਮਲੇ ਦੌਰਾਨ ਵਾਪਰਿਆ। ਇਸ ਲਈ 15,000 ਫ਼ੌਜੀਆਂ ਦਾ ਲਾਮ ਲਸ਼ਕਰ ਲਿਆਂਦਾ ਗਿਆ ਅਤੇ 35,000 ਫ਼ੌਜੀਆਂ ਨੂੰ ਤਿਆਰ ਬਰ ਤਿਆਰ ਰਹਿਣ ਦੇ ਹੁਕਮ ਸਨ। ਸਿੱਖਾਂ ਵੱਲੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਸਮੇਤ ਡੇਢ ਕੁ ਸੌ ਸਿੰਘਾਂ ਨੇ ਚਾਰ ਦਿਨ ਡਟ ਕੇ ਮੁਕਾਬਲਾ ਕੀਤਾ ਗਿਆ। ਇਸ ਹਮਲੇ ਵਿਚ ਸ੍ਰੀ ਅਕਾਲ ਤਖ਼ਤ ਢਹਿ ਢੇਰੀ ਕਰ ਦਿੱਤਾ ਗਿਆ, ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਸਮੇਤ ਉਨ੍ਹਾਂ ਦੇ ਖਾੜਕੂ ਸਿੰਘਾਂ ਦੇ ਨਾਲ ਹੀ ਪੰਜ-ਛੇ ਹਜ਼ਾਰ ਦੇ ਕਰੀਬ ਸਿੱਖ ਸ਼ਰਧਾਲੂਆਂ ਨੂੰ ਮਾਰ ਦਿੱਤਾ ਗਿਆ। ਸੰਤ ਭਿੰਡਰਾਂਵਾਲਿਆਂ ਸਮੇਤ ਖਾੜਕੂ ਸਿੰਘਾਂ ਦੀ ਗਿਣਤੀ 138 ਹੀ ਦੱਸੀ ਜਾਂਦੀ ਹੈ। ਬਾਕੀ ਨਿਹੱਥੇ ਸਿੱਖ ਸ਼ਰਧਾਲੂ ਅਤੇ ਦਰਬਾਰ ਸਾਹਿਬ ਦੇ ਕਰਮਚਾਰੀ ਅਤੇ ਸੇਵਾਦਾਰ ਹੀ ਸਨ। ਪੰਜਾਬ ਭਰ ਵਿਚ 37 ਹੋਰ ਗੁਰਦੁਆਰਾ ਸਾਹਿਬਾਨ ਉਪਰ ਵੀ ਭਾਰਤੀ ਫ਼ੌਜ ਨੇ ਹਮਲਾ ਕੀਤਾ। ਇਸ ਤੋਂ ਬਾਅਦ ਇਕ ਦਹਾਕਾ ਸਿੱਖ ਕਤਲੇਆਮ ਦਾ ਦੌਰ ਚੱਲਿਆ ਤੇ ਵੱਡੀ ਪੱਧਰ ਉਤੇ ਸਿੱਖਾਂ ਨੂੰ ਮਾਰਿਆ ਗਿਆ। ਸਿੱਖਾਂ ਨੇ ਵੀ ਵੱਖ-ਵੱਖ ਖਾੜਕੂ ਜਥੇਬੰਦੀਆਂ ਦੇ ਨਾਮ ਹੇਠ ਹਥਿਆਰਬੰਦ ਸੰਘਰਸ਼ ਕੀਤਾ ਤੇ ਮੂੰਹ ਤੋੜਵਾਂ ਜਵਾਬ ਦਿੱਤਾ।

ਤਿੰਨਾਂ ਹੀ ਘੱਲੂਘਾਰਿਆਂ ਦੀਆਂ ਕਈ ਗੱਲਾਂ ਸਾਂਝੀਆਂ ਹਨ। ਦੀਵਾਨ ਲਖਪਤ ਰਾਏ, ਅਹਿਮਦ ਸ਼ਾਹ ਅਬਦਾਲੀ ਤੇ ਇੰਦਰਾ ਗਾਂਧੀ ਤਿੰਨੋ ਹੀ ਸਿੱਖਾਂ ਨੂੰ ਸਬਕ ਸਿਖਾਉਣਾ ਚਾਹੁੰਦੇ ਸਨ। ਤਿੰਨਾਂ ਹੀ ਘੱਲੂਘਾਰਿਆਂ ਦਾ ਮੁੱਢ ਖਾਲਸੇ ਵੱਲੋਂ ਸਰਬੱਤ ਦੇ ਭਲੇ ਲਈ ਤੇ ਆਮ ਲੋਕਾਂ ਦੇ ਹੱਕ-ਹਕੂਕਾਂ ਲਈ ਮੂਹਰੇ ਹੋ ਕੇ ਜਰਵਾਣਿਆਂ ਨੂੰ ਡੱਕਣ ਕਾਰਨ ਬੱਝਿਆ। ਤਿੰਨਾਂ ਹੀ ਘੱਲੂਘਾਰਿਆਂ ਦੌਰਾਨ ਦੁਸ਼ਮਣਾਂ ਦੀ ਸਿੱਖਾਂ ਦਾ ਖੁਰਾ-ਖੋਜ ਮਿਟਾ ਦੇਣ ਦੀ ਬਿਰਤੀ ਹਾਵੀ ਰਹੀ। ਤਿੰਨਾਂ ਹੀ ਘੱਲੂਘਾਰਿਆਂ ਵਿਚ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਣ ਦੇ ਬਾਵਜੂਦ ਸਿੱਖ ਮੁੜ ਪੂਰੇ ਜੋਸ਼ੋ-ਖਰੋਸ਼ ਨਾਲ ਜੰਗ ਦੇ ਮੈਦਾਨ ਵਿਚ ਆਏ। ਤਿੰਨਾਂ ਹੀ ਘੱਲੂਘਾਰਿਆਂ ਤੋਂ ਬਾਅਦ ਸਿੱਖਾਂ ਨੇ ਆਪਣੀ ਆਜ਼ਾਦੀ ਤੇ ਖ਼ੁਦ ਦਾ ਰਾਜ-ਭਾਗ ਸਥਾਪਿਤ ਕਰਨ ਵੱਲ ਪੁਲਾਂਘ ਪੁੱਟੀ।

ਸਿੱਖ ਇਤਿਹਾਸ ਦੇ ਇਨ੍ਹਾਂ ਤਿੰਨਾਂ ਵਿਚੋਂ ਦੋ ਘੱਲੂਘਾਰਿਆਂ ਪਿੱਛੇ ਗੁਰੂ ਨਾਨਕ ਦੇ ਘਰ ਨਾਲ ਸਦੀਆਂ ਤੋਂ ਖਾਰ ਖਾਂਦੀ ਆ ਰਹੀ ਬਿਪਰਵਾਦੀ ਮਾਨਸਿਕਤਾ ਦਾ ਵੀ ਵੱਡਾ ਰੋਲ ਰਿਹਾ। ਇਸੇ ਕਰ ਕੇ ਅੱਜ ਜਦੋਂ ਸਿੱਖ ਪਹਿਲੇ ਜਾਂ ਦੂਜੇ ਘੱਲੂਘਾਰੇ ਦੀ ਯਾਦ ਮਨਾਉਂਦੇ ਹਨ, ਤਾਂ ਕਿਸੇ ਨੂੰ ਕੋਈ ਬਹੁਤਾ ਉਜਰ ਨਹੀਂ ਹੁੰਦਾ ਪਰ ਜਦੋਂ ਤੀਜੇ ਘੱਲੂਘਾਰੇ ਤੇ ਜਬਰ-ਜ਼ੁਲਮ ਨੂੰ ਯਾਦ ਕਰਨ ਦੀ ਗੱਲ ਆਉਂਦੀ ਹੈ, ਤਾਂ ਭਾਰਤੀ ਹਕੂਮਤ ਨੂੰ ਆਪਣਾ ਸਿੰਘਾਸਣ ਡੋਲਦਾ ਮਹਿਸੂਸ ਹੋਣ ਲਗਦਾ ਹੈ। ਪਹਿਲੇ ਦੋ ਘੱਲੂਘਾਰਿਆਂ ਨੇ ਸਿੱਖਾਂ ਨੂੰ ਆਪਣਾ ਆਜ਼ਾਦ ਖਾਲਸਾ ਰਾਜ ਸਥਾਪਿਤ ਕਰਨ ਦੇ ਰਾਹ ਵੱਲ ਤੋਰਿਆ ਸੀ ਤੇ ਹੁਣ ਤੀਜਾ ਘੱਲੂਘਾਰਾ ਵੀ ਇਤਿਹਾਸ ਦੁਹਰਾਉਣ ਦੇ ਰਾਹ ਪਿਆ ਹੋਇਆ ਹੈ। ਇਸੇ ਕਰ ਕੇ ਹਰ ਸਾਲ ਇਨ੍ਹਾਂ ਖਾਸ ਦਿਨਾਂ ਵਿਚ ਸਿੱਖਾਂ ਦੀ ਨਕਲੋ-ਹਰਕਤ ਉਤੇ ਖਾਸ ਨਜ਼ਰ ਰੱਖੀ ਜਾਂਦੀ ਹੈ। ਆਨੀ-ਬਹਾਨੀ ਸਿੱਖਾਂ ਨੂੰ ਆਪਸ ਵਿਚ ਵੰਡਿਆ ਤੇ ਲੜਾਇਆ ਜਾਂਦਾ ਹੈ। ਸੰਤ ਜਰਨੈਲ ਸਿੰਘ ਭਿੰਡਰਾਵਾਲਿਆਂ ਦੀਆਂ ਤਸਵੀਰਾਂ ਨੂੰ ਅੱਗ ਲਗਾਈ ਜਾਂਦੀ ਹੈ ਤੇ ਕਥਿਤ ਅੱਤਵਾਦ ਵਿਰੋਧੀ ਦਿਵਸ ਮਨਾਉਣ ਦੀਆਂ ਕੋਹਝੀਆਂ ਹਰਕਤਾਂ ਨੂੰ ਅੰਜ਼ਾਮ ਦਿੱਤਾ ਜਾਂਦਾ ਹੈ।

ਨਿਰਸੰਦੇਹ ਤੀਜੇ ਘੱਲੂਘਾਰੇ ਨੇ ਭਾਰਤ ਅਤੇ ਸਿੱਖਾਂ ਦੇ ਸਬੰਧਾਂ ਨੂੰ ਮੁੜ-ਪਰਭਾਸ਼ਿਤ ਕੀਤਾ ਹੈ, ਸਿੱਖ ਕੌਮ ਨੂੰ ਭਾਰਤ ਵਿਚ ਆਪਣੇ ਭਵਿੱਖ ਅਤੇ ਹੋਣੀ ਦੇ ਸਵਾਲ ਦੇ ਰੂਬਰੂ ਕੀਤਾ ਹੈ। ਸਿੱਖਾਂ ਦੀ ਨਵੀਂ ਪੀੜ੍ਹੀ ਅੰਦਰ ਜੂਨ 1984 ਦੇ ਘੱਲੂਘਾਰੇ ਨੂੰ ਦੇਖਣ-ਪਰਖਣ ਲਈ ਬੀਤੇ ਦੇ ਦੋ ਵੱਡੇ ਘੱਲੂਘਾਰਿਆਂ ਸਮੇਤ ਸ਼ਾਨਾਮੱਤਾ ਸਿੱਖ ਇਤਿਹਾਸ ਪਿਆ ਹੈ। ਸਿੱਖ ਕੌਮ ਦੇ ਭਵਿੱਖ ਦੀਆਂ ਜੜ੍ਹਾਂ ਸਿੱਖ ਵਿਰਸੇ ਵਿਚ ਹੀ ਹਨ। ਸਿੱਖ ਵਿਦਵਾਨ ਡਾ. ਗੁਰਭਗਤ ਸਿੰਘ ਦਾ 'ਜ਼ਖਮ ਨੂੰ ਸੂਰਜ ਬਣਾਓ' ਦਾ ਹੋਕਾ ਇਸੇ ਸੰਦਰਭ ਵਿਚ ਹੀ ਹੈ।

ਸਾਕਾ ਦਰਬਾਰ ਸਾਹਿਬ ਤੋਂ ਬਾਅਦ ਪੰਜਾਬ ਨੇ ਵੱਡਾ ਦਰਦ ਹੰਢਾਇਆ ਹੈ। ਹੁਣ ਲੜਾਈ ਪੰਜਾਬ ਦੀ ਰਾਜਧਾਨੀ, ਪੰਜਾਬੀ ਬੋਲੀ, ਪਾਣੀਆਂ ਨੂੰ ਬਚਾਉਣ ਸਮੇਤ ਹੋਰ ਸਿੱਖ ਮੰਗਾਂ ਦੀ ਤਾਂ ਹੈ ਹੀ ਪਰ ਕੌਮ ਆਪਣੇ ਅੰਤਰੀਵ ਵਿਚ ਅੰਗੜਾਈ ਲੈ ਰਹੀ ਮੁਕੰਮਲ ਆਜ਼ਾਦੀ ਦੀ ਤਾਂਘ ਪੂਰੀ ਕਰਨ ਦੇ ਪੈਂਡੇ ਉਤੇ ਕਿਵੇਂ ਤੇ ਕਿੰਨਾ ਸਾਬਤ-ਕਦਮੀ ਹੋ ਕੇ ਤੁਰਦੀ ਹੈ, ਇਹੋ ਸਾਡੇ ਭਵਿੱਖ ਦੇ ਨਕਸ਼ ਤੈਅ ਕਰੇਗਾ।

# ਪੰਜਾਬ ਦੀ ਹਸਤੀ ਗੁਰਮਤਿ ਕ੍ਰਾਂਤੀ ਨਾਲ ਹੀ ਕਾਇਮ ਰਹਿ ਸਕਦੀ ਹੈ

**ਵਿਸ਼ਵ ਪੂੰਜੀ ਅਤੇ ਭਾਰਤੀ ਪੂੰਜੀ ਨਾਲ ਆਪਣੀ ਹਸਤੀ ਅਨੁਸਾਰ ਰਿਸ਼ਤਾ ਬਣਾਉਣਾ ਵੀ ਸੰਭਵ ਹੈ। ਸ਼ਰਤ ਇਹ ਹੈ ਕਿ ਇਹ ਪਤਾ ਹੋਵੇ ਕਿ ਸਟੇਟ ਦੀ ਹਸਤੀ ਕੀ ਹੈ। ਗੰਭੀਰ ਚਿੰਤਨ ਨਾਲ ਇਹ ਫੈਸਲਾ ਕਰਨਾ ਪਵੇਗਾ ਕਿ ਸਟੇਟ ਨੇ ਵਿਸ਼ਾਲ ਮੰਡੀ ਦੀ ਵਸਤ ਬਣਨਾ ਹੈ ਜਾਂ ਇਕ ਸਿਧਾਂਤਕ ਚਿੰਨ੍ਹ ਵੀ ਜੋ ਮੰਡੀ ਨੂੰ ਕੁੱਝ ਹੱਦ ਤੱਕ ਪ੍ਰਭਾਵਿਤ ਕਰ ਸਕੇ। ਅਮਰੀਕਾ ਅਤੇ ਚੀਨ ਆਪਣੇ ਕੁਝ ਨਾ-ਪੱਖੀ ਫੈਸਲਿਆਂ ਅਤੇ ਅਭਿਆਸਾਂ ਦੇ ਬਾਵਜੂਦ ਇਹ ਭਾਗ ਅਦਾ ਕਰ ਰਹੇ ਹਨ। ਉੱਤਰੀ ਵੀਅਤਨਾਮ ਅਤੇ ਕਿਊਬਾ ਨੇ ਆਪਣੀਆਂ ਕ੍ਰਾਂਤੀਆਂ ਤੋਂ ਕੁਝ ਸਾਲ ਪਿੱਛੋਂ ਤੱਕ ਵਿਸ਼ਵ ਪੂੰਜੀ/ਮੰਡੀ ਨੂੰ ਪ੍ਰਭਾਵਿਤ ਕੀਤਾ ਸੀ ਪਰ ਹੁਣ ਉਨ੍ਹਾਂ ਵਿਚ ਵੀ ਖੜੋਤ ਆ ਚੁੱਕੀ ਹੈ, ਪੰਜਾਬ ਜੇਤੂ ਤਦ ਹੀ ਹੋ ਸਕਦਾ ਹੈ ਜੇ ਆਪਣੀ ਸਿਧਾਂਤਕ ਹਸਤੀ ਬਾਰੇ ਚੇਤਨਤਾ ਨਾਲ ਅੱਗੇ ਵਧੇ।**

**-ਡਾ. ਗੁਰਭਗਤ ਸਿੰਘ**

ਪੰਜਾਬ ਚਿੰਤਨ ਦੀ ਪੱਧਰ ਉੱਤੇ ਦੋ ਪ੍ਰਮੁੱਖ ਕ੍ਰਾਂਤੀਆਂ ਵਿਚੋਂ ਲੰਘਿਆ ਹੈ। ਪਹਿਲੀ ਕ੍ਰਾਂਤੀ ਰਿਗਵੇਦ ਨੇ ਲਿਆਂਦੀ। ਪਰ ਰਿਗਵੇਦਿਕ



ਕ੍ਰਾਂਤੀ ਦੀ ਪ੍ਰਮੁੱਖ ਗੱਲ ਇਹ ਹੈ ਕਿ ਇਹ ਕੁੱਲ ਸ੍ਰਿਸ਼ਟੀ ਨੂੰ ਦੈਵੀ ਮੰਨਦਾ ਸੀ। ਸੰਗੀਤ, ਗੀਤ ਅਤੇ ਕਰਮਕਾਂਡ ਹੀ ਇਸ ਦੈਵੀ ਸ੍ਰਿਸ਼ਟੀ ਦਾ ਸੰਚਾਲਨ ਕਰਦੇ ਹਨ। ਪਰ ਇਸ ਕ੍ਰਾਂਤੀ ਨੂੰ ਵੇਦਾਂਤ ਦੀ ਇਕਪਾਸੜ ਸੋਚ ਨੇ ਹਥਿਆ ਲਿਆ। ਪੰਜਾਬ ਦੀ ਦੂਜੀ ਪ੍ਰਮੁੱਖ ਕ੍ਰਾਂਤੀ, ਬੋਧੀ ਸਹਜਯਾਨ ਅਤੇ ਸਿੱਖ ਗੁਰੂ ਸਾਹਿਬਾਨ ਵੱਲੋਂ ਲਿਆਂਦੀ ਗਈ। ਬੋਧੀ ਸਹਜਯਾਨੀਆਂ ਨੇ ਆਪਣੇ ਪਰਵਚਨਾਂ ਵਿਚ 'ਨਿਮਨਵਰਗਾਂ' ਵੱਲੋਂ ਕੀਤੀਆਂ ਵਿਆਖਿਆਵਾਂ ਨੂੰ ਵੀ ਪਰਮਾਣਿਕਤਾ ਦਿੱਤੀ। ਸਹਜਯਾਨੀਆਂ ਦਾ ਇਹ ਫਤਵਾ ਵੇਦਾਂਤਕ ਸ੍ਰਿਸ਼ਟੀ ਦਾ ਵਿਰੋਧ ਸੀ ਅਤੇ ਬਹੁ-ਪੱਖਤਾ ਵੱਲ ਵੱਡਾ ਕਦਮ ਸੀ। ਸਹਜਯਾਨੀ ਜਗਤ-ਦ੍ਰਿਸ਼ਟੀ ਦੀ ਪੂਰਨਤਾ ਸਿੱਖ ਗੁਰੂ ਸਾਹਿਬਾਨ ਅਤੇ ਭਗਤਾਂ ਦੇ 'ਵਿਸਮਾਦੀ ਵਾਹਿਗੁਰੂ' ਸੰਕਲਪ ਦੇ ਉਸਰਨ ਨਾਲ ਹੋਈ। ਵੈਸੇ ਵਾਹਿਗੁਰੂ ਦਾ ਅਰਥ ਵੀ ਵਿਸਮਾਦ ਦਾ ਗੁਰੂ ਹੈ। ਇਹ ਸਥਾਪਤ ਕਰ ਦਿੱਤਾ ਗਿਆ ਕਿ ਵਾਹਿਗੁਰੂ, ਬਹੁ-ਅੰਸ਼ੀ ਸਿਰਜਨਾ ਦਾ ਕਰਤਾਰ ਹੈ। ਉਸ ਦੀ ਸਿਰਜਨਾ ਵਿਚ 'ਹੁਕਮ' ਅਨੁਸਾਰ ਇਕ ਅੰਤਰ-ਸੰਵਾਦੀ ਏਕਤਾ ਹੈ, ਪਰ ਇਸ ਦੀ ਬਹੁ-ਪੱਖੀ ਵਿਆਖਿਆ ਸੰਭਵ ਹੈ। ਇਸ ਲਈ ਕਿਸੇ ਇਕ ਵਿਆਖਿਆ ਦੀ ਅਜ਼ਾਰੇਦਾਰੀ ਜਾਂ ਸਰਦਾਰੀ ਨਹੀਂ ਚੱਲ ਸਕਦੀ।

ਬ੍ਰਹਿਮੰਡ ਅਤੇ ਜੀਵਨ ਅਭਿਆਸ, ਜਿਸ ਵਿਚ ਰਾਜਨੀਤਕ ਅਤੇ ਸਮਾਜਕ ਸੰਰਚਨਾਵਾਂ ਸ਼ਾਮਿਲ ਹਨ, ਵਿਸਮਾਦੀ ਬਣਾਏ ਜਾਣ, ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦਾ ਆਦੇਸ਼ ਹੈ। ਜੇ ਰਾਜਨੀਤਕ-ਸਮਾਜਕ ਸੰਰਚਨਾਵਾਂ ਵਿਸਮਾਦ ਅਨੁਸਾਰ ਸੰਗਠਿਤ ਕੀਤੀਆਂ ਜਾਣ ਤਾਂ ਉਹ ਨਿਆਂਪਾਲਿਕਾ, ਸ਼ੋਸ਼ਣ ਜਾਂ ਲੁੱਟ-ਖਸੁੱਟ ਤੋਂ ਰਹਿਤ ਹੋਣਗੀਆਂ, ਇਹ ਆਸ ਕੀਤੀ ਜਾ ਸਕਦੀ ਹੈ। ਪਰ ਪੰਜਾਬ ਦੀ ਹਸਤੀ ਨੂੰ ਵਿਸਮਾਦੀ ਪਰਿਪੇਖ ਤੋਂ ਸਮਝਣਾ ਅਤੇ ਪੁਨਰ ਨਿਸ਼ਚਿਤ ਕਰਨਾ ਕਿਸੇ ਰਾਜਨੀਤਕ ਪਾਰਟੀ ਦੇ ਪ੍ਰੋਗਰਾਮ ਵਿਚ ਸ਼ਾਮਲ ਨਹੀਂ। ਸਗੋਂ ਇਸ ਤੋਂ ਉਲਟ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦਾ ਮਾਣ ਕਰਨ ਵਾਲਿਆਂ ਦੀ ਦਿਲਚਸਪੀ ਕੇਵਲ ਗੁਰਦੁਆਰਿਆਂ ਦੀ ਲਿੱਪਾ ਪੋਚੀ ਕਰਨ ਅਤੇ ਉਨ੍ਹਾਂ ਦੁਆਲੇ ਸੜਕਾਂ ਬਣਾਉਣ ਤਕ ਸੀਮਿਤ ਹੋ ਗਈ ਹੈ। ਇਹ ਸੇਵਾ ਵੀ ਠੀਕ ਹੈ ਪਰ ਇਸ ਤੋਂ ਅੱਗੇ ਜਾ ਕੇ ਪੰਜਾਬ ਦੀ ਹਸਤੀ ਨੂੰ ਨਿਸ਼ਚਿਤ ਕਰਨ ਵਾਲੇ ਅੰਸ਼ ਸਮਝ ਕੇ ਹਸਤੀ ਨੂੰ ਅੱਗੇ ਤੋਰਨ ਦੇ ਜਤਨ ਇਕ ਵਡੇਰੀ ਪ੍ਰਾਪਤੀ ਹੋਵੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਨੇ ਜੋ ਕ੍ਰਾਂਤੀ ਲਿਆਂਦੀ ਅਤੇ ਜਿਸ ਦਾ ਅਭਿਆਸ ਅਜੇ ਅਪੂਰਨ ਪਿਆ ਹੈ, ਉਸ ਨੂੰ ਆਪਣੇ ਆਪ ਨੂੰ 'ਸੈਕੂਲਰ' ਸਿੱਧ ਕਰਨ ਲਈ ਅਣਗੌਲਿਆਂ ਰੱਖਣਾ ਪੰਜਾਬ ਦਾ ਨੁਕਸਾਨ ਕਰਨਾ ਹੈ। ਇਸ ਲਈ ਪੰਜਾਬ ਦੀਆਂ ਸਭ ਰਾਜਨੀਤਕ ਪਾਰਟੀਆਂ ਬਰਾਬਰ ਦੋਸ਼ੀ ਹਨ। ਆਪਣੀ ਹਸਤੀ ਬਾਰੇ ਕੋਈ ਸਿਧਾਂਤ ਜਾਂ ਸ੍ਵੈ-ਚੇਤਨਤਾ ਦੀ ਅਣਹੋਂਦ ਨਾਲ ਵਿਸ਼ਵ-ਆਰਥਿਕਤਾ ਵਿਚ ਪਰਵੇਸ਼ ਪੂਰੀ ਪ੍ਰਫੁੱਲਤਾ ਨਹੀਂ ਲਿਆ ਸਕਦਾ। ਅਮਰੀਕਾ ਅਤੇ ਚੀਨ ਨੂੰ ਭਲੀ ਭਾਂਤ ਪਤਾ ਹੈ ਕਿ ਉਹ ਕੀ ਹਨ, ਉਨ੍ਹਾਂ ਦੇ ਦਾਈਏ ਕੀ ਹਨ। ਉਹ ਵਿਸ਼ਵ ਆਰਥਿਕਤਾ ਵਿਚ ਪੂਰੀ ਸ੍ਵੈ-ਚੇਤਨਤਾ ਨਾਲ ਵਿਚਰਦੇ ਹਨ। ਨਹਿਰੂ ਕਾਲ ਤੋਂ ਪਿੱਛੋਂ ਭਾਰਤ ਨੇ ਵੀ ਆਪਣੇ ਬਾਰੇ ਕੋਈ ਵਿਲੱਖਣਤਾ ਦਾ ਸਿਧਾਂਤ ਕਾਇਮ ਨਹੀਂ ਰੱਖਿਆ। ਪੰਜਾਬ ਦੇ ਹਸਤੀ-ਸਿਧਾਂਤ ਨੇ ਭਾਰਤੀ ਸ੍ਵੈ-ਚੇਤਨਤਾ ਅਤੇ ਵਿਸ਼ਵ-ਆਰਥਿਕਤਾ ਦੋਹਾਂ ਵਿਚੋਂ ਲੰਘਣਾ ਹੈ, ਇਨ੍ਹਾਂ ਤੋਂ ਪ੍ਰਭਾਵਿਤ ਵੀ ਹੋਣਾ ਹੈ ਅਤੇ ਆਪਣੀ ਵਿਲੱਖਣਤਾ ਵੀ ਕਾਇਮ ਰੱਖਣੀ ਹੈ, ਪਰ ਜੇ ਵਿਲੱਖਣਤਾ ਬਾਰੇ ਕੋਈ ਸਿਧਾਂਤ ਹੀ ਮੌਜੂਦ ਨਹੀਂ ਤਾਂ ਭਾਰਤੀ ਅਤੇ ਵਿਸ਼ਵ ਸੰਰਚਨਾਵਾਂ ਵਿਚੋਂ ਲੰਘ ਜਾਣ ਦੀ ਥਾਂ ਗੁਆਚ ਜਾਣ ਦੀ ਸੰਭਾਵਨਾ ਵੱਧ ਹੈ। ਬਹੁਤ ਪ੍ਰਭਾਵਸ਼ਾਲੀ ਅਤੇ ਮੌਲਿਕ ਹਸਤੀ ਪ੍ਰਾਪਤ ਹੋਣ ਦੇ ਬਾਵਜੂਦ ਪੰਜਾਬ ਦੇ ਭਾਰਤੀ ਅਤੇ ਵਿਸ਼ਵੀ ਆਰਥਿਕਤਾ ਵਿਚ ਸ਼ਰੀਕ ਹੋਣ ਦੇ ਫੈਸਲੇ ਸਭ ਸਤੱਹੀ ਹਨ। ਦਿਸ਼ਾਹੀਣ ਹਨ। ਅਜਿਹੀ ਸ਼ਮੂਲੀਅਤ ਜੇ ਕੁਝ ਹੋਰ ਅਮੀਰੀ ਲੈ ਵੀ ਆਵੇਗੀ ਤਾਂ ਉਸ ਦਾ ਕੋਈ ਵੱਡਾ ਅਰਥ ਨਹੀਂ ਬਣਨਾ, ਕਿਉਂਕਿ "ਅਸੀਂ ਕੌਣ ਹਾਂ ?" ਦੀ ਚੇਤਨਤਾ ਗਾਇਬ ਹੋਵੇਗੀ।

> **ਸਾਡੇ ਸਮਿਆਂ ਦਾ ਸਭ ਤੋਂ ਵੱਡਾ ਪ੍ਰਸ਼ਨ ਇਹੀ ਹੈ ਕਿ ਜੀਵਨ ਦੇ ਸੰਗਠਨਾਂ ਅਤੇ ਸੰਰਚਨਾਵਾਂ ਨੂੰ ਲੋਟੂ ਪੂੰਜੀ ਨਾਲ ਉਸਾਰਨਾ ਹੈ ਜਾਂ ਨਿਆਂਪਾਲਿਕ, ਦੈਵੀ ਪੂੰਜੀ ਨਾਲ। ਇੱਥੇ ਹੀ ਪੰਜਾਬ ਦਾ ਰੋਲ ਬਣਦਾ ਹੈ। ਪਰ ਇਹ ਰੋਲ ਤਦ ਹੀ ਨਿਭਾਇਆ ਜਾ ਸਕਦਾ ਹੈ ਜੇ ਪੰਜਾਬ ਆਪਣੇ ਇਸ ਰੋਲ ਨੂੰ ਸਮਝੇ।**

ਅੱਜ ਤੱਕ ਪੰਜਾਬ ਨੇ ਆਪਣੇ ਅਵਚੇਤਨ ਵਿਚ ਉਪਰ ਵਰਣਨਿਤ ਦੋਨੋਂ ਕ੍ਰਾਂਤੀਆਂ ਦੀਆਂ ਗੱਲਾਂ ਸਾਂਭੀਆਂ ਹੋਈਆਂ ਹਨ ਕਿ ਕੁੱਲ ਸ੍ਰਿਸ਼ਟੀ ਦੈਵੀ ਹੈ, ਵਾਹਿਗੁਰੂ ਅਤੇ ਉਸ ਦੀ ਸਿਰਜਨਾ ਬਹੁ-ਰੰਗੀ ਹੈ। ਇਸ ਦੇ ਵੱਖੋ-ਵੱਖ ਰੰਗ ਸਮਾਪਤ ਨਹੀਂ ਕੀਤੇ ਜਾ ਸਕਦੇ। ਪੂੰਜੀ ਪਰਮਾਣੀਕ ਤਾਂ ਹੀ ਹੈ ਜੋ ਇਹ ਵੀ ਵਿਸਮਾਦੀ ਹੈ। ਵਿਸਮਾਦੀ ਪੂੰਜੀ ਦਾ ਅਰਥ ਇਸ ਦੇ ਬਹੁ-ਪੱਖੀ ਸਿਰਜਨਾ ਦੇ ਨਾਲ ਅਤੇ ਇਸ ਦੇ ਕਰਤਾਰ ਨਾਲ ਇਕਸੁਰ ਹੋਣਾ ਹੈ। ਸਾਰੇ ਨੈੱਟਵਰਕ ਵੀ ਇਸ ਤਰ੍ਹਾਂ ਸਥਾਪਿਤ ਕੀਤੇ ਜਾਣ ਕਿ ਵਿਸਮਾਦ ਝਰਦਾ ਰਹੇ। ਪੂੰਜੀ ਨੂੰ ਪਾਵਨ ਪੂੰਜੀ ਵਜੋਂ ਪ੍ਰਾਪਤ ਕਰਨਾ ਅਤੇ ਅੱਗੋਂ ਵਿਕਸਿਤ ਕਰਨਾ ਤਦ ਹੀ ਸੰਭਵ ਹੈ ਜੇ ਪੂੰਜੀ ਵਿਚ ਨਿਆਂ ਦਾ ਮੁੱਦਾ ਅਤੇ ਕਾਇਨਾਤੀ ਸ਼ਾਇਰੀ ਦਾ ਮੁੱਦਾ ਕਾਇਮ ਰਹੇ। ਵਿਸ਼ਵ ਪੂੰਜੀ ਅਤੇ ਭਾਰਤੀ ਪੂੰਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੱਸੀ ਦੈਵੀ ਪੂੰਜੀ ਬਾਰੇ ਚੇਤੰਨ ਨਹੀਂ। ਵਿਸ਼ਵ ਪੂੰਜੀ ਅਤੇ ਭਾਰਤੀ ਪੂੰਜੀ ਵਿਚੋਂ ਪੰਜਾਬ ਦੇ ਥੀਮ ਨਾਲ ਲੰਘਣਾ ਔਖਾ ਹੈ।

ਸਾਡੇ ਸਮਿਆਂ ਦਾ ਸਭ ਤੋਂ ਵੱਡਾ ਪ੍ਰਸ਼ਨ ਇਹੀ ਹੈ ਕਿ ਜੀਵਨ ਦੇ ਸੰਗਠਨਾਂ ਅਤੇ ਸੰਰਚਨਾਵਾਂ ਨੂੰ ਲੋਟੂ ਪੂੰਜੀ ਨਾਲ ਉਸਾਰਨਾ ਹੈ ਜਾਂ ਨਿਆਂਪਾਲਿਕ, ਦੈਵੀ ਪੂੰਜੀ ਨਾਲ। ਇੱਥੇ ਹੀ ਪੰਜਾਬ ਦਾ ਰੋਲ ਬਣਦਾ ਹੈ। ਪਰ ਇਹ ਰੋਲ ਤਦ ਹੀ ਨਿਭਾਇਆ ਜਾ ਸਕਦਾ ਹੈ ਜੇ ਪੰਜਾਬ ਆਪਣੇ ਇਸ ਰੋਲ ਨੂੰ ਸਮਝੇ। ਪੰਜਾਬ ਦਾ ਆਪਣੀ ਸਿਧਾਂਤਕ ਵਿਰਾਸਤ ਅਨੁਸਾਰ ਚੱਲਣਾ ਵਿਸ਼ਾਲ ਅਰਥਾਂ ਵਿਚ ਮਨੁੱਖਵਾਦੀ ਹੋਵੇਗਾ, ਕੱਟੜ ਪੰਥੀ ਕ੍ਰਿਆ ਨਹੀਂ। ਇਹ ਹੁਣ ਤੱਕ ਵਾਪਰਿਆ ਨਹੀਂ, ਕਿਉਂਕਿ ਪੰਜਾਬ ਦੀਆਂ ਰਾਜਸੀ ਪਾਰਟੀਆਂ ਪੰਜਾਬ ਦੀ ਇਸ ਵਿਰਾਸਤ ਬਾਰੇ ਅਗਿਆਨੀ ਹਨ। ਪੰਜਾਬ ਦੀ ਇਸ ਸਿਧਾਂਤਕ ਵਿਰਾਸਤ ਬਾਰੇ ਸਿਰਜਨਾਤਮਕ ਕੰਮ ਕਰਨ ਦੀ ਜ਼ਿੰਮੇਵਾਰੀ ਯੂਨੀਵਰਸਿਟੀਆਂ ਨੇ ਵੀ ਨਿਭਾਉਣੀ ਸੀ। ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਕਿਉਂਕਿ ਰਾਜਸੀ ਪਾਰਟੀਆਂ ਵੱਲੋਂ ਨਿਸ਼ਚਿਤ ਹੁੰਦੇ ਹਨ। ਉਨ੍ਹਾਂ ਨੇ ਯੂਨੀਵਰਸਿਟੀਆਂ ਨੂੰ ਰਾਜਸੀ ਪਾਰਟੀਆਂ ਵੱਲੋਂ ਨਿਸ਼ਚਿਤ ਹੁੰਦੇ ਹਨ। ਉਨ੍ਹਾਂ ਨੇ ਯੂਨੀਵਰਸਿਟੀਆਂ ਨੂੰ ਰਾਜਸੀ ਪਾਰਟੀਆਂ ਦੇ ਔਜ਼ਾਰ ਵਜੋਂ ਹੀ ਵਰਤਿਆ ਹੈ। ਕਿਸੇ ਵਿਭਾਗ ਨੂੰ ਪੰਜਾਬ ਦੀ ਸਿਧਾਂਤਕ ਵਿਰਾਸਤ ਬਾਰੇ ਕੋਈ ਪ੍ਰੋਜੈਕਟ ਨਹੀਂ ਸਾਂਭਿਆ ਗਿਆ, ਨਾ ਕੋਈ ਵਿਸ਼ੇਸ਼ ਵਿਭਾਗ ਹੀ ਸਥਾਪਿਤ ਕੀਤਾ ਹੈ ਜਿਸ ਦਾ ਮੁੱਖ ਕੰਮ ਇਸ ਵਿਰਾਸਤ ਨੂੰ ਅੱਗੇ ਤੋਰਨਾ ਹੋਵੇ। ਯੂਨੀਵਰਸਿਟੀਆਂ ਵਿਚ ਜੋ ਚੇਅਰਾਂ ਸਥਾਪਿਤ ਕੀਤੀਆਂ ਜਾਂਦੀਆਂ ਹਨ, ਉਹ ਚੇਅਰਾਂ ਨਾਲ ਸੰਬੰਧਿਤ ਫਿਰਕਿਆਂ ਨੂੰ ਵੋਟ ਲਈ ਹਥਿਆਉਣ ਵਾਸਤੇ।

ਵਿਸ਼ਵ ਪੂੰਜੀ ਅਤੇ ਭਾਰਤੀ ਪੂੰਜੀ ਨਾਲ ਆਪਣੀ ਹਸਤੀ ਅਨੁਸਾਰ ਰਿਸ਼ਤਾ ਬਣਾਉਣਾ ਵੀ ਸੰਭਵ ਹੈ। ਸ਼ਰਤ ਇਹ ਹੈ ਕਿ ਇਹ ਪਤਾ ਹੋਵੇ ਕਿ ਸਟੇਟ ਦੀ ਹਸਤੀ ਕੀ ਹੈ। ਗੰਭੀਰ ਚਿੰਤਨ ਨਾਲ ਇਹ ਫੈਸਲਾ ਕਰਨਾ ਪਵੇਗਾ ਕਿ ਸਟੇਟ ਨੇ ਵਿਸ਼ਾਲ ਮੰਡੀ ਦੀ ਵਸਤ ਬਣਨਾ ਹੈ ਜਾਂ ਇਕ ਸਿਧਾਂਤਕ ਚਿੰਨ੍ਹ ਵੀ ਜੋ ਮੰਡੀ ਨੂੰ ਕੁੱਝ ਹੱਦ ਤੱਕ ਪ੍ਰਭਾਵਿਤ ਕਰ ਸਕੇ। ਅਮਰੀਕਾ ਅਤੇ ਚੀਨ ਆਪਣੇ ਕੁਝ ਨਾ-ਪੱਖੀ ਫੈਸਲਿਆਂ ਅਤੇ ਅਭਿਆਸਾਂ ਦੇ ਬਾਵਜੂਦ ਇਹ ਭਾਗ ਅਦਾ ਕਰ ਰਹੇ ਹਨ। ਉੱਤਰੀ ਵੀਅਤਨਾਮ ਅਤੇ ਕਿਊਬਾ ਨੇ ਆਪਣੀਆਂ ਕ੍ਰਾਂਤੀਆਂ ਤੋਂ ਕੁਝ ਸਾਲ ਪਿੱਛੋਂ ਤੱਕ ਵਿਸ਼ਵ ਪੂੰਜੀ/ਮੰਡੀ ਨੂੰ ਪ੍ਰਭਾਵਿਤ ਕੀਤਾ ਸੀ ਪਰ ਹੁਣ ਉਨ੍ਹਾਂ ਵਿਚ ਵੀ ਖੜੋਤ ਆ ਚੁੱਕੀ ਹੈ, ਪੰਜਾਬ ਜੇਤੂ ਤਦ ਹੀ ਹੋ ਸਕਦਾ ਹੈ ਜੇ ਆਪਣੀ ਸਿਧਾਂਤਕ ਹਸਤੀ ਬਾਰੇ ਚੇਤਨਤਾ ਨਾਲ ਅੱਗੇ ਵਧੇ।

# ਘੱਲੂਘਾਰਾ ਜੂਨ-84

# ਪੰਥਕ ਰਾਜਨੀਤੀ ਬਨਾਮ ਅਕਾਲੀ ਦਲ



**ਹੈਰਾਨੀ ਇਸ ਗੱਲ ਦੀ ਹੈ ਕਿ ਕਾਂਗਰਸ ਉੱਪਰ ਇਲਜ਼ਾਮ ਲੱਗੇ ਹਨ ਕਿ ਇੰਦਰਾ ਕਾਲ ਵੇਲੇ ਦੀ ਸਰਕਾਰ ਨੇ ਦਰਬਾਰ ਸਾਹਿਬ ਵਿਚ ਫ਼ੌਜੀ ਹਮਲਾ ਕਰਵਾਇਆ। ਸੁਆਲ ਇਹ ਹੈ ਕਿ ਪੰਥ ਨੇ ਵੋਟਾਂ ਪਾ ਕੇ ਕਾਂਗਰਸ ਨੂੰ ਮੁਆਫ਼ ਕਰ ਦਿੱਤਾ ਹੈ ? ਸਿਆਸੀ ਮਾਹਿਰ ਆਖਦੇ ਹਨ ਕਿ ਬਾਦਲਾਂ ਦਾ ਅਪਰਾਧ ਜ਼ਿਆਦਾ ਵੱਡਾ ਹੋ ਗਿਆ, ਜਿਸ ਕਰਕੇ ਕਾਂਗਰਸ ਦੇ ਅਪਰਾਧ ਪੰਥ ਨੂੰ ਛੋਟੇ ਲੱਗਣ ਲੱਗ ਪਏ। ਮਾਹਿਰ ਇਹ ਵੀ ਆਖਦੇ ਹਨ ਕਿ ਕਾਂਗਰਸ ਵੀ ਕਮਜ਼ੋਰ ਹੋ ਰਹੀ ਹੈ। ਹਾਈਕਮਾਂਡ ਦਾ ਬਹੁਤਾ ਆਧਾਰ ਨਹੀਂ ਹੈ ਤੇ ਕੈਪਟਨ ਤੋਂ ਬਾਅਦ ਪੰਜਾਬ ਕੋਲ ਵੱਡਾ ਲੀਡਰ ਨਹੀਂ ਹੈ। ਕੈਪਟਨ ਅਮਰਿੰਦਰ ਸਿੰਘ ਵੀ ਹੌਲੀ-ਹੌਲੀ ਆਪਣਾ ਆਧਾਰ ਬਾਦਲਾਂ ਵਾਂਗ ਗੁਆ ਰਹੇ ਹਨ। ਉਹ ਪੰਜਾਬ ਦੀ ਸਿਹਤ, ਵਾਤਾਵਰਨ, ਖੇਤੀ ਸਿਸਟਮ, ਆਰਥਿਕਤਾ, ਪੰਥਕ ਤੇ ਪੰਜਾਬ ਮੁੱਦਿਆਂ ਉੱਪਰ ਪਹਿਰੇਦਾਰੀ ਨਹੀਂ ਕਰ ਸਕੇ।**

**ਰਜਿੰਦਰ ਸਿੰਘ**

ਅਸੀਂ ਜਦੋਂ ਘੱਲੂਘਾਰਾ ਜੂਨ-84 ਦੀ ਵਰ੍ਹੇਗੰਢ ਮਨਾ ਰਹੇ ਹਾਂ ਤਾਂ ਪੰਥਕ ਰਾਜਨੀਤੀ ਵੱਲ ਝਾਤ ਮਾਰਨੀ ਜ਼ਰੂਰੀ ਹੈ ਜੋ ਕਿ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਆਧਾਰ ਰਹੀ ਹੈ। ਇਹ ਪੰਜਾਬ ਦੀ ਨੀਂਹ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਕਦੇ ਪੰਥ ਦੀ ਜਾਨ ਸੀ। ਪੰਜਾਬ ਦੇ ਲਈ ਜਿੰਨੇ ਵੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਮੋਰਚੇ ਲਗਾਏ ਤਾਂ ਪੰਥ ਤੇ ਪੰਜਾਬੀਆਂ ਨੇ ਅਗਾਂਹ ਵਧ ਕੇ ਕੁਰਬਾਨੀਆਂ ਦਿੱਤੀਆਂ। ਖੇਤਾਂ ਵਿਚ ਕੰਮ ਕਰਦੇ ਦਲਿਤ ਮਜ਼ਦੂਰ, ਜੋ ਬੀੜੀ-ਸਿਗਰਟ ਵੀ ਪੀਂਦੇ ਸਨ, ਤਾਂ ਵੀ ਉਹ ਸ਼ਰੇਆਮ ਆਖਿਆ ਕਰਦੇ ਸਨ ਕਿ ਵੋਟ ਸਾਡੀ ਪੰਥ ਨੂੰ ਹੈ। ਉਸ ਸਮੇਂ ਪੰਥ ਦਾ ਅਰਥ ਸ਼੍ਰੋਮਣੀ ਅਕਾਲੀ ਦਲ ਹੀ ਹੁੰਦਾ ਸੀ। ਅੱਜ ਸ਼੍ਰੋਮਣੀ ਅਕਾਲੀ ਦਲ ਦੇ ਗੁਆਚਣ ਨਾਲ ਪੰਥ ਦਾ ਭਵਿੱਖ ਵੀ ਧੁੰਦਲਾ ਪੈ ਗਿਆ। ਪੰਥ ਤੋਂ ਅਕਾਲੀ ਦਲ ਟੁੱਟਿਆ ਤਾਂ ਪੰਥ ਉਦਾਸ ਹੋ ਗਿਆ। ਅੱਜ ਪੰਜਾਬ ਤੇ ਪੰਥ ਦੀ ਘੇਰਾਬੰਦੀ ਹੋ ਰਹੀ ਹੈ। ਸਿਆਸੀ ਮਾਹਿਰ ਬਾਦਲ ਦਲ ਦੇ ਭਵਿੱਖ ਬਾਰੇ ਆਖ ਰਹੇ ਹਨ ਕਿ ਬਾਦਲ ਦਲ ਭਾਜਪਾ ਦੇ ਅਧੀਨ ਅਗਲੀਆਂ ਵਿਧਾਨ ਸਭਾ ਚੋਣਾਂ ਲੜੇਗਾ। ਪੇਂਡੂ ਖੇਤਰ ਵਿਚ ਭਾਜਪਾ ਦਾ ਕਬਜ਼ਾ ਹੋਵੇਗਾ। ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦਾ ਮੁੱਦਾ ਅਦਾਲਤੀ ਚੱਕਰ ਕਾਰਨ ਬਾਦਲਾਂ ਲਈ ਘੋਰ ਚਕਰਵਿਊ ਹੋਵੇਗਾ। ਇਸ ਵਿਚੋਂ ਨਿਕਲਣਾ ਸੰਭਵ ਨਹੀਂ ਹੋਵੇਗਾ। ਇਹ ਤਾਂ ਸੰਭਵ ਹੋਵੇਗਾ ਜਦੋਂ ਬਾਦਲ ਅਕਾਲੀ ਦਲ ਸ਼੍ਰੋਮਣੀ ਅਕਾਲੀ ਦਲ ਬਣੇਗਾ ਤੇ ਆਪਣੀ ਭੁੱਲ ਚੁੱਕ ਦੀ ਮਾਫੀ ਸੱਚੇ ਮਨੋਂ ਮੰਗੇਗਾ ਤੇ ਪੰਜਾਬ ਦੇ ਹਿੱਤਾਂ ਲਈ ਫਿਰ ਸਰਦਾਰੀ ਕਾਇਮ ਕਰੇਗਾ। ਜੇਕਰ ਅਜਿਹਾ ਨਹੀਂ ਕਰਦਾ ਤਾਂ ਪੰਥਕ ਵੋਟ ਕਾਂਗਰਸ ਦੀ ਝੋਲੀ ਵਿਚ ਪਵੇਗੀ।

ਹੈਰਾਨੀ ਇਸ ਗੱਲ ਦੀ ਹੈ ਕਿ ਕਾਂਗਰਸ ਉੱਪਰ ਇਲਜ਼ਾਮ ਲੱਗੇ ਹਨ ਕਿ ਇੰਦਰਾ ਕਾਲ ਵੇਲੇ ਦੀ ਸਰਕਾਰ ਨੇ ਦਰਬਾਰ ਸਾਹਿਬ ਵਿਚ ਫ਼ੌਜੀ ਹਮਲਾ ਕਰਵਾਇਆ। ਸੁਆਲ ਇਹ ਹੈ ਕਿ ਪੰਥ ਨੇ ਵੋਟਾਂ ਪਾ ਕੇ ਕਾਂਗਰਸ ਨੂੰ ਮੁਆਫ਼ ਕਰ ਦਿੱਤਾ ਹੈ? ਸਿਆਸੀ ਮਾਹਿਰ ਆਖਦੇ ਹਨ ਕਿ ਬਾਦਲਾਂ ਦਾ ਅਪਰਾਧ ਜ਼ਿਆਦਾ ਵੱਡਾ ਹੋ ਗਿਆ, ਜਿਸ ਕਰਕੇ ਕਾਂਗਰਸ ਦੇ ਅਪਰਾਧ ਪੰਥ ਨੂੰ ਛੋਟੇ ਲੱਗਣ ਲੱਗ ਪਏ। ਮਾਹਿਰ ਇਹ ਵੀ ਆਖਦੇ ਹਨ ਕਿ ਕਾਂਗਰਸ ਵੀ ਕਮਜ਼ੋਰ ਹੋ ਰਹੀ ਹੈ। ਹਾਈਕਮਾਂਡ ਦਾ ਬਹੁਤਾ ਆਧਾਰ ਨਹੀਂ ਹੈ ਤੇ ਕੈਪਟਨ ਤੋਂ ਬਾਅਦ ਪੰਜਾਬ ਕੋਲ ਵੱਡਾ ਲੀਡਰ ਨਹੀਂ ਹੈ। ਕੈਪਟਨ ਅਮਰਿੰਦਰ ਸਿੰਘ ਵੀ ਹੌਲੀ-ਹੌਲੀ ਆਪਣਾ ਆਧਾਰ ਬਾਦਲਾਂ ਵਾਂਗ ਗੁਆ ਰਹੇ ਹਨ। ਉਹ ਪੰਜਾਬ ਦੀ ਸਿਹਤ, ਵਾਤਾਵਰਨ, ਖੇਤੀ ਸਿਸਟਮ, ਆਰਥਿਕਤਾ, ਪੰਥਕ ਤੇ ਪੰਜਾਬ ਮੁੱਦਿਆਂ ਉੱਪਰ ਪਹਿਰੇਦਾਰੀ ਨਹੀਂ ਕਰ ਸਕੇ।

ਭਾਜਪਾ ਨੇ ਅੰਮ੍ਰਿਤਸਰ ਲੋਕ ਸਭਾ ਸੀਟ ਤੋਂ ਹਾਰਨ ਵਾਲਾ ਆਪਣਾ ਉਮੀਦਵਾਰ ਹਰਦੀਪ ਸਿੰਘ ਪੁਰੀ ਕੇਂਦਰੀ ਮੰਤਰੀ ਦੁਬਾਰਾ ਬਣਾ ਦਿੱਤਾ, ਕਿਉਂਕਿ ਉਹ ਭਾਜਪਾ ਦੀ ਪਾਲਿਸੀ ਨੂੰ ਵੀ ਜਾਣਦਾ ਹੈ ਤੇ ਸਿੱਖ ਸਰੂਪ ਵੀ ਰੱਖਦਾ ਹੈ। ਭਾਜਪਾ ਨੂੰ ਯਕੀਨ ਹੈ ਕਿ ਉਹ ਪੰਜਾਬ ਦੇ ਪੰਥਕ ਹਲਕਿਆਂ ਵਿਚ ਭਾਜਪਾ ਦਾ ਆਧਾਰ ਸਿਰਜ ਦੇਵੇਗਾ। ਹੁਸ਼ਿਆਰਪੁਰ ਵਾਲਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਦਲਿਤ ਆਧਾਰ ਪੈਦਾ ਕਰੇਗਾ। ਇਹ ਦੋਵੇਂ ਮੰਤਰੀ ਪੰਜਾਬ ਵਿਚ ਪੂਰੇ ਸਰਗਰਮ ਹੋਣਗੇ। ਭਾਜਪਾ ਜਾਣਦੀ ਹੈ ਕਿ ਪੰਥਕ ਆਧਾਰ ਬਿਨਾ ਪੰਜਾਬ ਵਿਚ ਸਫਲ ਨਹੀਂ ਹੋਇਆ ਜਾ ਸਕਦਾ ਪਰ ਇਹ ਗੱਲ ਕੈਪਟਨ ਸਰਕਾਰ ਤੇ ਬਾਦਲ ਅਕਾਲੀ ਦਲ ਭੁੱਲ ਚੁੱਕੇ ਹਨ। ਇਹ ਠੀਕ ਹੈ ਕਿ ਭਾਜਪਾ ਸਿੱਖਾਂ ਨੂੰ ਆਪਣੇ ਹਿੱਤਾਂ ਲਈ ਵਰਤਣਾ ਚਾਹੁੰਦੀ ਹੈ ਪਰ ਸਿੱਖ ਪੰਥ ਕੋਲ ਇਸ ਦਾ ਬਦਲ ਨਹੀਂ ਹੈ ਤੇ ਨਾ ਹੀ ਬਦਲ ਪੈਦਾ ਕੀਤਾ ਜਾ ਸਕਿਆ ਹੈ।

ਮੋਦੀ ਸਰਕਾਰ ਕੋਲ ਇਹਨਾਂ ਮੰਤਰੀਆਂ ਰਾਹੀਂ ਪੰਜਾਬ ਨੂੰ ਦੇਣ ਲਈ ਬਹੁਤ ਕੁਝ ਹੈ। ਅਕਾਲੀ ਦਲ ਕੋਲ ਹੁਣ ਪੰਥ ਤੇ ਪੰਜਾਬ ਦਾ ਵਿਜਨ ਨਹੀਂ, ਉਹ ਬਹੁਤ ਕੁਝ ਗੁਆ ਚੁੱਕਾ ਹੈ। ਬੀਬਾ ਹਰਸਿਮਰਤ ਕੌਰ ਖੇਤੀ ਉਦਯੋਗ, ਇਪੋਰਟ ਐਕਸਪੋਰਟ ਬਿਜਨੈਸ ਪੰਜਾਬ ਵਿਚ ਲਿਆ ਸਕਦੀ ਸੀ ਪਰ ਨਹੀਂ ਲਿਆ ਸਕੀ। ਇਹ ਬਾਦਲ ਦਲ ਵਾਲੇ ਨਹੀਂ ਜਾਣ ਸਕੇ ਕਿ ਪੰਜਾਬ ਦਾ ਮੁੱਦਾ ਆਰਥਿਕਤਾ, ਸਿਹਤ, ਵਾਤਾਵਰਨ, ਸਵੈ-ਰੁਜਗਾਰ ਤੇ ਵਿਕਾਸ ਦਾ ਹੈ। ਇਹ ਦੁਖਾਂਤ ਹੈ ਬਾਦਲ ਪਰਿਵਾਰ ਦਾ ਕਿ ਉਹ ਨਾ ਪੰਜਾਬ ਦੀ ਮਾਨਸਿਕਤਾ ਸਮਝ ਸਕੇ, ਨਾ ਪੰਥਕ ਆਧਾਰ ਨੂੰ। ਆਉਣ ਵਾਲੇ ਸਮੇਂ ਵਿਚ ਭਾਜਪਾ ਹਾਈਕਮਾਂਡ ਤੈਅ ਕਰੇਗੀ ਕਿ ਬਾਦਲ ਪਰਿਵਾਰ ਦਾ ਸ਼੍ਰੋਮਣੀ ਕਮੇਟੀ ਤੇ ਕਬਜ਼ਾ ਰਹੇਗਾ ਜਾਂ ਨਹੀਂ। ਅਕਾਲੀ ਦਲ ਕੋਲ ਹੁਣ ਸਿੱਖ ਆਧਾਰ ਵਾਲੀਆਂ ਪੇਂਡੂ ਵੋਟਾਂ ਗੁਆਚ ਚੁੱਕੀਆਂ ਹਨ। ਸ਼ਹਿਰੀ ਵੋਟਾਂ ਬਾਦਲ ਦੀ ਆਪਣੀ ਕਰਾਮਾਤ ਨਹੀਂ, ਮੋਦੀ ਦਾ ਜਾਦੂ ਹੈ। ਇੱਥੇ ਜ਼ਿਕਰਯੋਗ ਹੈ ਕਿ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਦੇ ਸ਼ਹਿਰੀ ਹਲਕਿਆਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਗੋਲੀ ਕਾਂਡ ਦਾ ਮੁੱਦਾ ਨਹੀਂ ਭਖਿਆ ਪਰ ਮੋਦੀ ਦਾ ਜਾਦੂ ਪੂਰੀ ਤਰ੍ਹਾਂ ਚੱਲਿਆ ਹੈ।

ਮੰਨਿਆ ਜਾਂਦਾ ਹੈ ਕਿ ਸ਼ਹਿਰੀ ਹਿੰਦੂ ਵੋਟਰਾਂ ਨੇ ਮੋਦੀ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਅਕਾਲੀ ਦਲ ਨੂੰ ਖੁੱਲ੍ਹ ਕੇ ਵੋਟ ਪਾਈ ਹੈ। ਪੇਂਡੂ ਖੇਤਰਾਂ ਵਿੱਚ ਪੰਥਕ ਵੋਟ ਪਹਿਲਾਂ ਹੀ ਅਕਾਲੀ ਦਲ ਤੋਂ ਦੂਰ ਜਾ ਚੁੱਕੀ ਹੈ। ਇਸ ਲਈ ਅਗਲੇ ਸਮੇਂ ਵਿਚ ਭਾਜਪਾ ਅਕਾਲੀ ਦਲ ਦੀ ਥਾਂ ਲੈ ਸਕਦੀ ਹੈ ਤੇ ਪੰਜਾਬ ਵਿੱਚ ਅਗਲਾ ਦ੍ਰਿਸ਼ ਕਾਂਗਰਸ ਤੇ ਭਾਜਪਾ ਦੇ ਸਿਆਸੀ ਯੁੱਧ ਵਿਚ ਬਦਲ ਸਕਦਾ ਹੈ। ਬਾਦਲ ਅਕਾਲੀ ਦਲ ਕੋਲ ਇਹੀ ਬਦਲ ਰਹਿ ਜਾਵੇਗਾ ਕਿ ਉਸ ਨੇ ਭਾਜਪਾ ਨਾਲ ਜੁੜਨਾ ਹੈ ਜਾਂ ਕਾਂਗਰਸ ਨਾਲ। ਤੀਸਰਾ ਗਠਜੋੜ ਅਜੇ ਤੱਕ ਉਭਰ ਨਹੀਂ ਸਕਿਆ। ਬਸਪਾ ਦਾ ਪੰਜਾਬ ਵਿਚ ਬਹੁਤਾ ਆਧਾਰ ਨਹੀਂ ਹੈ। ਬੀਤੇ ਦਿਨੀਂ ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਵਿੱਚ ਵੀ ਗੰਭੀਰਤਾ ਨਾਲ ਵਿਚਾਰਿਆ ਗਿਆ ਸੀ ਕਿ ਅਕਾਲੀ ਦਲ ਨੂੰ ਪੰਥਕ ਵੋਟ ਬੈਂਕ ਵੱਲ ਧਿਆਨ ਦੇਣਾ ਚਾਹੀਦਾ ਹੈ ਤੇ ਦਿਹਾਤੀ ਖੇਤਰਾਂ ਵਿਚ ਆਪਣੇ ਆਪ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਫਤਿਹਗੜ੍ਹ ਸਾਹਿਬ ਤੋਂ ਪਾਰਟੀ ਦੇ ਉਮੀਦਵਾਰ ਰਹੇ ਦਰਬਾਰਾ ਸਿੰਘ ਗੁਰੂ, ਫ਼ਰੀਦਕੋਟ ਤੋਂ ਉਮੀਦਵਾਰ ਗੁਲਜ਼ਾਰ ਸਿੰਘ ਰਣੀਕੇ, ਲੁਧਿਆਣਾ ਤੋਂ ਉਮੀਦਵਾਰ ਮਹੇਸ਼ਇੰਦਰ ਸਿੰਘ ਗਰੇਵਾਲ ਤੇ ਹੋਰ ਹਾਰੇ ਉਮੀਦਵਾਰਾਂ ਦਾ ਮੰਨਣਾ ਸੀ ਕਿ ਸੰਸਦੀ ਚੋਣਾਂ ਦੇ ਨਤੀਜਿਆਂ ਨੇ ਸਪੱਸ਼ਟ ਕੀਤਾ ਹੈ ਕਿ ਪਾਰਟੀ ਨੂੰ ਪੰਜਾਬ ਦੇ ਪਿੰਡਾਂ ਵਿੱਚੋਂ ਵੋਟ ਸ਼ਹਿਰਾਂ ਦੇ ਮੁਕਾਬਲੇ ਘੱਟ ਪਈ ਹੈ। ਅਕਾਲੀ ਲੀਡਰਸ਼ਿਪ ਦਾ ਇਹ ਵੀ ਮੰਨਣਾ ਕਿ ਸ਼ਹਿਰਾਂ ਵਿੱਚੋਂ ਗੱਠਜੋੜ ਪਾਰਟੀਆਂ ਦੇ ਉਮੀਦਵਾਰਾਂ ਨੂੰ ਜੋ ਵੋਟ ਮਿਲੀ ਹੈ, ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ 'ਤੇ ਹੀ ਪਈ ਹੈ।

ਅਕਾਲੀ ਦਲ ਇਸ ਵਾਰ ਪਿਛਲੀ ਵਾਰ ਜਿੱਤੀਆਂ 4 ਲੋਕ ਸਭਾ ਸੀਟਾਂ ਦੇ ਮੁਕਾਬਲੇ 2 ਸੀਟਾਂ ਬਠਿੰਡਾ ਤੇ ਫਿਰੋਜ਼ਪੁਰ 'ਤੇ ਹੀ ਜਿੱਤ ਸਕਿਆ ਹੈ, ਜੋ ਬਾਦਲ ਪਰਿਵਾਰ ਦੇ ਹਿੱਸੇ ਆਈਆਂ ਹਨ। ਪਰ ਫਿਰ ਵੀ ਬਾਦਲ ਪਰਿਵਾਰ ਵੋਟ ਪ੍ਰਤੀਸ਼ਤ ਨੂੰ ਆਧਾਰ ਬਣਾ ਕੇ ਖੁਸ਼ੀ ਮਨਾ ਰਿਹਾ ਹੈ। ਅਸੀਂ ਯਾਦ ਕਰਵਾ ਦੇਈਏ ਕਿ 20 14 ਵਿਚ 26.30 ਫ਼ੀਸਦੀ ਅਤੇ 2017 ਵਿਚ ਲਈ 25.20 ਫ਼ੀਸਦੀ ਵੋਟ ਦੇ ਮੁਕਾਬਲੇ ਇਸ ਵਾਰ ਉਸ ਦਾ ਵੋਟ ਪ੍ਰਤੀਸ਼ਤ 27.45 ਹੋ ਗਿਆ ਹੈ ਪਰ 2012 ਵਿਚ ਸਰਕਾਰ ਬਣਾਉਣ ਵੇਲੇ 34.73 ਪ੍ਰਤੀਸ਼ਤ ਵੋਟ ਤੋਂ ਉਹ ਅਜੇ ਵੀ 7 ਪ੍ਰਤੀਸ਼ਤ ਪਿੱਛੇ ਖੜ੍ਹਾ ਹੈ। ਇਸ ਵਿਚ ਪੰਥਕ ਵੋਟ ਬੈਂਕ ਦੀ ਕਿੰਨੇ ਹਿੱਸੇਦਾਰੀ ਹੈ, ਇਹ ਵੀ ਸਰਵੇਖਣ ਕਰਨਾ ਬਣਦਾ ਹੈ। ਇਹ ਵੀ ਵਰਨਣਯੋਗ ਹੈ ਕਿ ਭਾਜਪਾ ਨੇ ਆਪਣੀ ਸਥਿਤੀ ਅਕਾਲੀ ਦਲ ਦੇ ਮੁਕਾਬਲੇ ਜ਼ਿਆਦਾ ਸੁਧਾਰੀ ਹੈ। ਜਿਥੇ ਅਕਾਲੀ ਦਲ ਨੇ 2017 ਵਿਚ ਵਿਧਾਨ ਸਭਾ ਵਿਚ ਜਿੱਤੀਆਂ 15 ਸੀਟਾਂ ਦੇ ਮੁਕਾਬਲੇ ਇਸ ਵਾਰ 23 ਵਿਧਾਨ ਸਭਾ ਸੀਟਾਂ ਵਿਚ ਲੀਡ (ਵੱਧ ਵੋਟਾਂ) ਲਈ ਹੈ, ਉਥੇ ਭਾਜਪਾ 3 ਦੇ ਮੁਕਾਬਲੇ 12 ਵਿਧਾਨ ਸਭਾ ਸੀਟਾਂ 'ਤੇ ਅੱਗੇ ਰਹੀ ਹੈ। ਹੁਣ ਭਾਜਪਾ ਨੇ ਸੰਨ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਕੋਲੋਂ ਜ਼ਿਆਦਾ ਸੀਟਾਂ ਦੀ ਮੰਗਣ ਲਈ ਕਮਰਕੱਸੇ ਕਰਨੇ ਸ਼ੁਰੂ ਕਰ ਦਿੱਤੇ ਹਨ।

ਪੱਛਮੀ ਬੰਗਾਲ ਵਿਚ 18 ਸੀਟਾਂ ਜਿੱਤ ਕੇ ਮਮਤਾ ਬੈਨਰਜੀ ਦਾ ਕਿਲ੍ਹਾ ਫ਼ਤਹਿ ਕਰਨ ਵਾਲੀ ਭਾਜਪਾ ਹੁਣ ਆਪਣਾ ਰੁਖ਼ ਪੰਜਾਬ ਵੱਲ ਕਰਨ ਜਾ ਰਹੀ ਹੈ। ਇਨ੍ਹਾਂ ਸੰਸਦੀ ਚੋਣਾਂ ਵਿਚ ਆਪਣੇ ਹਿੱਸੇ ਦੀਆਂ ਤਿੰਨ ਵਿਚੋਂ ਦੋ ਸੀਟਾਂ ਜਿੱਤਣ ਅਤੇ ਤਮਾਮ ਸ਼ਹਿਰਾਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ 'ਤੇ ਪਈ ਵੋਟ ਤੋਂ ਉਤਸ਼ਾਹਿਤ ਪਾਰਟੀ ਨੇ ਆਪਣੇ ਗੱਠਜੋੜ ਸਾਥੀ ਸ਼੍ਰੋਮਣੀ ਅਕਾਲੀ ਦਲ ਤੋਂ 50 ਫ਼ੀਸਦੀ ਹਿੱਸਾ ਮੰਗਣ ਦੀ ਤਿਆਰੀ ਕਰ ਲਈ ਹੈ। ਇਹ ਬਾਦਲ ਅਕਾਲੀ ਦਲ ਤੇ ਪੰਥ ਲਈ ਖਤਰੇ ਦੀ ਘੰਟੀ ਹੈ। ਅਕਾਲੀ ਦਲ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸਿਆਸਤ ਵਿਚ ਕੋਈ ਦੋਸਤ ਨਹੀਂ ਹੁੰਦਾ ਤੇ ਭਾਜਪਾ ਨਾਲ ਉਸ ਦਾ ਰਿਸ਼ਤਾ ਪਤੀ-ਪਤਨੀ ਵਾਲਾ ਰਿਸ਼ਤਾ ਸੁਪਨਮਈ ਹੈ। ਅਕਾਲੀ ਦਲ ਦਾ ਹੋਰ ਆਧਾਰ ਘਟਿਆ ਤਾਂ ਭਾਜਪਾ ਨੇ ਪੰਜਾਬ ਵਿਚ ਵੀ ਉਸ ਨੂੰ ਨਹੀਂ ਪਛਾਨਣਾ।

### *ਮਾਮਲਾ ਨਵੰਬਰ-84 ਸਿੱਖ ਕਤਲੇਆਮ ਦਾ*

## 12 ਦੋਸ਼ੀਆਂ ਵਿਰੁੱਧ ਦੋਸ਼ ਤੈਅ

**ਨਵੀਂ ਦਿੱਲੀ/ਏਟੀ ਨਿਊਜ਼ :** 1984 ਦੇ ਸਿੱਖ ਕਤਲੇਆਮ ਵਿੱਚ ਪਰਿਵਾਰ ਦੇ ਸੱਤ ਜੀਅ ਗੁਆ ਚੁੱਕੇ ਸਰਦੂਲ ਸਿੰਘ ਨੂੰ ਬੀਤੇ ਦਿਨੀਂ ਉਦੋਂ ਨਿਆਂ ਮਿਲਣ ਦੀ ਆਸ ਬੱਝੀ ਹੈ ਜਦੋਂ ਕੜਕੜਡੂਮਾ ਅਦਾਲਤ ਨੇ 12 ਦੋਸ਼ੀਆਂ ਖ਼ਿਲਾਫ਼ ਦੋਸ਼ ਤੈਅ ਕੀਤੇ ਹਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਨੂੰਨੀ ਸੈੱਲ ਦੇ ਚੇਅਰਮੈਨ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਜੱਜ ਜਗਦੀਸ਼ ਕੁਮਾਰ ਦੀ ਕੜਕੜਡੂਮਾ ਅਦਾਲਤ ਵਲੋਂ 1984 ਦੇ ਸਿੱਖ ਕਤਲੇਆਮ ਦੌਰਾਨ ਪਰਿਵਾਰ ਦੇ ਸੱਤ ਜੀਆਂ ਦੇ ਕਤਲ ਦੇ ਦੋਸ਼ ਹੇਠ 12 ਜਣਿਆਂ ਖ਼ਿਲਾਫ਼ ਦੋਸ਼ ਤੈਅ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਨਾਲ ਪਰਿਵਾਰ ਦੇ ਇੱਕੋ-ਇੱਕ ਬਚੇ ਮੈਂਬਰ ਸਰਦੂਲ ਸਿੰਘ ਨੂੰ 35 ਸਾਲਾਂ ਬਾਅਦ ਇਨਸਾਫ਼ ਮਿਲਣ ਦੀ ਆਸ ਬੱਝੀ ਹੈ।

ਕੇਸ ਦਾ ਵੇਰਵਾ ਦਿੰਦਿਆਂ ਕਾਹਲੋਂ ਨੇ ਦੱਸਿਆ ਕਿ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ 1984 ਵਿਚ ਦਿੱਲੀ ਵਿਚ ਹੋਏ ਸਿੱਖ ਕਤਲੇਆਮ ਦੌਰਾਨ ਯਮੁਨਾਪਾਰ ਛੱਜੂ ਕਲੋਨੀ ਦੇ ਬਾਬਰਪੁਰ, ਸ਼ਾਹਦਰਾ ਇਲਾਕੇ ਵਿਚ ਸਰਦੂਲ ਸਿੰਘ ਦੇ ਪਰਿਵਾਰ ਦੇ ਸੱਤ ਜੀਆਂ, ਜਿਨ੍ਹਾਂ ਵਿੱਚ ਉਸ ਦੇ ਮਾਪੇ, ਭਰਾ ਅਤੇ ਚਾਰ ਭੈਣਾਂ ਸ਼ਾਮਲ ਸਨ, ਨੂੰ ਮਿੱਟੀ ਦਾ ਤੇਲ ਪਾ ਕੇ ਜਿਊਂਦਾ ਸਾੜ ਦਿੱਤਾ ਗਿਆ ਸੀ। ਇਸ ਘਟਨਾ ਦੌਰਾਨ ਸਰਦੂਲ ਸਿੰਘ ਨੇ ਭੱਜ ਕੇ ਪੁਰਾਣੀ ਇਮਾਰਤ ਵਿਚ ਲੁਕ ਕੇ ਆਪਣੀ ਜਾਨ ਬਚਾਈ ਸੀ। ਉਨ੍ਹਾਂ ਦੱਸਿਆ ਕਿ ਸਰਦੂਲ ਸਿੰਘ 12 ਨਵੰਬਰ 1984 ਨੂੰ ਥਾਣਾ ਸ਼ਾਹਦਰਾ ਵਿੱਚ ਸ਼ਿਕਾਇਤ ਦਰਜ ਕਰਵਾਉਣ ਲਈ ਗਿਆ ਸੀ ਪਰ ਉੱਥੋਂ ਦੇ ਐੱਸ.ਆਈ. ਤੁਲਸੀ ਰਾਮ ਨੇ ਕਥਿਤ ਦੋਸ਼ੀਆਂ ਵਰਿੰਦਰ ਸਿੰਘ ਅਤੇ ਹੋਰਾਂ ਨੂੰ ਥਾਣੇ ਬੁਲਾਇਆ ਤਾਂ ਵਰਿੰਦਰ ਕੋਲ ਹਥਿਆਰ ਸੀ। ਮੁਲਜ਼ਮਾਂ ਨੇ ਐੱਸ.ਆਈ. ਨਾਲ ਮਿਲ ਕੇ ਸਰਦੂਲ ਸਿੰਘ ਨੂੰ ਧਮਕਾ ਕੇ ਦਸਤਖ਼ਤ ਕਰਵਾ ਲਏ ਸਨ ਕਿ ਉਸ ਦੀ ਕੋਈ ਸ਼ਿਕਾਇਤ ਨਹੀਂ ਹੈ। ਇਸ ਤੋਂ ਬਾਅਦ 19 ਸਤੰਬਰ 1985 ਵਿਚ ਸਰਦੂਲ ਸਿੰਘ ਨੇ ਜਸਟਿਸ ਰੰਗਾਨਾਥ ਕਮਿਸ਼ਨ ਕੋਲ ਆਪਣਾ ਹਲਫ਼ੀਆ ਬਿਆਨ ਦਿੱਤਾ ਸੀ, ਜਿਸ ਤਹਿਤ ਕਮਿਸ਼ਨ ਦੀ ਸਿਫ਼ਾਰਿਸ਼ 'ਤੇ 1991 ਵਿਚ 12 ਕਥਿਤ ਦੋਸ਼ੀਆਂ ਵਿਰੁੱਧ ਐੱਫ਼.ਆਈ.ਆਰ. ਦਰਜ ਹੋਈ ਸੀ। ਇਸ ਦੇ ਬਾਵਜੂਦ ਦੋਸ਼ੀਆਂ ਵਿਰੁੱਧ ਕਾਰਵਾਈ ਨਹੀਂ ਕੀਤੀ ਗਈ ਸੀ। ਇਥੋਂ ਤੱਕ ਕਿ ਪੁਲੀਸ ਨੇ ਚਲਾਨ ਵੀ ਪੇਸ਼ ਨਹੀਂ ਕੀਤਾ ਸੀ। ਕਾਹਲੋਂ ਨੇ ਦੱਸਿਆ ਕਿ 2015 ਵਿਚ ਕੇਂਦਰ ਸਰਕਾਰ ਵਲੋਂ ਬਣਾਈ ਐੱਸ.ਆਈ.ਟੀ. ਨੇ ਜਾਂਚ ਦੌਰਾਨ ਇਨ੍ਹਾਂ ਕਾਤਲਾਂ ਵਿਰੁੱਧ ਚਲਾਨ ਪੇਸ਼ ਕਰਵਾ ਕੇ ਕਾਰਵਾਈ ਵਿਚ ਤੇਜ਼ੀ ਲਿਆਂਦੀ, ਜਿਸ ਕਾਰਨ ਦੋਸ਼ੀਆਂ ਵਿਰੁਧ ਹੁਣ ਦੋਸ਼ ਤੈਅ ਹੋਏ ਹਨ। ਕੇਸ ਦੀ ਅਗਲੀ ਸੁਣਵਾਈ 29, 30 ਅਤੇ 31 ਅਗਸਤ ਨੂੰ ਹੋਵੇਗੀ।


SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300


Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
■ ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■ 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
■ ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250

We are located in your neighborhood & provide the following services:

# JK BROKERS

EQUAL HOUSING LENDER

CA DRE # 00908122 & NMLS. # 234426

**Real Estate**
Residential
Commercial
Multiple Units
Vacant Land
Businesses

**Mortgage Loans**
Purchase, Refinance,
No Closing Cost
Refinance Loans
(Subject to certain restrictions),
SBA - Commercial



**Jagrup Singh Judge**
Broker/Notary Public
Cell : (510) 512-6099
jagrupjudge@yahoo.com

## Jagrup Insurance Services

CA DOI LIC # OG63077

COVERED CALIFORNIA

Health, Life, Auto, Home, Commercial

**24000 Watkins St Hayward CA 94544 PH:(510) 733-6093**



**Kulmit K. Judge**
Notary Public
Cell : (510) 589-8430

## JK Notary Services

Mobile Services available, certain restrictions apply

*We are not attorneys & cannot provide legal services*

## JK Docprep Services

Immigration Consultant (insured & Bonded)

- VISA, OCI (OVERSEES CITIZEN OF INDIA)
- RENUNCIATION, PASSPORT & MISC. SERVICES,
- AFFIDAVITS
- POWER OF ATTORNEYS (INDIA)
- TRANSLATIONS- PUNJABI TO ENGLISH
- NAME CHANGE, PAN CARD 8. MUCH MORE

# TOTAL TRANSPORTATION SOLUTIONS

DMV Services / IFTA / IRP / Permits / DOT / Compliance

**STILL WAITING IN LINE AT THE DMV ??**

ਹੁਣ ਤੁਹਾਨੂੰ ਟਰੱਕਾਂ ਅਤੇ ਕਾਰਾਂ ਦੀਆਂ DMV ਸੇਵਾਵਾਂ ਲਈ ਲਾਈਨਾਂ ਵਿੱਚ ਖੜ੍ਹਨ ਦੀ ਲੋੜ ਨਹੀਂ।

- New Trucking Company Setup
- Corporation, LLC & DBA Filling
- IRP License Plates
- MC (ICC) Authority
- US DOT Number
- All Truck Permits
- IFTA Fuel Tax Returns
- UCR Permits, BOC-3 Filling
- CA#, MCP, EPN Enrollment
- Highway Use Tax (2290)
- ARB Registration

ਬੇ ਏਰੀਏ ਵਿੱਚ DMV ਸੇਵਾਵਾਂ

- Registration Renewal
- Replacement Sticker
- Title Transfer
- Duplicate Title
- Moving Permits
- VIN Verification
- VIN Inquiry
- Out of State Transfer



DMV Lic # 73533

**Ph. 510 400 7300**

Fax 510 601 6200

Email : TMSinc123@gmail.com

24010 Watkins St. Hayward CA 94544

# Royal Castle Banquet Hall

## FOR ALL TYPES OF FUNCTIONS & EVENTS



**Facilities**

- Wedding Reception
- Birthday Parties
- Naming Ceremony
- Business Meetings
- Graduation Parties
- And More







**5560 Palm Ave Sacramento CA 95841**

Phone : 209-918-9700 , www.royalcastlebanquethall.com

follow us on Facebook and Instagram #royalcastlebanquethall

# ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੇ ਜੂਨ-1984 'ਚ
# ਗੰਢ ਮੌਕੇ ਸਾਨਫਰਾਂਸਿਸਕੋ ਵਿਖੇ ਸਜਾਏ ਗਏ ਵਿਸ਼ਾਲ ਨ



# ਹੋਏ ਸਾਕਾ ਦਰਬਾਰ ਸਾਹਿਬ ਦੇ ਸ਼ਹੀਦਾਂ ਦੀ 35ਵੀਂ ਵਰ੍ਹੇ
# ਗਰ ਕੀਰਤਨ ਦੀਆਂ ਝਲਕੀਆਂ ਤਸਵੀਰਾਂ ਦੀ ਜ਼ੁਬਾਨੀ



ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।






COVERED CALIFORNIA

ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!



ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM



KHALSA INSURANCE AGENCY, INC.
Khalsa Insurance Agency is among TOP 50 agencies

2014 ACE INDIVIDUAL
KHALSA INSURANCE AGENCY

» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA

Call Now for the Lowest Health Insurance Premiums available
Some Households qualify for
FREE HEALTHCARE

OBAMACARE
COVERED CALIFORNIA
AFFORDABLE CARE ACT
California Health Benefit Exchange
Your destination for affordable health care

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com



ਨਵੀਂ ਕਿਤਾਬ




ਪੰਜਾਬ ਨੂੰ ਬੜਾ ਮਾਣ ਹੈ ਕਿ ਇਸ ਨੇ ਵੇਦ ਰਚੇ, ਭਗਵਤ ਗੀਤਾ ਰਚੀ, ਪਰ ਪੰਜਾਬ ਦੇ ਇਤਿਹਾਸ ਵਿਚ ਇਸ ਦਾ ਸਭ ਤੋਂ ਵੱਧ ਅਮੀਰ ਵਿਰਸਾ ਜਿਸ ਵਿਚ ਅਨੇਕ ਪਰਿਪੇਖਾਂ ਨੂੰ ਸਮੋ ਕੇ ਜੀਵਨ ਦ੍ਰਿਸ਼ਟੀ ਉਸਾਰੀ ਗਈ ਹੈ, ਉਹ 'ਸ੍ਰੀ ਗੁਰੂ ਗ੍ਰੰਥ ਸਾਹਿਬ' ਹੈ। ਇਸ ਗ੍ਰੰਥ ਉੱਤੇ ਕਿਸੇ ਇਕ ਫ਼ਿਰਕੇ ਜਾਂ ਧਰਮ ਦੀ ਅਜਾਰਾਦਾਰੀ ਨਹੀਂ ਮੰਨੀ ਜਾ ਸਕਦੀ। ਇਸ ਵਿਚ ਜੋ ਮੁੱਲ ਦਿੱਤੇ ਗਏ ਹਨ, ਉਹ ਮਨੁੱਖ ਜਾਤੀ ਦੇ ਸਾਂਝੇ ਹਨ। ਇਸ ਗ੍ਰੰਥ ਵਿਚ ਮਹੱਤਵਪੂਰਨ ਧਾਰਨਾ ਇਹ ਹੈ ਕਿ ਸਮੁੱਚੀ ਕਾਇਨਾਤ ਸੰਗੀਤ ਅਤੇ ਸ਼ਾਇਰੀ ਹੈ, ਵਿਸਮਾਦ ਹੈ। ਇਸੇ ਨਾਲ ਜੀਵਨ ਨੂੰ ਜੋੜਨ ਦੀ ਲੋੜ ਹੈ। ਜ਼ਿੰਦਗੀ ਅਤੇ ਇਸ ਦੀਆਂ ਸੰਰਚਨਾਵਾਂ ਵਿਚ ਜੋ ਵਿਰੋਧ ਹਨ, ਉਨ੍ਹਾਂ ਨੂੰ ਸ਼ਕਤੀ ਨਾਲ ਤੋੜ-ਭੰਨ ਕੇ ਬ੍ਰਹਿਮੰਡੀ ਸੁੰਦਰਤਾ ਅਤੇ ਸੰਗੀਤ ਨੂੰ ਜੀਵਨ ਪ੍ਰਵਾਹ ਬਣਾਉਣ ਦੀ ਲੋੜ ਹੈ। ਕਿਸੇ ਵਿਤਕਰੇ ਦੀ ਇਸ ਵਿਚ ਕੋਈ ਥਾਂ ਨਹੀਂ।

*ਮੌਲਿਕ ਸਿੱਖ ਚਿੰਤਕ ਡਾ. ਗੁਰਭਗਤ ਸਿੰਘ ਵਲੋਂ ਤਿੰਨ ਦਹਾਕਿਆਂ ਦੌਰਾਨ ਲਿਖੇ 30 ਲੇਖਾਂ ਦੀ ਸਿੱਖ ਰਾਜਨੀਤਿਕ ਵਿਸ਼ਲੇਸ਼ਕ ਸ. ਅਜਮੇਰ ਸਿੰਘ ਵਲੋਂ ਸੰਪਾਦਤ ਕੀਤੀ ਇਹ ਕਿਤਾਬ ਪਾਠਕ 'ਸਿੱਖ ਸਿਆਸਤ' ਰਾਹੀਂ ਦੁਨੀਆਂ ਭਰ ਵਿਚ ਕਿਤੇ ਵੀ ਮੰਗਵਾ ਸਕਦੇ ਹਨ।*

ਇਹ ਕਿਤਾਬ ਵਟਸਐਪ ਨੰਬਰ +91-89682-25990 'ਤੇ ਸੁਨੇਹਾ ਭੇਜ ਕੇ ਮੰਗਵਾਈ ਜਾ ਸਕਦੀ ਹੈ।

ਕਿਤਾਬ ਪ੍ਰਾਪਤ ਕਰਨ ਲਈ ਸੰਪਰਕ ਕਰੋ:

FB Message | WhatsApp Message | SSN Android App

ਡਾ. ਗੁਰਭਗਤ ਸਿੰਘ ਦੀਆਂ ਹੋਰ ਕਿਤਾਬਾਂ ਵੀ ਸਾਡੇ ਰਾਹੀਂ ਮੰਗਵਾਈਆਂ ਜਾ ਸਕਦੀਆਂ ਹਨ।

+91-8968225990 /sikhsiyasat Web: sikhsiyasat.net | sikhsiyasat.com | sikhsiyasat.info

Dedicated to Sri Guru Nanak Dev ji's 550th Parkash Purb

# UNITED SPORTS CLUB CALIFORNIA, AMERICA
# 15TH WORLD KABADDI CUP

## 15 SEPTEIMBER 2019, SUNDAY

(Timing 09:00am - 06pm)

(James Logan High School 1800 H Street, Union City, California 94587)

ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾਣ ਵਾਲਾ '15ਵਾਂ ਵਿਸ਼ਵ ਕਬੱਡੀ ਕੱਪ 2919' ਇਤਿਹਾਸਿਕ ਹੋਵੇਗਾ

UNITED SPORTS CLUB, CALIFORNIA AMERICA






Amolak Singh Gakhal
Chief Patron, United Sports Club

### Sponsor of 1st Prize
Gulwinder Gakhal, Nikki Atwal & Pinki Atwal of Diamond Trucking




### Sponsor of 2nd Prize
Jugraj Singh Sahota & Narinder Singh Sahota of Sahota Family

Dedicated to Sweet Memory of Late. Kashmir Singh Sahota



### Sponsor of 3rd Prize
Mike Boparai



### Diamond Sponsor
Inder Dosanjh

Dosanjh faimly auto group Inc





Makhan Singh Bains Chairman | Iqbal Singh Gakhal Vice Chairman | Jugraj Singh Sahota President | Palwinder Singh Gakhal Director | S. Ashok Bhaura Gen. Sec & Media Incharge | Pinki Atwal Director | Sadhu Singh Khlaur Advisor | Narinder Singh Sahota Treasurer | Balvir Singh Bhatia Director | Dalwinder Padda Director | Natha Singh Gakhal Advisor

All Kabaddi Lovers openly Inivited



Debi Sohal Sidhwan Dona Director | Inderjit Singh Thind Director | Bakhtawar Singh Gakhal Director | Gurpreet Singh Gakhal Director | Giani Ravinder Singh Director | Baljinder Singh Gakhal Director | Gulwiner Singh Gakhal Director | Harjinder Ladhar Director | Arundeep Singh | Baljinder Singh

Media In charge World Kabaddi Cup
S. Ashok Bhaura
Phone: 510 415 3315,
Email: ashokbhaura@gmail.com





Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders



Raja SWEETS & CATERING
AUTHORIZED CATERER FOR MAJOR 5-STAR HOTELS
Presents
PARADISE BALLROOMS
banquet hall & event center



ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS
4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਪੰਜਾਬੀਆਂ ਦੇ ਵਿਦੇਸ਼ ਜਾਣ ਦਾ ਜਨੂੰਨ ਤੇ ਦੁਖਾਂਤ






**ਕੁਲਮਿੰਦਰ ਕੌਰ**

ਕੁਝ ਦਿਨ ਹੋਏ, ਇਕ ਅਖਬਾਰ ਵਿਚ ਮੈਂ ਕੈਨੇਡਾ ਵਿਆਹੀ ਗਈ ਕੁੜੀ ਵੱਲੋਂ ਲਿਖਿਆ ਲੇਖ ਪੜ੍ਹਿਆ, ਜਿਸ ਦਾ ਬਿਰਤਾਂਤ ਸੀ ਕਿ ਅਕਸਰ ਜਦੋਂ ਵੀ ਕੋਈ ਸੁਹਣੀ ਸੁਨੱਖੀ, ਮਾਸੂਮ, ਨਾਜ਼ੁਕ, ਅੱਲੜ ਜਿਹੀ ਸੱਜ ਵਿਆਹੀ ਮੁਟਿਆਰ ਮੁਲਕ ਤੋਂ ਬਾਹਰ ਜਹਾਜ਼ੋਂ ਉਤਰਦੀ ਹੈ, ਤਾਂ ਉਸ ਦੇ ਪਤੀ ਵੱਲੋਂ ਆਮ ਤੌਰ 'ਤੇ ਪਹਿਲਾ ਤੋਹਫਾ ਸੇਫਟੀ ਸ਼ੂਜ ਹੁੰਦਾ ਹੈ। ਜਦੋਂ ਉਹ ਆਪਣੇ ਨਾਜ਼ੁਕ ਪੈਰਾਂ ਵਿੱਚੋਂ ਝਾਂਜਰਾਂ ਲਾਹ, ਇਹ ਸ਼ੂਜ ਪਾਕੇ ਫੈਕਟਰੀ ਵਿਚ ਅੱਠ-ਅੱਠ ਘੰਟੇ ਖੜੋ ਕੇ ਕੰਮ ਕਰਦੀ ਹੈ, ਤਾਂ ਤਰਸ ਦੀ ਪਾਤਰ ਬਣਦੀ ਹੈ। ਲੇਖ ਪੜ੍ਹ ਕੇ ਮੇਰੀਆਂ ਯਾਦਾਂ ਦਾ ਕਿਵਾੜ੍ਹ ਵੀ ਖੁੱਲ੍ਹਿਆ। ਕਈ ਵਰ੍ਹੇ ਪਹਿਲਾਂ ਮੈਂ ਆਸਟ੍ਰੇਲੀਆ (ਸਿਡਨੀ) ਰਹਿੰਦੀ ਆਪਣੀ ਬੇਟੀ ਕੋਲ ਗਈ ਤਾਂ ਉੱਥੇ ਮੇਰੀ ਇੱਕ ਪੁਰਾਣੀ ਵਿਦਿਆਰਥਣ ਮਿਲਣ ਆਈ। ਕੁੜੀ ਦਾ ਸਹੁਰਾ ਪਰਿਵਾਰ ਕਾਫੀ ਸਮੇਂ ਤੋਂ ਉੱਧਰ ਹੈ ਤੇ ਉਦੋਂ ਉਹ ਵੂਲਗੂਲਗਾ ਖੇਤਰ ਦੇ ਨਿਵਾਸੀ ਸਨ। ਸ਼ਹਿਰ ਤੋਂ ਦੂਰ ਕਿਸੇ ਫਾਰਮ ਵਿਚ ਹੀ ਉਹਨਾਂ ਦੀ ਰਿਹਾਇਸ਼ ਸੀ। ਗੱਲਾਂ-ਗੱਲਾਂ ਵਿਚ ਉਹ ਆਪਣੇ ਮਨ ਦੀ ਵਿਥਿਆ ਬਿਆਨ ਕਰਦੀ ਰਹਿੰਦੀ। ਦੱਸਦੀ ਕਿ ਸਾਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ। ਸਾਡੇ ਕੇਲਿਆਂ ਦੇ ਖੇਤ ਹਨ, ਜਿੱਥੇ ਮੈਂ ਵੱਡੇ-ਵੱਡੇ ਸੇਫਟੀ ਸ਼ੂਜ ਪਾ ਕੇ ਸਾਰੇ ਕੰਮ ਕਰਦੀ ਹਾਂ। ਉੱਥੇ ਨਿੱਤ ਦਿਨ ਜ਼ਹਿਰੀਲੇ ਜੀਵ-ਜੰਤੂ, ਸੱਪ, ਸਪੋਲੀਏ ਵਗੈਰਾ ਆਮ ਹੀ ਤੁਰੇ ਫਿਰਦੇ ਹਨ। ਇਹ ਸੁਣਦਿਆਂ ਮੇਰੀ ਰੂਹ ਕੰਬ ਗਈ।

ਹਰ ਜਮਾਤ ਵਿੱਚੋਂ ਫਸਟ ਆਉਣ ਵਾਲੀ ਸੁੰਦਰ ਤੇ ਮਲੂਕ ਜਿਹੀ ਕੁੜੀ ਬਾਰੇ ਤਾਂ ਮੈਂ ਕਦੇ ਸੋਚ ਵੀ ਨਹੀਂ ਸੀ ਸਕਦੀ ਕਿ ਅਜਿਹੇ ਹਾਲਾਤ ਵਿੱਚੋਂ ਵੀ ਲੰਘੇਗੀ। ਕਾਰਨ ਬਾਹਰਲੇ ਮੁਲਕ ਦੀ ਖਿੱਚ ਸੀ। ਉਸ ਨੇ ਦੱਸਿਆ ਕਿ ਸਾਡੇ ਪਰਿਵਾਰ ਦੇ ਕਈ ਮੈਂਬਰ ਸ਼ਹਿਰਾਂ ਵਿੱਚ ਨੌਕਰੀ ਕਰਨ ਲੱਗੇ ਹਨ। ਮੇਰੇ ਦੋ ਬੱਚੇ ਹਨ, ਸ਼ਾਇਦ ਇਹਨਾਂ ਦੀ ਪੜ੍ਹਾਈ ਖਾਤਰ ਮੈਂ ਵੀ ਸ਼ਹਿਰ ਰਹਾਂਗੀ ਤੇ ਹੋਰ ਕੰਮ ਕਰਾਂਗੀ। ਉਸ ਦੇ ਕਹਿਣ ਮੁਤਾਬਕ, ਪੇਕੇ ਪਰਿਵਾਰ ਵਿੱਚੋਂ ਦੋਨੋਂ ਭਰਾਵਾਂ ਨੂੰ ਇਧਰ ਬੁਲਾਉਣ ਲਈ ਉਸ ਦਾ ਪਤੀ ਕੋਸ਼ਿਸ਼ ਕਰ ਰਿਹਾ ਹੈ। ਪਹਿਲੇ ਵੇਲਿਆਂ ਵਿਚ ਵਿਆਹ ਤੋਂ ਬਾਅਦ ਧੀਆਂ ਲਈ ਸਹੁਰਾ ਘਰ ਹੀ ਕੰਧ ਉਹਲੇ ਪ੍ਰਦੇਸ ਬਣ ਜਾਂਦਾ ਸੀ ਤੇ ਉਹ ਆਪਣੇ ਅੰਦਰਲੀ ਵੇਦਨਾ ਨੂੰ ਲੋਕ ਗੀਤ ਰਾਹੀਂ ਇਝ ਪ੍ਰਗਟ ਕਰਦੀਆਂ...;

"ਪੁੱਤਰਾਂ ਨੂੰ ਦੇਵੇ ਬਾਬਲ, ਮਹਿਲ ਤੇ ਮਾੜੀਆਂ,
ਧੀਆਂ ਨੂੰ ਦਿੱਤਾ ਈ ਪ੍ਰਦੇਸ।"

ਅੱਜ ਦੇ ਖਪਤਵਾਦੀ ਵਿਕਾਸ ਵਿਚ ਤਾਂ ਆਮ ਹੀ ਧੀਆਂ ਦੀ ਚੋਗ ਕੰਧ ਉਹਲੇ ਨਹੀਂ, ਸੱਚਮੁੱਚ ਸੱਤ ਸਮੁੰਦਰੋਂ ਪਾਰ ਖਿਲਰੀ ਹੁੰਦੀ ਹੈ। ਉਂਝ ਅੰਗਰੇਜ਼ੀ ਰਾਜ ਵੇਲੇ ਇੱਕ ਅੰਗਰੇਜ਼ ਲੇਖਕ ਤੇ ਚਿੰਤਕ ਰੁਡਯਾਰਡ ਕਿਪਲਿੰਗ ਨੇ ਕਿਹਾ ਸੀ ਕਿਪੂਰਬ, ਪੂਰਬ ਹੈ ਤੇ ਪੱਛਮ-ਪੱਛਮ ਹੈ, ਦੋਨੋਂ ਇੱਕ ਦੂਜੇ ਨਾਲ ਮਿਲ ਨਹੀਂ ਸਕਦੇ। ਭਾਵ ਪੱਛਮ ਤੇ ਪੂਰਬ ਦਾ ਸੱਭਿਆਚਾਰ, ਸੋਚ, ਜੀਵਨ-ਸ਼ੈਲੀ ਵੱਖ-ਵੱਖ ਹਨ ਤੇ ਫਲਸਰੂਪ ਉਸ ਨੂੰ ਇਹਨਾਂ ਦਾ ਸੁਮੇਲ ਅਸੰਭਵ ਲੱਗਦਾ ਸੀ। ਅੱਜ ਸੰਸਾਰ ਦੇ ਏਕੀਕਰਨ ਦੇ ਦੌਰ ਵਿੱਚ ਇਸ ਬੁਨਿਆਦੀ ਵਖਰੇਵੇਂ ਦੇ ਬਾਵਜੂਦ ਆਪਣੀ ਆਰਥਿਕ ਬਿਹਤਰੀ ਲਈ ਲੋਕ ਪੱਛਮੀ ਤੇ ਹੋਰ ਵਿਕਸਤ ਦੇਸ਼ਾਂ ਵੱਲ ਆਮ ਹੀ ਜਾਣ ਲੱਗੇ ਪਏ ਹਨ। ਇਨਸਾਨ ਚੰਗੇ ਤੋਂ ਹੋਰ ਚੰਗਾ ਲੋਚਦਾ ਹੈ। 20ਵੀਂ ਸਦੀ ਦੇ ਮੁੱਢ ਤੋਂ ਸ਼ੁਰੂ ਹੋਇਆ ਇਹ ਪਰਵਾਸ ਅੱਜ ਇੱਕੀਵੀਂ ਸਦੀ ਦੇ ਦੋ ਦਹਾਕਿਆਂ ਤਕ ਨਿਰੰਤਰ ਜਾਰੀ ਹੈ। ਆਰਥਿਕ ਮੰਦਹਾਲੀ ਵਿੱਚੋਂ ਨਿਕਲ ਕੇ ਵਿਦੇਸ਼ ਵਸਣ ਦਾ ਸਭ ਤੋਂ ਕਾਰਗਰ ਤੇ ਅਸਾਨ ਉਪਾਅ ਵਿਆਹ ਹੀ ਜਾਣਿਆ ਗਿਆ ਹੈ। ਚਾਰ ਪੰਜ ਦਹਾਕੇ ਪਹਿਲਾਂ ਲੜਕੇ ਆਮ ਤੌਰ 'ਤੇ ਜੱਦੀ-ਪੁਸ਼ਤੀ ਪੈਂਦੇ ਵਾਹੀ-ਜੋਤੀ ਜਾਂ ਵਪਾਰਕ ਕਾਰੋਬਾਰ ਵਿਚ ਦਿਲਚਸਪੀ ਰੱਖਦੇ ਸਨ। ਧੀਆਂ ਦੇ ਵਿਆਹ ਦਾ ਫਿਕਰ ਤੇ ਘਰ ਵਿਚੋਂ ਵੱਧ ਪੜ੍ਹ-ਲਿਖ ਜਾਣ ਕਰਕੇ ਜੇਕਰ ਕੋਈ ਚੰਗਾ ਵਿਦੇਸ਼ੀ ਲੜਕਾ ਮਿਲ ਜਾਂਦਾ ਤਾਂ ਘਰ ਪਰਿਵਾਰ ਦੀ ਖੁਸ਼ਕਿਸਮਤੀ ਸਮਝਿਆ ਜਾਂਦਾ ਸੀ। ਇਸ ਵਿਚ ਉਹਨਾਂ ਨੂੰ ਆਪਣਾ ਤੇ ਬੱਚਿਆਂ ਦਾ ਭਵਿੱਖ ਨਜ਼ਰ ਆਉਂਦਾ।

ਉਹਨਾਂ ਵੇਲਿਆਂ ਦੀ ਗੱਲ ਹੈ, ਸਾਡੇ ਵਿਆਹ ਤੋਂ ਬਾਅਦ, ਦੋਹਾਂ ਪਰਿਵਾਰਾਂ ਵਿੱਚੋਂ ਅਸੀਂ ਹੀ ਸ਼ਹਿਰ ਵਿੱਚ ਰਹਿੰਦੇ, ਪੱਕੀ ਨੌਕਰੀ ਤੇ ਵਧੀਆ ਰਹਿਣ-ਸਹਿਣ ਮਾਣ ਰਹੇ ਸਾਂ। ਰਿਸ਼ਤੇਦਾਰ ਨੌਜਵਾਨ ਲੜਕੇ-ਲੜਕੀਆਂ ਸਾਡੇ ਤੋਂ ਪ੍ਰਭਾਵਿਤ ਹੋ ਕੇ ਅਗਾਂਹ ਵਧਣ ਦੀ ਕੋਸ਼ਿਸ਼ ਵਿੱਚ ਲੱਗੇ ਰਹਿੰਦੇ। ਮੇਰੀ ਇੱਕ ਨਨਦ ਦੀ ਲੜਕੀ ਸਾਡੇ ਨਾਲ ਖਾਸ ਹੀ ਲੱਗ-ਲਗਾਵ ਤੇ ਮੋਹ ਰੱਖਦੀ ਸੀ। ਵਿਆਹ ਬਾਰੇ ਗੱਲ ਚਲਦੀ ਤਾਂ ਹਮੇਸ਼ਾ ਬਾਹਰ ਜਾਣ ਦੀ ਇੱਛਾ ਜ਼ਾਹਿਰ ਕਰਦੀ। ਐੱਮ.ਏ. ਪਾਸ ਸੁਹਣੀ, ਸੁਨੱਖੀ ਕੁੜੀ ਆਪਣੇ ਸ਼ਰਾਬੀ ਪਿਉ ਤੇ ਫਿਰ ਨਿਕੰਮੇ ਭਰਾਵਾਂ ਬਾਰੇ ਫਿਕਰਮੰਦ ਸੀ। ਸੁਭੈਕੀ ਉਹਨਾਂ ਦਿਨਾਂ ਵਿੱਚ ਹੀ ਮੇਰੇ ਪਤੀ ਦੇ ਕਿਸੇ ਦੋਸਤ ਨੇ ਕੈਨੇਡਾ ਤੋਂ ਆਏ ਆਪਣੇ ਜਾਣੂੰ ਤਲਾਕਸ਼ੁਦਾ ਵਿਅਕਤੀ ਲਈ ਵਿਆਹਯੋਗ ਲੜਕੀ ਦੀ ਦੱਸ ਪਾਉਣ ਲਈ ਕਿਹਾ। ਥੋੜ੍ਹਾ ਝਿਜਕਦਿਆਂ ਅਸੀਂ ਉਸ ਦੁਹਾਜੂ, ਤਲਾਕਸ਼ੁਦਾ, ਵੱਡੀ ਉਮਰ ਦੇ ਲੜਕੇ ਬਾਰੇ ਕੁੜੀ ਨਾਲ ਗੱਲ ਕੀਤੀ ਤਾਂ ਉਹ ਝੱਟ ਮੰਨ ਗਈ। ਘਰ ਦਿਆਂ ਦੀ ਰਜ਼ਾਮੰਦੀ ਨਾਲ ਥੋੜ੍ਹੇ ਦਿਨਾਂ ਵਿੱਚ ਹੀ ਵਿਆਹ ਹੋ ਗਿਆ। ਕੁਝ ਸਾਲਾਂ ਵਿੱਚ ਹੀ ਉਸ ਦੇ ਮਾਪੇ ਤੇ ਭਰਾ ਵੀ ਬਾਹਰ ਚਲੇ ਗਏ ਤੇ ਆਰਥਿਕ ਮੰਦਹਾਲੀ ਵਿੱਚੋਂ ਬਾਹਰ ਨਿਕਲ ਗਏ। ਜਦੋਂ ਵੀ ਉਹ ਲੜਕੀ ਮਿਲਣ ਆਉਂਦੀ ਤਾਂ ਦੱਸਦੀ ਕਿ ਉੱਥੇ ਜ਼ਿੰਦਗੀ ਅਸਾਨ ਨਹੀਂ ਹੈ, ਦਿਨ-ਰਾਤ ਕੰਮ ਕਰੋ ਤਾਂ ਹੀ ਗੁਜ਼ਰ-ਬਸਰ ਹੁੰਦਾ ਹੈ। ਐਵੇਂ ਸਾਡੇ ਲੋਕ ਭਰਮ-ਭੁਲੇਖਿਆਂ ਵਿੱਚ ਜਿਉਂਦੇ ਹਨ ਕਿ ਵਿਦੇਸ਼ ਵਿੱਚ ਲੋਕ ਰੰਗੀਂ ਵਸਦੇ ਹਨ।

ਦਰਅਸਲ ਪੰਜਾਬੀਆਂ ਨੂੰ ਅਜੋਕੇ ਪੰਜਾਬ ਵਿੱਚ ਕੋਈ ਭਵਿੱਖ ਨਜ਼ਰ ਦਿਖਾਈ ਨਹੀਂ ਦਿੰਦਾ ਤੇ ਉਹ ਹਰ ਹੀਲੇ ਵਿਦੇਸ਼ ਵਿੱਚ ਵਸਣ ਦੀ ਧੁੰਨ ਵਿੱਚ ਰਹਿੰਦੇ ਹਨ। ਇਹ ਖਾਹਿਸ਼ ਸਮਾਜਿਕ ਅਤੇ ਆਰਥਿਕ ਹਾਲਾਤ ਦੀ ਬੇਵਸੀ ਵਿੱਚੋਂ ਪੈਦਾ ਹੋਇਆ ਉਹ ਅਰਮਾਨ ਹੈ ਜੋ ਅੱਜ ਇੱਕ ਜਨੂੰਨ ਬਣ ਕੇ ਉੱਭਰ ਆਇਆ ਹੈ। ਅੱਜ ਹਜ਼ਾਰਾਂ ਧੀਆਂ ਨਾਲ ਧੋਖੇ ਵੀ ਹੋਏ ਹਨ। ਮਾਪੇ ਅਣਗਹਿਲੀ ਅਤੇ ਲਾਪਰਵਾਹੀ ਵਰਤਦੇ ਹੋਏ ਆਪਣੇ ਹੱਥੀਂ ਧੀਆਂ ਨੂੰ ਦੁੱਖਾਂ ਦੀ ਭੱਠੀ ਵਿਚ ਝੋਕ ਰਹੇ ਹਨ। ਤੀਰਥ ਯਾਤਰਾ ਦੌਰਾਨ ਇੱਕ ਲੜਕੀ ਦੇ ਪਰਿਵਾਰ ਦੀ ਮੁਲਾਕਾਤ ਇੰਗਲੈਂਡ ਦੇ ਪੱਕੇ ਵਸਨੀਕ ਲੜਕੇ ਤੇ ਉਸ ਦੀ ਮਾਂ ਨਾਲ ਹੋਈ। ਕੁਝ ਦਿਨਾਂ ਬਾਅਦ ਹੀ ਲੜਕੀ ਦੀ ਸ਼ਾਦੀ ਇਸ ਵਿਦੇਸ਼ੀ ਲੜਕੇ ਨਾਲ ਕਰ ਦਿੱਤੀ ਗਈ। ਲੜਕੇ ਨੇ ਇੱਕ ਹਫਤਾ ਲੜਕੀ ਨੂੰ ਹੋਟਲ ਵਿੱਚ ਰੱਖਿਆ ਤੇ ਫਿਰ ਵਿਦੇਸ਼ ਜਾ ਕੇ ਉਸ ਦੀ ਬਾਤ ਨਹੀਂ ਪੁੱਛੀ।

ਬਾਹਰਲੇ ਦੇਸ਼ਾਂ ਦੇ ਵਿਗੜੇ ਮੁੰਡੇ ਜਾਂ ਘਰਦਿਆਂ ਦੇ ਦਬਾਅ ਹੇਠ ਵਿਆਹ ਕਰਾਉਣ ਵਾਲੇ ਲਾੜੇ ਮੁੜ ਨਹੀਂ ਪਰਤਦੇ। ਕਈ ਮਾਪੇ ਲਾਲਚੀ ਕਿਸਮ ਦੇ ਨਿਕਲਦੇ ਹਨ। ਇਹੋ ਜਿਹੇ ਕੇਸਾਂ ਵਿੱਚ ਜੇਕਰ ਲੜਕੀ ਬਾਹਰ ਚਲੀ ਜਾਵੇ ਤਾਂ ਉੱਥੇ ਵੀ ਸੰਤਾਪ ਭੁਗਤਦੀ ਹੈ। ਕਤਲ, ਕੁੱਟਮਾਰ ਵਰਗੀਆਂ ਘਟਨਾਵਾਂ ਉੱਥੇ ਵੀ ਵਾਪਰਦੀਆਂ ਹਨ। ਮੇਰੀ ਇੱਕ ਸਹੇਲੀ ਦੀ ਬੇਟੀ ਨਾਲ ਕੁਝ ਸਾਲ ਪਹਿਲਾਂ ਇਹ ਸਾਰਾ ਕੁਝ ਵਾਪਰਿਆ। ਜਾਣ ਪਛਾਣ ਵਿੱਚੋਂ ਵਿਦੇਸ਼ੀ ਲੜਕੇ ਦੀ ਭੈਣ ਨੇ ਹੀ ਰਿਸ਼ਤਾ ਮੰਗਿਆ। ਘਰ-ਪਰਿਵਾਰ ਸਭ ਠੀਕ ਲੱਗਾ ਤਾਂ ਵਿਆਹ ਕਰ ਦਿੱਤਾ। ਕੁਝ ਮਹੀਨੇ ਬਾਅਦ ਹੀ ਉੱਥੋਂ ਦੇ ਵਿਗੜੈਲ ਮੁੰਡੇ ਨੇ ਕੁੜੀ ਦੇ ਜਨਮ ਦਿਨ 'ਤੇ ਮਾਮੂਲੀ ਤਕਰਾਰ ਪਿੱਛੋਂ ਉਸ ਦਾ ਕਤਲ ਕਰ ਦਿੱਤਾ। ਮਾਂ ਵਿਰਲਾਪ ਕਰਦੀ ਕਹਿੰਦੀ ਹੈ, ਕਾਸ਼! ਮੈਨੂੰ ਪਤਾ ਲੱਗ ਜਾਵੇ ਕਿਉਂ ਤੇ ਕਿਵੇਂ ਮਾਰੀ ਮੇਰੀ ਧੀ।

ਕਈ ਤਲਾਕਸ਼ੁਦਾ ਪਰਵਾਸੀ ਉੱਧਰ ਨਵੀਂ ਸੱਜ-ਵਿਆਹੀ ਨੂੰ ਛੱਡ ਕੇ ਆਪਣੇ ਪਹਿਲੇ ਬੱਚਿਆਂ ਦੇ ਮੋਹ ਅਤੇ ਦਬਾਅ ਹੇਠ ਮੁੜ ਉਧਰ ਰੁਖ ਕਰ ਲੈਂਦੇ ਹਨ। ਬਾਹਰ ਦੇ ਚਾਅ ਵਿਚ ਗਈ ਕੁੜੀ ਉੱਥੋਂ ਦੀ ਨਾਗਰਿਕਤਾ ਹਾਸਲ ਕਰਨ ਖਾਤਿਰ ਸਬਰ ਦਾ ਕੌੜਾ ਘੁੱਟ ਭਰ ਲੈਂਦੀ ਹੈ। ਵਿਦੇਸ਼ੀ ਪਤੀਆਂ ਦੇ ਧੋਖੇ ਦਾ ਸ਼ਿਕਾਰ ਧੀਆਂ ਦੇ ਦੁੱਖੜੇ ਬਿਆਨ ਨਹੀਂ ਕੀਤੇ ਜਾ ਸਕਦੇ। ਪਿਛਲੇ ਦੋ ਦਹਾਕਿਆਂ ਵਿਚ ਪੰਜਾਬ ਵਿਚ ਹੀ ਕਰੀਬ 30,000 ਕੇਸ ਵਾਪਰੇ ਹਨ। ਸਧਾਰਨ, ਮੱਧ ਵਰਗੀ ਪਰਿਵਾਰ ਦੀਆਂ ਇਹਨਾਂ ਔਰਤਾਂ ਦੀ ਮਾਇਕ ਸਮਰੱਥਾ ਘੱਟ ਹੋਣਾ, ਜਾਗਰੂਕਤਾ ਦੀ ਘਾਟ, ਪੁਲੀਸ ਅਤੇ ਕੋਰਟ ਕਚਹਿਰੀਆਂ ਦੇ ਚੱਕਰ ਅਤੇ ਖੱਜਲ-ਖੁਆਰੀ ਅਤੇ ਕਾਨੂੰਨ ਦੀ ਢਿੱਲੀ ਕਾਰਗੁਜ਼ਾਰੀ ਦੀ ਵਜ੍ਹਾ ਨਾਲ ਇਹ ਕੇਸ ਅੱਧ ਵਿਚਾਲੇ ਲਟਕਦੇ ਹਨ ਤੇ ਡਿਸਮਿਸ ਵੀ ਹੋ ਜਾਂਦੇ ਹਨ। ਦੇਰ ਨਾਲ ਹੀ ਸਹੀ ਪਰ ਹੁਣ ਪਿਛਲੇ ਕੁਝ ਸਮੇਂ ਤੋਂ ਇਸ ਸਮੱਸਿਆ ਖਿਲਾਫ ਅਵਾਜ਼ ਬੁਲੰਦ ਹੋਈ ਹੈ। ਪਾਸਪੋਰਟ ਦਫਤਰਾਂ ਨੇ ਪੁਲੀਸ ਮੁਖੀਆਂ ਤੋਂ ਰਿਪੋਰਟ ਤੇ ਵੇਰਵੇ ਮੰਗ ਕੇ ਕਈ ਪਾਸਪੋਰਟ ਰੱਦ ਕੀਤੇ ਹਨ। ਪੀੜਤ ਪਰਿਵਾਰਾਂ ਦੇ ਦਰਦ ਨੂੰ ਸਮਝਦੇ ਹੋਏ, ਹੈਲਪ-ਲਾਈਨ ਜਾਰੀ ਕਰਕੇ ਇੱਕ ਕੋਰ ਕਮੇਟੀ ਬਣਾਈ ਹੈ। ਵਿਦੇਸ਼ੀ ਦੂਤਘਰਾਂ ਨੂੰ ਲਿਖ ਕੇ ਉੱਥੇ ਵਰਕ ਪਲੇਸ ਤੇ ਇਹਨਾਂ ਦੋਸ਼ੀਆਂ ਨੂੰ ਲੱਭ ਕੇ ਡਿਪੋਰਟ ਵੀ ਕਰਨਗੇ। ਇੱਥੇ ਵੀ ਬਹੁਤ ਮੁਸ਼ਕਲਾਂ ਹਨ, ਜਿਵੇਂ ਕਿ ਲਾੜਿਆਂ ਦਾ ਥਹੁ-ਪਤਾ, ਟਿਕਾਣਾ ਠੀਕ ਨਾ ਹੋਣਾ, ਉੱਥੇ ਗੈਰ ਕਾਨੂੰਨੀ ਰਹਿਣਾ ਤੇ ਫਿਰ ਘੋਸ਼ਿਤ ਦੋਸ਼ੀ ਵਾਪਸ ਹੀ ਨਹੀਂ ਪਰਤਦੇ ਤੇ ਨਾ ਹੀ ਉੱਥੇ ਪਾਸਪੋਰਟ ਵਰਤਦੇ ਹਨ। ਇੱਧਰ ਉਸ ਦੇ ਪਰਿਵਾਰ ਵਾਲੇ ਕਾਨੂੰਨ ਦੀ ਨਬਜ਼ ਪਛਾਣਦੇ ਹੋਏ ਉਸ ਦੀ ਬੇਦਖਲੀ ਦਾ ਡਰਾਮਾ ਕਰਦੇ ਹਨ।

ਪੰਜਾਬ ਦੇ ਇੱਕ ਸਾਬਕਾ ਮੰਤਰੀ ਦੇ ਸੁਝਾਅ ਸਨ ਕਿ ਸਰਕਾਰ ਇਹਨਾਂ ਪੀੜਤਾਂ ਨੂੰ ਨੌਕਰੀ ਅਤੇ ਮਾਇਕ ਸਹਾਇਤਾ ਦੇਵੇ ਤਾਂ ਕਿ ਇਹ ਮੁੜ ਨਵੇਂ ਸਿਰੇ ਤੋਂ ਆਪਣੀ ਜ਼ਿੰਦਗੀ ਸ਼ੁਰੂ ਕਰ ਸਕਣ। ਸੁਪਰੀਮ ਕੋਰਟ ਦੇ ਆਦੇਸ਼ਾਂ ਅਨੁਸਾਰ ਰਾਜ ਸਭਾ ਵਿੱਚ ਸਰਬ-ਸੰਮਤੀ ਨਾਲ ਪਾਸ ਕੀਤੇ ਗਏ ਬਿੱਲ ਤਹਿਤ 30 ਦਿਨਾਂ ਦੇ ਅੰਦਰ ਵਿਆਹ ਰਜਿਸਟਰ ਨਾ ਕਰਵਾਉਣ ਵਾਲੇ ਪ੍ਰਵਾਸੀ ਲਾੜਿਆਂ ਦੇ ਪਾਸਪੋਰਟ ਜ਼ਬਤ ਹੋਣਗੇ, ਜਿਸ ਨਾਲ ਔਰਤਾਂ ਦੀ ਸੁਰੱਖਿਆ ਵਧ ਜਾਵੇਗੀ। ਇਹ ਸੰਤਾਪ ਹੰਢਾ ਰਹੀਆਂ ਔਰਤਾਂ ਨੇ ਹੁਣ, "ਅਬ ਨਹੀਂ" ਵੈਲਫੇਅਰ ਸੁਸਾਇਟੀ ਵੀ ਬਣਾਈ ਹੈ ਜੋ ਅਜਿਹੇ ਪਰਿਵਾਰਾਂ ਦੀ ਸਮੂਹਿਕ ਆਵਾਜ਼ ਬਣ ਸਕਦੀ ਹੈ। ਸਭ ਤੋਂ ਵੱਧ ਸਮਾਜ ਅਤੇ ਪਰਿਵਾਰ ਨੂੰ ਇਸ ਮਸਲੇ ਬਾਰੇ ਗੰਭੀਰਤਾ ਨਾਲ ਸੋਚਣ ਅਤੇ ਵਿਚਾਰਨ ਦੀ ਲੋੜ ਹੈ। ਮਾਪੇ ਧੀਆਂ ਦਾ ਹੱਥ ਬਿਗਾਨੇ ਪੁੱਤਾਂ ਨੂੰ ਫੜਾਉਣ ਤੋਂ ਪਹਿਲਾਂ ਚੰਗੀ ਤਰ੍ਹਾਂ ਹਰ ਸੰਭਵ ਪੁੱਛ-ਪੜਤਾਲ ਤੇ ਉਸ ਦੇ ਪਿਛੋਕੜ ਬਾਰੇ ਜਾਣਕਾਰੀ ਹਾਸਲ ਕਰਨ। ਕਿਧਰੇ ਇੰਝ ਨਾ ਹੋਵੇ ਕਿ ਬਾਹਰ ਜਾਣ ਦਾ ਜਨੂੰਨ ਉਸ ਦੀ ਜ਼ਿੰਦਗੀ ਦਾ ਨਾਸੂਰ ਬਣ ਜਾਏ।





# ਮਨੁੱਖੀ ਜੀਵਨ ਲਈ ਖ਼ਤਰਾ ਬਦਲ ਰਹੀ ਹੈ ਆਬੋ-ਹਵਾ

**ਵਾਤਾਵਰਣ ਵਿੱਚ ਘੁਲ ਰਹੀ ਪ੍ਰਦੂਸ਼ਿਤ ਹਵਾ ਦੇ ਕਾਰਨ ਅੱਜ ਅਨੇਕਾਂ ਬਿਮਾਰੀਆਂ ਜਨਮ ਲੈ ਰਹੀਆਂ ਹਨ ਅਤੇ ਸਾਹ ਲੈਣ ਵਿੱਚ ਦਿੱਕਤ ਮਹਿਸੂਸ ਹੋਣ ਲੱਗ ਪਈ ਹੈ ਅਤੇ ਕਈ ਲੋਕ ਸਾਹ ਨਾਲ ਜੁੜੀਆਂ ਬਿਮਾਰੀਆਂ ਤੋਂ ਪੀੜ੍ਹਿਤ ਹੋ ਰਹੇ ਹਨ। ਅੱਜ ਸਮੇਂ ਦੀ ਮੰਗ ਹੀ ਵੱਡੇ-ਛੋਟੇ ਹਰ ਵਰਗ ਦੇ ਲੋਕਾਂ ਤੱਕ ਪ੍ਰਦੂਸ਼ਿਤ ਹੋ ਰਹੀ ਹਵਾ ਦੇ ਖ਼ਤਰਨਾਕ ਸਿੱਟਿਆਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਜਾਵੇ ਉੱਥੇ ਨਾਲ ਹੀ ਆਪਣੇ ਹਵਾ-ਪਾਣੀ ਨੂੰ ਸ਼ੁੱਧ ਨਿਰਮਲ ਕਿਵੇਂ ਰੱਖਣਾ ਹੈ ਬਾਰੇ ਵੀ ਚੇਤੰਨ ਕੀਤਾ ਜਾਵੇ।**

**ਇਕਵਾਕ ਸਿੰਘ**
ਸੁਲਤਾਨਵਿੰਡ ਰੋਡ, ਅੰਮ੍ਰਿਤਸਰ।

ਕਹਿੰਦੇ ਨੇ ਹਵਾ ਪ੍ਰਦੂਸ਼ਣ ਉਦੋਂ ਸ਼ੁਰੂ ਹੋਇਆ ਜਦੋਂ ਮਨੁੱਖ ਨੇ ਅੱਗ ਦੀ ਖੋਜ ਕੀਤੀ। ਅੱਜ ਜਦੋਂ ਹਵਾ ਪ੍ਰਦੂਸ਼ਨ ਸਮੁੱਚੀ ਮਨੁੱਖਤਾ ਲਈ ਇੱਕ ਵੱਡੀ ਸਮੱਸਿਆ ਵੱਜੋਂ ਉੱਭਰ ਕੇ



ਸਾਹਮਣੇ ਆ ਚੁੱਕਿਆ ਹੈ ਤਾਂ ਇਸ ਬਾਰੇ ਗੱਲ-ਬਾਤ ਵੀ ਸ਼ੁਰੂ ਹੋ ਗਈ ਹੈ, ਭਾਵੇਂ ਛੋਟੀਆਂ ਜਮਾਤਾਂ ਵਿੱਚ ਹੀ ਵੱਖੋ-ਵੱਖ ਤਰ੍ਹਾਂ ਦੇ ਪ੍ਰਦੂਸ਼ਣਾਂ ਅਤੇ ਉਹਨਾਂ ਦੇ ਖ਼ਤਰਿਆਂ ਬਾਰੇ ਜਾਣਕਾਰੀ ਵਿਦਿਆਰਥੀਆਂ ਦੀਆਂ ਪਾਠ-ਪੁਸਤਕਾਂ ਵਿੱਚ ਸ਼ਾਮਲ ਕਰ ਦਿੱਤੀ ਗਈ ਹੈ, ਪਰ ਬਾਵਜੂਦ ਇਸ ਦੇ ਪ੍ਰਦੂਸ਼ਣ ਪ੍ਰਤੀ ਆਪਣੀ ਜਿੰਮੇਵਾਰੀ ਨਿਭਾਉਣ ਲਈ ਕੋਈ ਸੰਜੀਦਾ ਜਾਂ ਗੰਭੀਰ ਨਜ਼ਰੀਂ ਨਹੀਂ ਆਉਂਦਾ।

5 ਜੂਨ ਨੂੰ ਵਿਸ਼ਵ ਭਰ ਵਿੱਚ 'ਵਾਤਾਵਰਨ ਦਿਵਸ' ਹੁੰਦਾ ਹੈ। ਇਸ ਵਾਰੀ ਦਾ ਵਿਸ਼ਾ 'ਹਵਾ ਦਾ ਪ੍ਰਦੂਸ਼ਣ' ਚੁਣਿਆ ਗਿਆ ਹੈ ਅਤੇ ਇਸ ਨੂੰ ਕੌਮਾਂਤਰੀ ਪੱਧਰ 'ਤੇ ਮਨਾਉਣ ਦਾ ਪ੍ਰਬੰਧ ਚੀਨ ਵਿੱਚ ਕੀਤਾ ਗਿਆ, ਜਿੱਥੋਂ ਸਮੁੱਚੇ ਵਿਸ਼ਵ ਲਈ ਹਵਾ ਪ੍ਰਦੂਸ਼ਣ ਪ੍ਰਤੀ ਸੁਚੇਤ ਹੋਣ ਲਈ ਸੁਨੇਹਾ ਜਾਵੇਗਾ। ਵੱਧ ਰਹੇ ਹਵਾ ਪ੍ਰਦੂਸ਼ਣ ਨਾਲ ਹੋਣ ਵਾਲੇ ਨੁਕਸਾਨ ਬਾਰੇ ਵੀ ਚਰਚਾ ਜ਼ਰੂਰੀ ਹੈ ਪਰ ਪਹਿਲਾਂ ਹਵਾ ਪ੍ਰਦੂਸ਼ਣ ਦੇ ਸੋਮਿਆਂ, ਕਾਰਣਾਂ ਨੂੰ ਵੀ ਸਮਝਣ ਦੀ ਕੋਸ਼ਿਸ਼ ਕਰਦੇ ਜਾਈਏ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਮੁਤਾਬਿਕ ਉਹਵਾ ਪ੍ਰਦੂਸ਼ਣ" ਦਾ ਮਤਲਬ ਵਾਤਾਵਰਣ ਵਿੱਚ ਅਜਿਹੇ ਠੋਸ, ਤਰਲ ਅਤੇ ਗੈਸਯੁਕਤ ਪਦਾਰਥਾਂ (ਸਮੇਤ ਸ਼ੋਰ) ਦਾ ਅਜਿਹੀ ਮਾਤਰਾ ਵਿੱਚ ਹੋਣਾ ਹੈ ਜਿਸ ਨਾਲ ਕਿ ਵਿਅਕਤੀਆ, ਹੋਰ ਜੀਵ-ਜੰਤੂਆਂ ਜਾਂ ਪੌਦਿਆਂ ਜਾਂ ਸੰਪਤੀ ਆਦਿ ਨੂੰ ਨੁਕਸਾਨ ਪੁੱਜਣ ਦਾ ਖਤਰਾ ਹੋਵੇ ।

ਹਵਾ ਪ੍ਰਦੂਸ਼ਣ ਦੇ ਮੁੱਖ ਸਰੋਤ ਮੰਨੇ ਗਏ ਹਨ:- ਇੱਕ ਕੁਦਰਤੀ ਸਰੋਤ ਅਤੇ ਦੂਜਾ ਗ਼ੈਰ ਕੁਦਰਤੀ ਸਤੋਰ ਜਾਂ ਕਹਿ ਸਕਦੇ ਹਾਂ ਮਨੁੱਖ ਵੱਲੋਂ ਨਿਰਮਾਣ ਕੀਤੇ ਗਏ ਸਰੋਤ। ਕੁਦਰਤੀ ਸਰੋਤਾਂ ਵਿੱਚ ਜਵਾਲਾਮੁਖੀਆਂ ਵਿੱਚੋਂ ਗੈਸਾਂ, ਜੰਗਲੀ ਅੱਗਾਂ ਅਤੇ ਜੈਵਿਕ ਸਾਹ ਲੈਣ ਦੀ ਪ੍ਰਕ੍ਰਿਆ। ਕਣ ਆਧਾਰਿਤ ਚੀਜਾਂ ਜਿਵੇਂ ਕਿ ਪੌਦਿਆਂ ਦੇ ਬੀਜਾਂ ਵਿੱਚੋਂ ਕਣ (ਪੋਲਨ ਗ੍ਰੇਨਜ ), ਬੈਕਟੀਰਿਆ ਆਦਿ, ਅਤੇ ਕੁਦਰਤੀ ਸੋਮਿਆਂ ਵਿੱਚੋਂ ਵਾਇਰਸ, ਪੁਲਾੜ ਵਿੱਚੋਂ ਕਣ ਸਬੰਧੀ ਚੀਜਾਂ, ਧਰਤੀ ਤੋਂ ਉਠਦਾ ਮਿੱਟੀ ਘੱਟਾ ਆਦਿ। ਇਸੇ ਤਰ੍ਹਾਂ ਗ਼ੈਰ ਕੁਦਰਤੀ ਸਰੋਤਾਂ ਅਧੀਨ - ਕਾਰਖਾਨਿਆਂ ਵਿੱਚੋਂ ਨਿਕਲਦਾ ਧੂੰਆਂ, ਗੱਡੀਆਂ, ਹਵਾਈ ਜਹਾਜ਼, ਰੇਲ ਸਮੇਤ ਰਸੋਈ ਅਤੇ ਘਰੇਲੂ ਗਰਮੀ ਕਰਕੇ ਉਠਦਾ ਧੂੰਆਂ, ਵਿਕਾਸ ਕਾਰਜਾਂ ਵਿੱਚੋਂ ਨਿਕਲਣ ਵਾਲਾ ਧੂੰਆਂ, ਕੂੜਾ ਕਰਕਟ ਆਦਿ ਸਾੜਨ ਵੇਲੇ ਪੈਦਾ ਹੋਣ ਵਾਲਾ ਧੂੰਆਂ, ਖੇਤੀਬਾੜੀ ਦੀ ਰਹਿੰਦ ਖੂਹੰਦ ਨੂੰ ਜਲਾਉਣਾ (ਪਰਾਲੀ/ਨਾੜ ਸਾੜਨਾ ਆਦਿ) ਸ਼ਾਮਲ ਹੈ।

ਜ਼ਿਕਰਯੋਗ ਹੈ ਕਿ ਇੱਕ ਰਿਪੋਰਟ ਦੇ ਅਨੁਸਾਰ ਦੁਨੀਆ ਵਿੱਚ ਜਿੰਨੇ ਲੋਕਾਂ ਦੀ ਮੌਤ ਹਵਾ ਪ੍ਰਦੂਸ਼ਣ ਨਾਲ ਹੁੰਦੀ ਹੈ, ਉਨ੍ਹਾਂ ਵਿੱਚ ਭਾਰਤ ਪਹਿਲੇ ਅਤੇ ਚੀਨ ਦੂਜੇ ਨੰਬਰ ਉੱਤੇ ਹੈ। ਭਾਰਤ ਵਿੱਚ ਹਵਾ ਪ੍ਰਦੂਸ਼ਣ ਤੇਜੀ ਨਾਲ ਵਧ ਰਿਹਾ ਹੈ। ਪਿਛਲੇ ਸਾਲ ਦੇਸ਼ ਭਰ ਵਿੱਚ ਹਵਾ ਪ੍ਰਦੂਸ਼ਣ ਦੇ ਕਾਰਨ 12 ਲੱਖ ਤੋਂ ਵੱਧ ਲੋਕਾਂ ਦੀ ਮੌਤ ਹੋਈ ਸੀ ਜੋ ਕਿ 70 ਸਾਲ ਤੋਂ ਘੱਟ ਉਮਰ ਦੇ ਸਨ। ਇੱਕ ਖ਼ਬਰ ਅਨੁਸਾਰ, ਪਿਛਲੇ ਸਾਲ ਦੇਸ਼ ਦੀ 77 ਫੀਸਦੀ ਜਨਸੰਖਿਆ ਉੱਤੇ ਦੂਸ਼ਿਤ ਹਵਾ ਦਾ ਪ੍ਰਭਾਵ ਰਿਹਾ। ਹਵਾ ਪ੍ਰਦੂਸ਼ਣ ਨਾਲ ਹੋਣ ਵਾਲੀਆਂ ਮੌਤਾਂ ਵਿੱਚ ਭਾਰਤ ਤੋਂ ਬਾਅਦ ਚੀਨ ਦਾ ਸਥਾਨ ਹੈ। ਸ਼ਾਇਦ ਇਹੀ ਕਾਰਣ ਹੈ ਕਿ ਇਸ ਵਾਰ 'ਵਾਤਾਵਰਨ ਦਿਵਸ' ਚੀਨ ਵਿੱਚ ਹੀ ਮਨਾਇਆ ਜਾ ਰਿਹਾ ਹੈ, ਕਿਉਂਕਿ ਇਸ ਵਾਰ ਦਾ ਥੀਮ ਵੀ ਜ਼ਹਿਰੀਲੀ ਹੋ ਰਹੀ ਸਾਡੀ ਆਬੋ-ਹਵਾ 'ਤੇ ਹੈ।

ਵਾਤਾਵਰਣ ਵਿੱਚ ਘੁਲ ਰਹੀ ਪ੍ਰਦੂਸ਼ਿਤ ਹਵਾ ਦੇ ਕਾਰਨ ਅੱਜ ਅਨੇਕਾਂ ਬਿਮਾਰੀਆਂ ਜਨਮ ਲੈ ਰਹੀਆਂ ਹਨ ਅਤੇ ਸਾਹ ਲੈਣ ਵਿੱਚ ਦਿੱਕਤ ਮਹਿਸੂਸ ਹੋਣ ਲੱਗ ਪਈ ਹੈ ਅਤੇ ਕਈ ਲੋਕ ਸਾਹ ਨਾਲ ਜੁੜੀਆਂ ਬਿਮਾਰੀਆਂ ਤੋਂ ਪੀੜ੍ਹਿਤ ਹੋ ਰਹੇ ਹਨ। ਗਲੇ ਜਾਂ ਨੱਕ ਦੀ ਅਲਰਜੀ ਵਿੱਚ ਵਾਧਾ ਹੋ ਰਿਹਾ ਹੈ। ਅੱਜ ਸਮੇਂ ਦੀ ਮੰਗ ਹੀ ਵੱਡੇ-ਛੋਟੇ ਹਰ ਵਰਗ ਦੇ ਲੋਕਾਂ ਤੱਕ ਪ੍ਰਦੂਸ਼ਿਤ ਹੋ ਰਹੀ ਹਵਾ ਦੇ ਖ਼ਤਰਨਾਕ ਸਿੱਟਿਆਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਜਾਵੇ ਉੱਥੇ ਨਾਲ ਹੀ ਆਪਣੇ ਹਵਾ-ਪਾਣੀ ਨੂੰ ਸ਼ੁੱਧ ਨਿਰਮਲ ਕਿਵੇਂ ਰੱਖਣਾ ਹੈ ਬਾਰੇ ਵੀ ਚੇਤੰਨ ਕੀਤਾ ਜਾਵੇ। ਇਹ ਕੰਮ ਕੇਵਲ ਸਰਕਾਰਾਂ ਦੇ ਮੱਥੇ ਮੜ੍ਹ ਕੇ ਗੁਜ਼ਾਰਾ ਨਹੀਂ ਹੋਣਾ। ਸਾਨੂੰ ਸਮਾਜਿਕ, ਧਾਰਮਿਕ, ਰਾਜਨੀਤਿਕ ਸੰਸਥਾਵਾਂ ਸਮੇਤ ਆਪਣੇ ਨਿੱਜੀ ਪੱਧਰ ਉੱਤੇ ਵੀ ਉਪਰਾਲੇ ਕਰਨੇ ਪੈਣਗੇ। ਜੇ ਅਜਿਹਾ ਕਰਨ ਵਿੱਚ ਕਾਮਯਾਬ ਹੁੰਦੇ ਹਾਂ ਤਾਂ ਵੱਡੇ ਪੱਧਰ ਤੇ ਹਵਾ-ਪਾਣੀ ਆਦਿ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾ ਸਕਦੇ ਹਾ ਅਤੇ ਆਪਣੇ ਭਵਿੱਖੀ ਮਨੁੱਖੀ ਨਸਲ ਨੂੰ ਸ਼ੁੱਧ/ਨਿਰਮਲ ਵਾਤਾਵਰਨ ਦੇਣ ਦੇ ਸਮਰੱਥ ਹੋ ਸਕਦੇ ਹਾਂ। ਆਉ! ਹਵਾ ਪ੍ਰਦੂਸ਼ਨ ਨੂੰ ਘਟਾਉਣ ਦੇ ਢੰਗ ਤਰੀਕਿਆਂ ਤੇ ਚਰਚਾ ਕਰਦੇ ਹਾਂ। ਸਾਨੂੰ ਸਾਫ ਬਾਲਣ (ਜਿਵੇਂ ਕਿ ਸੀ.ਐਨ. ਜੀ.) ਵਗੈਰਾ ਦੀ ਵਰਤੋਂ ਕਰਨੀ ਚਾਹੀਦੀ ਹੈ। ਆਪਣੀ ਗੱਡੀਆਂ ਵਿੱਚੋਂ ਨਿਕਲਣ ਵਾਲੇ ਧੂੰਏ ਦੀ ਸਮੇਂ ਸਮੇਂ ਤੇ ਜਾਂਚ ਕਰਵਾਉਂਦੇ ਰਹਿਣਾ ਚਾਹੀਦਾ ਹੈ। ਇਸੇ ਤਰ੍ਹਾਂ ਉਦਯੋਗਾਂ, ਫ਼ੈਕਟਰੀਆਂ ਵਿੱਚੋਂ ਨਿਕਲਣ ਵਾਲੇ ਧੂੰਏਂ ਨੂੰ ਵਿਸ਼ੇਸ਼ ਤਕਨੀਕਾਂ ਰਾਹੀਂ ਕਾਬੂ ਕਰਨ ਦੇ ਜਤਨ ਕਰਨੇ ਚਾਹੀਦੇ ਹਨ। ਵੱਧ ਤੋਂ ਵੱਧ ਰੁੱਖ ਲਗਾਉਣ ਦੀ ਕੋਸ਼ਿਸ਼ ਅਤੇ ਹੋਰਨਾਂ ਨੂੰ ਰੁੱਖ ਲਗਾਉਣ ਲਈ ਪ੍ਰੇਰਿਤ ਕਰਦੇ ਹੀ ਰਹਿਣਾ ਚਾਹੀਦਾ ਹੈ। ਆਪਣੇ ਘਰ ਜਾਂ ਚੌਗਿਰਦੇ ਨੂੰ ਹਰਿਆ ਭਰਿਆ ਰੱਖਣ ਲਈ ਧੁੱਪ ਅਤੇ ਛਾਂ ਦੇ ਪ੍ਰਭਾਵ ਨੂੰ ਦੇਖਦੇ ਹੋਏ ਵੱਖ-ਵੱਖ ਕਿਸਮਾਂ ਦੇ ਬੂਟੇ, ਰੁੱਖ ਜਾਂ ਗਮਲਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ। ਘਰਾਂ ਜਾਂ ਫੈਕਟਰੀਆਂ ਦੀਆਂ ਚਿਮਨੀਆਂ ਲੰਮੀਆਂ/ਉੱਚੀਆਂ ਲਗਾਈਆਂ ਜਾਣ ਤਾਂ ਕਿ ਪ੍ਰਦੂਸ਼ਣ ਵਾਤਾਵਰਣ ਦੀਆਂ ਉਪਰਲੀਆਂ ਤਹਿਆਂ ਵਿੱਚ ਜਾਵੇ ਅਤੇ ਧਰਤੀ ਦੀਆਂ ਨੇੜਲੀਆਂ ਤਹਿਆਂ ਸਾਫ ਰਹਿ ਸਕਣ। ਨਾਵ ਸਾੜਨ ਦੀ ਥਾਂ ਇਸਦੀ ਸਦਵਰਤੋਂ ਯਕੀਨੀ ਬਣਾਈ ਜਾਵੇ। ਹਵਾ ਨੂੰ ਪ੍ਰਦੂਸ਼ਿਤ ਕਰਨ ਵਾਲੇ ਵਿਅਕਤੀ ਵਿਸ਼ੇਸ਼ ਜਾਂ ਸੰਸਥਾ ਵਿਰੁੱਧ ਭਾਰੀ ਜ਼ੁਰਮਾਨਾ ਅਤੇ ਸਜ਼ਾ ਵਰਗਾ ਕਾਨੂੰਨ ਸਖਤੀ ਨਾਲ ਪਾਸ ਅਤੇ ਲਾਗੂ ਕੀਤਾ ਜਾਵੇ।

ਦੋਸਤੋ! ਆਪਣੇ ਲਈ ਆਪਣਿਆਂ ਲਈ ਆਪਣੇ ਵਾਤਾਵਰਨ ਨੂੰ ਬਚਾਉਣਾ ਸਾਡੀਆ ਸਾਰਿਆਂ ਦੀ ਬਰਾਬਰ ਜਿੰਮੇਵਾਰੀ ਹੈ। ਅੱਜ 80 ਫੀਸਦੀ ਦੁਨੀਆ ਦੀ ਆਬਾਦੀ ਪ੍ਰਦੂਸ਼ਨ ਦੇ ਅਸੁਰੱਖਿਅਤ ਪੱਧਰ ਵਿੱਚ ਸਾਹ ਲੈ ਰਹੀ ਹੈ। ਸੰਨ 2014 ਦੀ ਵਰਲਡ ਹੈਲਥ ਆਰਗੇਨਾਈਜੇਜ਼ ਦੀ ਰਿਪੋਰਟ ਦੇ ਅਨੁਸਾਰ ਸਾਲ 2012 ਵਿਚ ਹਵਾ ਦੇ ਪ੍ਰਦੂਸ਼ਣ ਨੇ ਦੁਨੀਆ ਭਰ ਵਿਚ ਤਕਰੀਬਨ 7 ਮਿਲੀਅਨ ਲੋਕਾਂ ਦੀ ਮੌਤ ਦਾ ਅੰਦਾਜ਼ਾ ਲਾਇਆ, ਜੋ ਇਕ ਅੰਦਾਜ਼ੇ ਅਨੁਸਾਰ ਅੰਤਰਰਾਸ਼ਟਰੀ ਊਰਜਾ ਏਜੰਸੀ ਦੁਆਰਾ ਦੁਹਰਾਇਆ ਜਾਂਦਾ ਹੈ। ਸੋ ਆਓ! ਆਪਣੀ ਜਿੰਮੇਵਾਰੀ ਪਹਿਚਾਣੀਏ ਅਤੇ ਆਪਣੇ ਪਉਣ ਪਾਣੀ ਨੂੰ ਸਾਫ ਸੁਥਰਾ ਰੱਖਣ ਲਈ ਜਤਨਸ਼ੀਲ ਹੋਈਏ। ਗੁਰੂ ਰਾਖਾ।



## 'ਗਰਮ ਨਿੰਬੂ ਪਾਣੀ' ਸਿਹਤ ਲਈ ਗੁਣਕਾਰੀ

ਸਭ ਤੋਂ ਪਹਿਲਾਂ ਸਵੇਰ ਦੇ ਸਮੇਂ ਜ਼ਿਆਦਾਤਰ ਲੋਕ ਆਪਣੇ ਦਿਨ ਦੀ ਸ਼ੁਰੂਆਤ ਕੌਫੀ ਜਾਂ ਚਾਹ ਨਾਲ ਕਰਦੇ ਹਨ ਪਰ ਕੀ ਤੁਸੀਂ ਜਾਣਦੇ ਹੋ ਕਿ ਸਵੇਰੇ ਉੱਠ ਕੇ ਗਰਮ ਨਿੰਬੂ ਪਾਣੀ ਨਾਲ ਵੀ ਤੁਹਾਡੇ ਸਰੀਰ ਨੂੰ ਬੇਹੱਦ ਫਾਇਦੇ ਪਹੁੰਚਦੇ ਹਨ। ਤੁਸੀਂ ਗਰਮ ਪਾਣੀ ਵਿਚ ਨਿੰਬੂ ਦੀ ਕੁਝ ਬੂੰਦਾਂ ਪਾ ਕੇ ਇਸ ਹੈਲਦੀ ਡਰਿੰਕ ਨੂੰ ਆਪਣੇ ਦਿਨ ਦਾ ਹਿੱਸਾ ਬਣਾ ਸਕਦੇ ਹੋ। ਗਰਮ ਪਾਣੀ ਵਿਚ ਨਿੰਬੂ ਮਿਲਾ ਕੇ ਪੀਣ ਨਾਲ ਹੋਣ ਵਾਲੇ ਫਾਇਦੇ ਤੁਹਾਨੂੰ ਚਾਹ ਅਤੇ ਕੌਫੀ ਤੋਂ ਦੂਰੀ ਬਣਾਉਣ ਲਈ ਮਜਬੂਰ ਕਰ ਦੇਣਗੇ।

ਸਵੇਰੇ ਉੱਠ ਕੇ ਗੁਣਗੁਣੇ ਪਾਣੀ ਵਿਚ ਨਿੰਬੂ ਦੇ ਰਸ ਦੀ ਕੁਝ ਬੂੰਦਾਂ ਮਿਲਾ ਕੇ ਪੀਣਾ ਬਹੁਤ ਫਾਇਦੇਮੰਦ ਹੈ। ਦੱਸਣਯੋਗ ਹੈ ਕਿ ਨੈਸ਼ਨਲ ਇੰਸਟੀਚਿਊਟ ਆਫ ਨਿਊਟਰੀਸ਼ਨ ਦੀ ਰਿਪੋਰਟ ਮੁਤਾਬਕ 31 ਫੀਸਦੀ ਪੁਰਸ਼ ਅਤੇ 26 ਫੀਸਦੀ ਔਰਤਾਂ ਹਾਈਪਰਟੈਨਸ਼ਨ ਦਾ ਸ਼ਿਕਾਰ ਹੁੰਦੀਆਂ ਹਨ। ਇਸ 'ਤੇ ਕਾਬੂ ਕਰਨ ਲਈ ਇਕ ਸੁਪਰਫੂਡ ਨਿੰਬੂ ਹੈ। ਇਹ ਨਾ ਸਿਰਫ ਬਲੱਡ ਪ੍ਰੈਸ਼ਰ ਨੂੰ ਘੱਟ ਕਰਦਾ ਹੈ ਸਗੋਂ ਬਲੱਡ ਨਾੜੀਆਂ ਨੂੰ ਮੁਲਾਇਮ ਅਤੇ ਲਚਕੀਲਾ ਬਣਾਉਂਦਾ ਹੈ।

**ਗਰਮ ਨਿੰਬੂ ਪਾਣੀ ਪੀਣ ਨਾਲ ਹੋਣ ਵਾਲੇ ਫਾਇਦੇ** : ਪਾਚਨ ਵਿਚ ਮਦਦਗਾਰ: ਅਸੀਂ ਜੋ ਖਾਣਾ ਖਾਂਦੇ ਹਾਂ, ਉਹ ਫੂਡ ਪਾਈਪ ਦੇ ਜ਼ਰੀਏ ਪਾਸ ਹੁੰਦਾ ਹੈ। ਜਦੋਂ



ਅਸੀਂ ਚੰਗੀ ਨੀਂਦ ਲੈ ਕੇ ਉੱਠਦੇ ਹਾਂ ਤਾਂ ਖਾਣੇ ਦੀ ਰਹਿੰਦ-ਖੂਹੰਦ ਫੂਡ ਪਾਈਪ ਵਿਚ ਫਸੇ ਰਹਿ ਜਾਂਦੀ ਹੈ ਅਤੇ ਗਰਮ ਨਿੰਬੂ ਪਾਣੀ ਪੀਣ ਨਾਲ ਰਹਿੰਦ-ਖੂਹੰਦ ਬਾਹਰ ਨਿਕਲ ਜਾਂਦੀ ਹੈ।

**ਭਾਰ ਘਟਾਉਣ ਵਿਚ ਮਦਦ:** ਗਰਮ ਨਿੰਬੂ ਪਾਣੀ ਮੈਟਾਬਲੀਜ਼ਮ ਵੀ ਵਧਾਉਂਦਾ ਹੈ ਅਤੇ ਫੈਟ ਬਰਨ ਹੁੰਦਾ ਹੈ, ਜਿਸ ਦੇ ਨਾਲ ਭਾਰ ਕੰਟਰੋਲ ਕਰਨ ਵਿਚ ਮਦਦ ਮਿਲਦੀ ਹੈ। ਜਦਕਿ ਸਵੇਰੇ ਉੱਠ ਕੇ ਚਾਹ ਜਾਂ ਕੌਫੀ ਪੀਣ ਨਾਲ ਸਰੀਰ ਵਿਚ ਕੋਲੈਸਟਰੋਲ ਦੀ ਮਾਤਰਾ ਤਾਂ ਵੱਧਦੀ ਹੈ ਹੀ, ਨਾਲ ਹੀ ਸ਼ੂਗਰ ਦੇ ਪੱਧਰ 'ਤੇ ਵੀ ਅਸਰ ਪੈਂਦਾ ਹੈ।

**ਖੂਬਸੂਰਤ ਸਕਿਨ:** ਨਿੰਬੂ ਵਿਚ ਵਿਟਾਮਿਨ-ਸੀ ਪਾਇਆ ਜਾਂਦਾ ਹੈ, ਇਸ ਨਾਲ ਤੁਹਾਡੀ ਸਕਿਨ ਹੈਲਦੀ ਹੁੰਦੀ ਹੈ। ਸਕਿਨ ਕੇਅਰ ਵਿਚ ਹਾਈਡਰੇਸ਼ਨ ਵੀ ਬਹੁਤ ਅਹਿਮ ਹੈ। ਸਵੇਰੇ ਗਰਮ ਨਿੰਬੂ ਪਾਣੀ ਪੀਣ ਨਾਲ ਜ਼ਹਿਰੀਲੇ ਪਦਾਰਥ ਬਾਹਰ ਨਿਕਲ ਜਾਂਦੇ ਹਨ ਅਤੇ ਸਕਿਨ ਵਿਚ ਨਿਖਾਰ ਆਉਂਦਾ ਹੈ।

ਲੀਵਰ ਦੀ ਸਿਹਤ: ਲੀਵਰ ਦੀ ਸਿਹਤ ਮੈਟਾਬਲੀਜ਼ਮ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹੈ ਅਤੇ ਗਰਮ ਨਿੰਬੂ ਪਾਣੀ ਪੀਣ ਨਾਲ ਲੀਵਰ ਸਾਫ ਹੁੰਦਾ ਹੈ। ਲੀਵਰ ਪੂਰੀ ਰਾਤ ਸਰਗਰਮ ਰਹਿੰਦਾ ਹੈ।

# ਗੁਰਗੱਦੀ ਸ੍ਰੀ ਗੁਰੂ ਹਰਗੋਬਿੰਦ ਜੀ 'ਤੇ ਵਿਸ਼ੇਸ਼

**ਪ੍ਰਮਿੰਦਰ ਸਿੰਘ ਪ੍ਰਵਾਨਾ**
(510-781-0487)

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਜੀ ਨੇ ਲੋਕ ਭਲਾਈ ਦੇ ਸੰਕਲਪ ਤਹਿਤ ਚਾਰੋਂ ਦਿਸ਼ਾਵਾਂ ਵਿਚ 'ਉਦਾਸੀਆਂ' ਕੀਤੀਆਂ। ਸਿੱਖ ਗੁਰੂਆਂ ਨੇ ਵੀ ਇਸ ਕਾਰਜ ਨੂੰ ਜਾਰੀ ਰੱਖਦਿਆਂ ਸਮੇਂ-ਸਮੇਂ ਧਰਮ ਪ੍ਰਚਾਰ ਲਈ ਦੂਰ-ਦੂਰ ਤਕ ਦੌਰੇ ਕੀਤੇ। ਇਸੇ ਤਰ੍ਹਾਂ ਹੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਕਾਫ਼ੀ ਲੰਮਾ ਸਮਾਂ ਪ੍ਰਚਾਰਕ ਦੌਰੇ ਕੀਤੇ। ਪ੍ਰਿਥੀ ਚੰਦ ਦੀ ਗੁਰਗੱਦੀ ਤੋਂ ਵਾਂਝੇ ਰਹਿਣ ਦੀ ਈਰਖਾ ਵੀ ਬਰਾਬਰ ਚਲਦੀ ਰਹੀ। ਗੁਰੂ ਅਰਜਨ ਦੇਵ ਜੀ ਜਦੋਂ ਅੰਮ੍ਰਿਤਸਰ ਤੋਂ ਦੌਰਾ ਸ਼ੁਰੂ ਕਰਕੇ ਗੋਇੰਦਵਾਲ ਕਰਤਾਰਪੁਰ ਤੋਂ ਹੁੰਦੇ ਹੋਏ ਵਾਪਸ ਅੰਮ੍ਰਿਤਸਰ ਪਹੁੰਚੇ, ਤਾਂ ਉਥੇ ਨੇੜਲੇ ਪਿੰਡ ਵਡਾਲੀ ਵਿਖੇ ਬਾਲ (ਗੁਰੂ) ਹਰਗੋਬਿੰਦ ਜੀ ਦਾ ਆਗਮਨ ਹੋਇਆ। ਆਪ ਜੀ ਦੇ ਸਮਕਾਲੀ ਮੁਗ਼ਲ ਬਾਦਸ਼ਾਹ ਜਹਾਂਗੀਰ ਅਤੇ ਸ਼ਾਹ ਜਹਾਨ ਰਹੇ।

ਜਦ ਗੁਰੂ ਅਰਜਨ ਦੇਵ ਜੀ ਦੇ ਗ੍ਰਹਿ ਵਿਖੇ ਹਰਿਗੋਬਿੰਦ ਜੀ ਦਾ ਆਗਮਨ ਹੋਇਆ, ਤਾਂ ਪ੍ਰਿਥੀ ਚੰਦ ਨੂੰ ਵੱਡੀ ਸੱਟ ਵੱਜੀ ਕਿਉਂਕਿ ਉਹ ਗੁਰਗੱਦੀ 'ਤੇ ਆਪਣੇ ਪੁੱਤਰ ਮਿਹਰਵਾਨ ਨੂੰ ਬਿਠਾਉਣਾ ਚਾਹੁੰਦਾ ਸੀ। ਪ੍ਰਿਥੀ ਚੰਦ ਨੇ ਆਪਣੀ ਪਤਨੀ ਨਾਲ ਮਿਲ ਕੇ ਬਾਲ ਗੁਰੂ ਹਰਗੋਬਿੰਦ ਜੀ ਨੂੰ ਮੁਕਾਉਣ ਦੀਆਂ ਅਸਫ਼ਲ ਕੋਸ਼ਿਸ਼ਾਂ ਕੀਤੀਆਂ। ਗੁਰੂ-ਪਿਤਾ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੀ ਵਿਦਿਆ ਦਾ ਸੁਚੱਜਾ ਪ੍ਰਬੰਧ ਕੀਤਾ। ਬਾਬਾ ਬੁੱਢਾ ਜੀ ਦੀ ਦੇਖ ਰੇਖ ਵਿਚ ਦੁਨਿਆਵੀ ਵਿਦਿਆ ਤੋਂ ਇਲਾਵਾ ਘੋੜਸਵਾਰੀ, ਨੇਜ਼ਾਬਾਜ਼ੀ, ਬੰਦੂਕ ਆਦਿ ਪ੍ਰਚਲਤ ਸ਼ਸਤਰਾਂ ਨੂੰ ਚਲਾਉਣ ਵਿਚ ਪੱਕਿਆਂ ਕੀਤਾ।

ਜਦੋਂ ਗੁਰੂ ਹਰਗੋਬਿੰਦ ਜੀ ਦੀ ਉਮਰ 11 ਕੁ ਸਾਲ ਦੀ ਸੀ, ਤਦ ਹੀ ਬਾਦਸ਼ਾਹ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਵਿਚ ਤਲਬ ਕੀਤਾ। ਸਮਰੱਥ ਗੁਰੂ ਜਾਣ ਗਏ ਸਨ ਕਿ ਮੁੜ ਨਹੀਂ ਪਰਤਣਾ। ਇਸ ਲਈ ਹੁਣ ਕੌਮ ਨੂੰ ਜ਼ੁਲਮ ਵਿਰੁੱਧ ਸ਼ਸਤਰ ਚੁੱਕਣੇ ਪੈਣਗੇ। ਉਨ੍ਹਾਂ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਸੁਚੇਤ ਕਰ ਦਿੱਤਾ ਕਿ ਗੁਰਗੱਦੀ ਤੇ ਸ਼ਾਸਤਰਧਾਰੀ ਹੋ ਕੇ ਬੈਠਣਾ ਹੈ। ਦੁਸ਼ਮਣ ਖਿਲਾਫ਼ ਫੌਜ ਵੀ ਰੱਖਣੀ ਹੈ। ਇਹੀ ਫੌਜ ਨੂੰ ਅੱਗੇ ਜਾ ਕੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਫੌਜੀ ਖਾਲਸੇ ਦਾ ਰੂਪ ਦਿੱਤਾ।



ਗੁਰੂ ਹਰਗੋਬਿੰਦ ਸਾਹਿਬ ਜੀ 25 ਮਈ 1606 ਈ. ਨੂੰ ਗੁਰਗੱਦੀ 'ਤੇ ਬਿਰਾਜਮਾਨ ਹੋਏ। ਪ੍ਰਚਲਤ ਪ੍ਰੰਪਰਾ ਵਿਚ ਆਪ ਜੀ ਨੂੰ ਸੇਲੀ ਟੋਪੀ ਪੇਸ਼ ਕੀਤੀ ਗਈ, ਜਿਸ ਦਾ ਤਿਆਗ ਕਰ ਕੇ ਗੁਰਾਂ ਨੇ ਦੋ ਤਲਵਾਰਾਂ ਬੱਧੀਆਂ, ਇਕ ਪੀਰੀ ਦੀ ਤੇ ਇਕ ਮੀਰੀ ਦੀ। ਇਕ ਰੂਹਾਨੀ ਅਗਵਾਈ ਵਾਸਤੇ ਦੂਸਰੀ ਸੰਸਾਰੀ ਅਗਵਾਈ ਵਾਸਤੇ। ਉਨ੍ਹਾਂ ਮਰਹੱਟਾ ਗੁਰੂ ਸਮਰੱਥ ਰਾਮਦਾਸ ਨੂੰ ਸਪੱਸ਼ਟ ਕੀਤਾ ਕਿ ਸ਼ਸ਼ਤਰ ਧਾਰਨ ਕਰਨ 'ਤੇ ਵੀ ਅੰਤਰ ਮੁਖੀ ਸਾਧੂ ਤੇ ਬਾਹਰ ਮੁਖੀ ਰਾਜੇ ਹਾਂ। ਸ਼ਸਤਰ ਗਰੀਬ ਦੀ ਰਾਖੀ, ਅਤਿਆਚਾਰ ਨੂੰ ਨਾਸ਼ ਕਰਨ ਲਈ ਹਨ। ਹਥਿਆਰਬੰਦ ਹੋਣਾ ਗਰੀਬ ਦੀ ਰੱਖਿਆ ਲਈ ਹੀ ਤਾਂ ਹੈ। ਗੁਰੂ ਜੀ ਨੇ ਸਾਰੇ ਪੰਥ ਨੂੰ ਵੀ ਹਥਿਆਰਬੰਦ ਹੋਣ ਦਾ ਐਲਾਨ ਕੀਤਾ। ਉਨ੍ਹਾਂ ਨੇ ਸੰਗਤਾਂ ਨੂੰ ਹਦਾਇਤ ਕੀਤੀ ਕਿ ਭੇਟਾ ਵਿਚ ਚੰਗੇ ਸ਼ਸਤਰ, ਚੰਗੇ ਘੋੜੇ ਅਤੇ ਜੁਆਨੀਆਂ ਸ਼ਾਮਲ ਹੋਣ। ਜੁਆਨੀਆਂ ਕਾਇਮ ਰੱਖਣ ਲਈ ਵਰਜਿਸ਼, ਕੁਸ਼ਤੀਆਂ, ਘੋੜ ਸਵਾਰੀ ਕਰੋ, ਗੱਤਕਾ ਅਤੇ ਸ਼ਿਕਾਰ ਵੀ ਖੇਡੋ। ਆਜ਼ਾਦ ਦਿੱਖ ਬਣਾ ਕੇ ਰੱਖੋ। ਚੰਗੇ ਘੋੜਿਆਂ ਦਾ ਵਪਾਰ ਹੋਣ ਲੱਗਾ। ਸਿੱਖ ਚੰਗੇ ਘੋੜਿਆਂ ਦੇ ਪਾਰਖੂ ਬਣ ਗਏ। ਆਰਥਿਕ ਉਨਤੀ ਹੋਣ ਲੱਗੀ। ਜ਼ੁਲਮ ਦਾ ਨਾਸ਼ ਕਰਨ ਲਈ ਕੌਮ ਵਿਚ ਬੀਰਰਸ ਭਰ ਦਿੱਤਾ। ਕੌਮ ਨੂੰ ਬਕਾਇਦਾ ਫੌਜੀ ਸਿਖਲਾਈ ਦੇਣ ਦਾ ਪ੍ਰਬੰਧ ਹੋਇਆ। ਚੜ੍ਹਦੀ ਕਲਾ ਦਾ ਦੌਰ ਸ਼ੁਰੂ ਹੋਇਆ। ਇਸ ਤਰ੍ਹਾਂ ਸੰਤ ਸਿਪਾਹੀ ਅਤੇ ਸੂਰਬੀਰ ਧਰਮੀ ਯੋਧਿਆਂ ਦੀ ਕੌਮ ਹੋਂਦ ਵਿਚ ਆਉਣ ਲੱਗੀ।

ਸੂਰਬੀਰਾਂ ਦੀ ਕੌਮ ਦੇ ਵਿਕਾਸ ਅਤੇ ਉਤਸ਼ਾਹ ਲਈ ਲੋਹਗੜ੍ਹ ਦਾ ਕਿਲ੍ਹਾ ਬਣਾਇਆ। ਅੰਮ੍ਰਿਤਸਰ ਸ਼ਹਿਰ ਨੂੰ, ਜਿੱਥੇ ਵਪਾਰਕ ਕੇਂਦਰ ਬਣਾਇਆ, ਉਥੇ ਖੁਦਮੁਖਤਿਆਰ ਵੀ ਬਣਾਇਆ ਕਿ ਸਿੱਖ ਕਿਸੇ ਬਾਹਰਲੇ ਦਾ ਦਾਬਾ ਸਹਿਣ ਨਹੀਂ ਕਰਨਗੇ। ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਕੀਤੀ। ਸ੍ਰੀ ਅਕਾਲ ਤਖਤ ਸਾਹਿਬ ਗੁਰੂ ਸਾਹਿਬ ਦੀ ਸੰਸਾਰਿਕ ਗੱਦੀ ਸੀ। ਸੰਗਤਾਂ ਹਮੇਸ਼ਾ ਦੀ ਤਰ੍ਹਾਂ ਦਰਬਾਰ ਸਾਹਿਬ ਜੁੜਦੀਆਂ। ਗੁਰਬਾਣੀ, ਕਥਾ ਕੀਰਤਨ, ਹੁੰਦਾ, ਢਾਡੀ ਵਾਰਾਂ ਗਾਈਆਂ ਜਾਂਦੀਆਂ। ਦੁਪਹਿਰ ਤੋਂ ਬਾਅਦ ਸੰਗਤਾਂ ਦਾ ਰੁਖ ਸ੍ਰੀ ਅਕਾਲ ਤਖਤ ਸਾਹਿਬ ਵੱਲ ਹੁੰਦਾ। ਸਰੀਰਕ ਕਸਰਤਾਂ ਦੇ ਨਾਲ-ਨਾਲ ਲੜਾਈ ਦੇ ਢੰਗ ਸਿਖਾਏ ਜਾਂਦੇ। ਸੂਰਮਿਆਂ ਦੀਆਂ ਵਾਰਾਂ ਸਿੱਖਾਂ ਦੇ ਮਨਾਂ ਵਿਚ ਬੀਰਤਾ ਭਰਦੀਆਂ। ਬੀਰ ਨਗਾਰੇ ਵੱਜਣ ਲੱਗੇ। ਨਿਸ਼ਾਨ ਸਾਹਿਬ ਝੂਲਣ ਲੱਗੇ। ਯੋਧੇ ਇਕੱਠੇ ਹੋਣ ਲੱਗੇ, ਹਥਿਆਰਬੰਦ ਦਸਤੇ ਰਾਤਾਂ ਨੂੰ ਮਸ਼ਾਲਾਂ ਬਾਲ ਕੇ ਗਸ਼ਤ ਕਰਨ ਲੱਗੇ। ਸਿੱਖ ਮਸਲੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਨਜਿੱਠ ਹੋਣ ਲੱਗੇ। ਗੁਰੂ ਜੀ ਨੇ ਕਿਹਾ ਕਿ ਆਪਸੀ ਮਾਮਲਿਆਂ ਲਈ ਸਰਕਾਰੇ-ਦਰਬਾਰੇ ਜਾਣ ਦੀ ਜ਼ਰੂਰਤ ਨਹੀਂ ਹੈ।

ਗੁਰੂ ਜੀ ਨੇ 52 ਯੋਧਿਆਂ ਨੂੰ ਨਿੱਜੀ ਤੌਰ 'ਤੇ ਆਪਣੇ ਨਾਲ ਰੱਖ ਲਿਆ, ਜਿਸ ਨਾਲ ਅੱਗੇ ਜਾ ਕੇ ਖ਼ਾਲਸਾ ਫੌਜ ਬਣਨ ਦਾ ਮੁੱਢ ਬੱਝਾ। ਮਾਝੇ, ਮਾਲਵੇ ਅਤੇ ਦੁਆਬੇ ਵਿਚੋਂ 500 ਯੋਧੇ ਗੁਰੂ ਜੀ ਨਾਲ ਆਣ ਰਲੇ, ਜਿਨ੍ਹਾਂ ਨੇ ਮਰ ਮਿਟਣ ਦਾ ਪ੍ਰਣ ਲਿਆ। ਚੰਦੂ ਵਰਗੇ ਰਾਜ ਪ੍ਰਬੰਧਕਾਂ ਨੇ ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਗੁਰੂ ਜੀ ਨੇ ਆਪਣਾ ਤਖਤ ਬਣਾ ਲਿਆ ਹੈ। ਉਹ ਰਾਜਸੀ ਸ਼ਕਤੀ ਦੀ ਨੀਂਹ ਰੱਖ ਰਹੇ ਹਨ। ਉਹ ਫੈਸਲੇ ਆਪ ਕਰਨ ਲੱਗ ਪਏ ਹਨ। ਲੋਕ ਉਨ੍ਹਾਂ ਨੂੰ ਸੱਚਾ ਪਾਤਿਸ਼ਾਹ ਕਹਿੰਦੇ ਹਨ। ਉਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਬਦਲਾ ਜ਼ਰੂਰ ਲੈਣਗੇ। ਇਹ ਸਭ ਕਾਰਵਾਈਆਂ ਮੁਗ਼ਲ ਹਕੂਮਤ ਲਈ ਵੱਡਾ ਖ਼ਤਰਾ ਹਨ। ਇਨ੍ਹਾਂ ਨੂੰ ਸਮੇਂ ਸਿਰ ਦਬਾ ਦੇਣਾ ਚਾਹੀਦਾ ਹੈ। ਸ਼ਹਿਨਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਦਿੱਲੀ ਬੁਲਾਉਣ ਦਾ ਹੁਕਮ ਭੇਜ ਦਿੱਤਾ। ਗੁਰੂ ਜੀ 300 ਯੋਧਿਆਂ ਨਾਲ ਦਿੱਲੀ ਚਲੇ ਗਏ।

ਬਾਦਸ਼ਾਹ ਨੇ ਗੱਲਬਾਤ ਵਿਚੋਂ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਚੱਲ ਰਹੀਆਂ ਸਿੱਖਾਂ ਦੀਆਂ ਕਾਰਵਾਈਆਂ ਮੁਗ਼ਲ ਰਾਜ ਲਈ ਖ਼ਤਰਾ ਤਾਂ ਨਹੀਂ ਹਨ। ਵਕਤੀ ਤੌਰ 'ਤੇ ਉਸ ਦੀ ਤਸੱਲੀ ਹੋ ਗਈ ਕਿ ਅਜਿਹੀ ਕੋਈ ਖਤਰੇ ਵਾਲੀ ਗੱਲ ਨਹੀਂ ਜਾਪਦੀ ਪਰ ਦੋਸਤਾਨਾ ਮਾਹੌਲ ਬਣਾ ਕੇ ਉਹ ਹੋਰ ਪਰਖ ਕਰਨੀ ਚਾਹੁੰਦਾ ਸੀ। ਬਾਦਸ਼ਾਹ ਇਕ ਦਿਨ ਗੁਰੂ ਜੀ ਨੂੰ ਆਪਣੇ ਨਾਲ ਸ਼ਿਕਾਰ 'ਤੇ ਲੈ ਗਿਆ। ਰਸਤੇ ਵਿਚ ਸ਼ਿਕਾਰ ਦੀ ਤਾਕ ਵਿਚ ਬੈਠੇ ਸ਼ੇਰ ਨੇ ਬਾਦਸ਼ਾਹ ਉਤੇ ਹਮਲਾ ਕਰ ਦਿੱਤਾ। ਤਦ ਹੀ ਗੁਰੂ ਜੀ ਨੇ ਢਾਲ-ਤਲਵਾਰ ਨਾਲ ਸ਼ੇਰ ਨੂੰ ਮਾਰ ਮੁਕਾਇਆ। ਬਾਦਸ਼ਾਹ ਗੁਰੂ ਜੀ ਦਾ ਸ਼ੁਕਰਗੁਜ਼ਾਰ ਹੋ ਗਿਆ ਪਰ ਉਸ ਨੇ ਭਾਂਪ ਲਿਆ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸਿੱਖਾਂ ਨੂੰ ਮਾਯੂਸ ਨਹੀਂ ਕੀਤਾ। ਸਿੱਖ ਹੋਰ ਤਿਆਰੀ ਕਰਕੇ ਨਿਡਰ ਹੁੰਦੇ ਜਾ ਰਹੇ ਹਨ। ਇਹ ਸਚਮੁੱਚ ਹੀ ਮੁਗ਼ਲ ਹਕੂਮਤ ਲਈ ਖ਼ਤਰਾ ਹਨ। ਇਨ੍ਹਾਂ ਨੂੰ ਦਬਾ ਦੇਣਾ ਚਾਹੀਦਾ ਹੈ। ਉਸ ਨੇ ਗੁਰੂ ਜੀ ਨੂੰ ਬਹਾਨੇ ਨਾਲ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਲਿਆ।

ਗਵਾਲੀਅਰ ਦੇ ਕਿਲ੍ਹੇ ਵਿਚ ਪਹਿਲਾਂ ਹੀ 52 ਭਾਰਤੀ ਰਾਜੇ ਕੈਦ ਸਨ ਜੋ ਕਿ ਬਹੁਤ ਹੀ ਮਾੜਾ ਜੀਵਨ ਬਿਤਾ ਰਹੇ ਸਨ। ਉਹ ਗੁਰੂ ਜੀ ਦੇ ਸ਼ਰਧਾਲੂ ਬਣ ਗਏ। ਗੁਰੂ ਜੀ ਨੇ ਉਨ੍ਹਾਂ ਲਈ ਚੰਗੀ ਖੁਰਾਕ ਅਤੇ ਪੁਸ਼ਾਕ ਦਾ ਪ੍ਰਬੰਧ ਕਰਵਾ ਦਿੱਤਾ। ਸਿੱਖ ਸੰਗਤਾਂ ਵਿਚ ਗੁਰੂ ਜੀ ਦੀ ਲੰਮੇਰੀ ਕੈਦ ਕਰਕੇ ਰੋਹ ਜਾਗ ਪਿਆ। ਗੁਰੂ ਜੀ ਦੀ ਰਿਹਾਈ ਲਈ ਵਿਦਰੋਹ ਸ਼ੁਰੂ ਹੋ ਗਿਆ। ਇਹ ਵੇਖ ਕੇ ਜਹਾਂਗੀਰ ਨੇ ਵਕਤ ਸੰਭਾਲਦਿਆਂ ਗੁਰੂ ਜੀ ਨੂੰ ਰਿਹਾਅ ਕਰਨ ਦਾ ਮਨ ਬਣਾ ਲਿਆ ਪਰ ਗੁਰੂ ਜੀ ਨੇ ਆਪਣੇ ਨਾਲ 52 ਰਾਜਿਆਂ ਨੂੰ ਵੀ ਰਿਹਾਅ ਕਰਵਾ ਲਿਆ। ਗੁਰੂ ਜੀ ਰਿਹਾਅ ਹੋ ਕੇ ਜਦ ਅੰਮ੍ਰਿਤਸਰ ਪਹੁੰਚੇ ਤਾਂ ਸੰਗਤਾਂ ਨੇ ਦੀਪਮਾਲਾ ਕੀਤੀ ਦੱਸੀ ਜਾਂਦੀ ਹੈ। ਗੁਰੂ ਜੀ ਦੀ ਉਪਮਾ 'ਬੰਦੀ ਛੋੜ' ਕਹਿ ਕੇ ਕੀਤੀ ਗਈ। ਗੁਰੂ ਜੀ ਗਵਾਲੀਅਰ ਤੋਂ ਜਦੋਂ ਦਿੱਲੀ ਪਹੁੰਚੇ ਤਾਂ ਜਹਾਂਗੀਰ ਦਰਸ਼ਨ ਲਈ ਆਇਆ। ਬਾਦਸ਼ਾਹ ਗੁਰੂ ਜੀ ਦੇ ਦਰਸ਼ਨ ਲਈ ਅੰਮ੍ਰਿਤਸਰ ਵੀ ਆਇਆ। ਇਸ ਤੋਂ ਬਾਅਦ ਗੁਰੂ ਜੀ ਨੇ ਮਾਝੇ ਤੇ ਦੁਆਬੇ ਦਾ ਦੌਰਾ ਕੀਤਾ। ਫਿਰ ਆਪ ਕਸ਼ਮੀਰ, ਸਿਆਲਕੋਟ, ਸ੍ਰੀਨਗਰ ਤੇ ਬਾਰਾਮੂੱਲਾ ਦੇ ਰਸਤੇ ਪੰਜਾ ਸਾਹਿਬ, ਰੋਹਤਾਸ, ਜੇਹਲਮ ਹੁੰਦੇ ਹੋਏ ਗੁਜਰਾਤ ਗਏ। ਉਥੇ ਫਕੀਰ ਦੌਲਾ ਸ਼ਾਹ ਨਾਲ ਭੇਂਟ ਹੋਈ। ਉਸ ਦੇ ਸ਼ੰਕੇ ਦੂਰ ਕੀਤੇ ਕਿ ਪੀਰ ਨਾ ਹਿੰਦੂ ਨਾ ਮੁਸਲਮਾਨ, ਪੀਰੀ ਫਕੀਰੀ ਰੱਬ ਦਾ ਦਾਨ, ਔਰਤ ਹਿਮਾਨ, ਦੌਲਤ ਗੁਜ਼ਰਾਨ, ਪੁੱਤਰ ਨਿਸ਼ਾਨ, ਆਰਫ਼ ਵਿਚਾਰ, ਮਜ਼ਹਬ ਸੁਧਾਰ, ਪੁਜਾਰੀ ਆਚਾਰ, ਮਾਤਥਲ ਮੇ ਜਲ, ਕੁਦਰਤ ਕਰਤਾਰ ਹੈ।

ਗੁਰੂ ਜੀ ਜਹਾਂਗੀਰ ਦੇ ਰਾਜ ਵਿਚ ਅਮਨ ਨਾਲ ਰਹੇ ਪਰ ਸੰਨ 1626 ਈ. ਵਿਚ ਉਸ ਦੀ ਮੌਤ ਤੋਂ ਬਾਅਦ ਸ਼ਾਹ ਜਹਾਨ ਤਖਤ ਉਤੇ ਬੈਠਾ। ਉਸ ਨੇ ਗੁਰੂ ਜੀ ਨੂੰ ਫਿਰ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਇਸ ਲਈ ਗੁਰੂ ਜੀ ਨੂੰ ਚਾਰ ਲੜਾਈਆਂ ਸਹੇੜਨੀਆਂ ਪਈਆਂ, ਜਿਸ ਵਿਚ ਗੁਰੂ ਜੀ ਦੀ ਜਿੱਤ ਹੋਈ। ਚਾਰੇ ਲੜਾਈਆਂ ਵਿਚ ਮੁਗ਼ਲ ਫੌਜ ਦੇ ਸੈਨਾਪਤੀਆਂ ਨਾਲ ਕੱਲੇ-ਕੱਲੇ ਯੁੱਧ ਕਰਕੇ ਗੁਰੂ ਜੀ ਨੇ ਉਨ੍ਹਾਂ ਨੂੰ ਮਾਰ ਮੁਕਾਇਆ।

ਪਹਿਲੀ ਲੜਾਈ ਮਈ 1628 ਈ. ਵਿਚ ਅੰਮ੍ਰਿਤਸਰ ਵਿਖੇ ਹੋਈ, ਜਿਸ ਵਿਚ ਮੁਖਲਿਸ ਖਾਨ ਤੇ ਉਸ ਦੇ ਮੋਹਰੀ ਫੌਜੀ ਮਾਰੇ ਗਏ।

ਦੂਸਰੀ ਲੜਾਈ ਸਤੰਬਰ 1628 ਈ. ਹਰਗੋਬਿੰਦਪੁਰ ਵਿਖੇ ਹੋਈ, ਜਿਸ ਵਿਚ ਮੁਗ਼ਲ ਫੌਜ ਦਾ ਮੁਖੀ ਅਬਦੁੱਲਾ ਖਾਨ, ਕਰਮ ਚੰਦ ਅਤੇ ਰਤਨ ਚੰਦ ਮਾਰੇ ਗਏ।

ਤੀਸਰੀ ਲੜਾਈ ਸੰਨ 1631 ਈ. ਮਹਿਰਾਜ ਵਿਖੇ ਹੋਈ ਜਿਸ ਵਿਚ ਮੁਗ਼ਲ ਫੌਜ ਦੇ ਮੁਖੀ ਲਲਾ ਬੇਗ ਅਤੇ ਕਮਰ ਬੇਗ ਮਾਰੇ ਗਏ।

ਚੌਥੀ ਲੜਾਈ ਸੰਨ 1634 ਈ. ਨੂੰ ਕਰਤਾਰਪੁਰ ਵਿਖੇ ਹੋਈ ਜਿਸ ਵਿਚ ਮੁਗ਼ਲ ਫੌਜ ਦੇ ਮੁਖੀ ਕਾਲੇ ਖਾਂ ਅਤੇ ਪੈਂਦੇ ਖਾ ਮਾਰੇ ਗਏ।

ਉਪਰੰਤ ਗੁਰੂ ਜੀ ਨੇ ਸ਼ਾਂਤਮਈ ਜਗ੍ਹਾ ਦੀ ਤਲਾਸ਼ ਵਿਚ ਕੀਰਤਪੁਰ ਦੀ ਉਸਾਰੀ ਕੀਤੀ ਅਤੇ ਧਾਰਮਿਕ ਜੀਵਨ ਬਤੀਤ ਕੀਤਾ। ਗੁਰੂ ਜੀ ਨੇ ਸਿੱਖੀ ਦੇ ਪ੍ਰਚਾਰ ਦੀ ਪ੍ਰੰਪਰਾ ਨੂੰ ਕਾਇਮ ਰੱਖਿਆ ਅਤੇ ਸਿੱਖੀ ਨੂੰ ਪ੍ਰਫੁੱਲਤ ਕੀਤਾ। ਆਪ ਜੀ ਨੇ ਆਪਣੇ ਛੋਟੇ ਪੋਤਰੇ ਹਰਿਰਾਏ ਜੀ ਨੂੰ ਮਾਰਚ 1644 ਨੂੰ ਗੁਰਗੱਦੀ ਸੌਂਪੀ ਅਤੇ 3 ਮਾਰਚ, 1644 ਨੂੰ ਜੋਤੀ ਜੋਤ ਸਮਾ ਗਏ।

# ਨਸ਼ਾ ਮੁਕਤੀ ਦਾ ਸੰਦੇਸ਼ ਦੇਵੇਗਾ ਯੂਨਾਈਟਡ ਸਪੋਰਟਸ ਕਲੱਬ ਦਾ 15ਵਾਂ ਵਿਸ਼ਵ ਕਬੱਡੀ ਕੱਪ







**ਵਾਟਸਨਵਿੱਲ/ਏਟੀ ਨਿਊਜ਼ :**

15 ਸਤੰਬਰ, ਦਿਨ ਐਤਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ 'ਚ ਹੋਣ ਵਾਲੇ ਯੂਨਾਈਟਡ ਸਪੋਰਟਸ ਕਲੱਬ ਦੇ 15ਵੇਂ ਵਿਸ਼ਵ ਕਬੱਡੀ ਕੱਪ ਸਬੰਧੀ ਇਕ ਅਹਿਮ ਮੀਟਿੰਗ ਕਲੱਬ ਦੇ ਮੁੱਖ ਸਰਪ੍ਰਸਤ 'ਤੇ ਸੰਚਾਲਕ ਸ. ਅਮੋਲਕ ਸਿੰਘ ਗਾਖਲ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿਚ ਵਿਚਾਰਿਆ ਗਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਵਸ ਨੂੰ ਸਮਰਪਿਤ ਇਹ ਕਬੱਡੀ ਕੱਪ ਨਾ ਸਿਰਫ ਖੇਡ ਭਾਵਨਾ ਨਾਲ ਕਰਵਾਇਆ ਜਾਵੇਗਾ ਸਗੋਂ ਸ਼ਰਧਾ ਭਾਵਨਾ ਵੀ ਪੂਰੀ ਤਰ੍ਹਾਂ ਕਾਇਮ ਰੱਖੀ ਜਾਵੇਗੀ। ਇਸੇ ਸੋਚ ਨਾਲ ਪੰਜ ਪ੍ਰਮੁੱਖ ਸਖਸ਼ੀਅਤਾਂ ਨੂੰ ਸਨਮਾਨਿਤ ਕਰਨ ਦਾ ਫੈਸਲਾ ਲਿਆ ਗਿਆ ਹੈ। ਮੀਟਿੰਗ ਵਿਚ ਸਮੁੱਚੇ ਤੌਰ 'ਤੇ ਇਹ ਆਸ ਪ੍ਰਗਟਾਈ ਗਈ ਕਿ ਕੈਲੀਫੋਰਨੀਆਂ ਦੀਆਂ ਸੰਗਤਾਂ ਜਿਵੇਂ ਪਿਛਲੇ ਖੇਡ ਮੇਲਿਆਂ ਦੌਰਾਨ ਕਲੱਬ ਨੂੰ ਸਹਿਯੋਗ ਦਿੰਦੀਆਂ ਰਹੀਆਂ ਹਨ, ਉਵੇਂ ਹੀ ਇਸ ਵਾਰ ਵੀ ਇਸ ਇਤਿਹਾਸਕ ਕਬੱਡੀ ਕੱਪ ਨੂੰ ਪਹਿਲਾਂ ਤੋਂ ਵੀ ਦੂਣਸਵਾਇਆ ਸਹਿਯੋਗ ਦੇਣਗੀਆਂ। ਚੇਅਰਮੈਨ ਮੱਖਣ ਸਿੰਘ ਬੈਂਸ, ਉਪ-ਚੇਅਰਮੈਨ ਇਕਬਾਲ ਸਿੰਘ ਗਾਖਲ ਅਤੇ ਪ੍ਰਧਾਨ ਜੁਗਰਾਜ ਸਿੰਘ ਸਹੋਤਾ ਨੇ ਇਕ ਸਾਂਝੇ ਬਿਆਨ 'ਚ ਕਿਹਾ ਕਿ ਯੂਨਾਈਟਡ ਸਪੋਰਟਸ ਕਲੱਬ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਵਿਦੇਸ਼ੀ ਧਰਤੀ 'ਤੇ ਪੂਰਾ ਮਾਣ ਸਤਿਕਾਰ ਦੇਣ ਲਈ ਹਮੇਸ਼ਾ ਯਤਨਸ਼ੀਲ ਰਿਹਾ ਹੈ ਅਤੇ ਇਸ ਵਾਰ ਵੀ ਸਾਫ ਸੁਥਰੀ ਅਤੇ ਨਸ਼ਾ ਮੁਕਤ ਕਬੱਡੀ ਨੂੰ ਪ੍ਰਫੁੱਲਤ ਕਰਨ ਲਈ ਸਾਰੇ ਲੋੜੀਂਦੇ 'ਤੇ ਜ਼ਰੂਰੀ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਵਾਅਦਾ ਕੀਤਾ ਕਿ ਦਰਸ਼ਕਾਂ ਨੂੰ ਪਹਿਲਾਂ ਵਾਂਗ ਇਸ ਵਾਰ ਵੀ ਸਿਹਤਮੰਦ ਕਬੱਡੀ ਵੇਖਣ ਦਾ ਭਰਪੂਰ ਅਨੰਦ ਮਿਲੇਗਾ।

ਸ. ਅਮੋਲਕ ਸਿੰਘ ਗਾਖਲ ਨੇ ਇਕ ਵੱਖਰੇ ਬਿਆਨ 'ਚ ਕਿਹਾ ਕਿ ਮਾਂ ਬਾਪ ਸਾਲਾਂਬੱਧੀ ਮਿਹਨਤ ਨਾਲ ਪੁੱਤਾਂ ਨੂੰ ਖਿਡਾਰੀ ਬਣਾਉਂਦੇ ਹਨ ਤੇ ਖੇਡਣ ਦੀ ਜੋਬਨਰੁੱਤ ਪੰਜ-ਸੱਤ ਸਾਲ ਹੀ ਹੁੰਦੀ ਅਤੇ ਕਬੱਡੀ ਤੋਂ ਜਿੰਦ ਜਾਨ ਵਾਰਨ ਵਾਲੇ ਖਿਡਾਰੀਆਂ ਨੂੰ ਉਹ ਪਹਿਲਾਂ ਵਾਂਗ ਗਲ ਨਾਲ ਲਾਉਣਗੇ ਅਤੇ ਖਿਡਾਰੀਆਂ ਦੀ ਮਿਹਨਤ ਦਾ ਮੁੱਲ ਪਾਇਆ ਜਾਵੇਗਾ। ਕੌਮਾਂਤਰੀ ਕਬੱਡੀ ਨਿਯਮਾਂ ਤਹਿਤ ਡਰੱਗ ਫ੍ਰੀ ਕਬੱਡੀ ਕਰਵਾਉਣ ਲਈ ਸਾਰੇ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਸਪਾਂਸਰ, ਸਹਿਯੋਗੀ ਅਤੇ ਦਰਸ਼ਕ ਸੰਗਤ ਇਸ ਖੇਡ ਮੇਲੇ ਦਾ ਮਹੱਤਵਪੂਰਨ ਹਿੱਸਾ ਬਣੇਗੀ ਅਤੇ ਲੰਗਰ, ਸਕਿਉਰਿਟੀ ਅਤੇ ਹੋਰ ਸਾਰੇ ਲੋੜੀਂਦੇ ਪ੍ਰਬੰਧ ਕੀਤੇ ਜਾ ਰਹੇ ਹਨ। ਸਵੇਰੇ 9 ਵਜੇ ਤੋਂ ਦੇਰ ਸ਼ਾਮ ਤੱਕ ਹੋਣ ਵਾਲੇ ਇਸ ਕਬੱਡੀ ਕੱਪ ਵਿਚ ਨਾ ਸਿਰਫ ਕਬੱਡੀ ਖੇਤਰ ਨਾਲ ਜੁੜੀਆਂ ਸਖਸ਼ੀਅਤਾਂ ਪਹੁੰਚਣਗੀਆਂ ਸਗੋਂ ਭਾਰਤ, ਪਾਕਿਸਤਾਨ ਅਤੇ ਕਨੇਡਾ ਤੋਂ ਰਾਜਨੀਤਕ ਤੇ ਸਮਾਜਿਕ ਰੁਤਬਾ ਰੱਖਣ ਵਾਲੇ ਅਹਿਮ ਲੋਕ ਖੇਡ ਮੇਲੇ ਦਾ ਹਿੱਸਾ ਬਣੇ ਰਹਿਣਗੇ। ਕਬੱਡੀ ਕੱਪ ਦੇ ਤਕਨੀਕੀ ਪ੍ਰਬੰਧ ਵੇਖਣ ਵਾਲੇ ਤੀਰਥ ਗਾਖਲ ਨੇ ਕਿਹਾ ਕਿ ਖਿਡਾਰੀਆਂ ਨੂੰ ਨਿਯਮਾਂ ਤਹਿਤ ਹੀ ਇਸ ਕਬੱਡੀ ਕੱਪ 'ਚ ਖੇਡਣ ਦਾ ਮੌਕਾ ਮਿਲੇਗਾ।

ਮੀਟਿੰਗ ਵਿਚ ਪਲਵਿੰਦਰ ਸਿੰਘ ਗਾਖਲ, ਨੇਕੀ ਅਟਵਾਲ, ਨਰਿੰਦਰ ਸਿੰਘ ਸਹੋਤਾ, ਇੰਦਰਜੀਤ ਸਿੰਘ ਥਿੰਦ, ਦੇਬੀ ਸੋਹਲ, ਗੁਰਪ੍ਰੀਤ ਗਾਖਲ, ਗਿਆਨੀ ਰਵਿੰਦਰ ਸਿੰਘ, ਗੁਲਵਿੰਦਰ ਗਾਖਲ, ਬਲਜਿੰਦਰ ਗਾਖਲ, ਅਰੁਨਦੀਪ ਸਿੰਘ, ਬਲਜਿੰਦਰ ਸਿੰਘ ਅਤੇ ਜਨਰਲ ਸਕੱਤਰ ਐੱਸ.ਅਸ਼ੋਕ ਭੌਰਾ ਵੀ ਸ਼ਾਮਿਲ ਸਨ।

# ਬੇਟੀ ਦਾ ਬਲਾਤਕਾਰ ਹੋਣ ਤੋਂ ਬਾਅਦ ਠਾਣੇ ਵਿਚ ਰੋਂਦਾ ਰਿਹਾ ਬਾਪ

## *ਅੱਗੋਂ ਪੁਲੀਸ ਵਾਲਾ ਉਡਾਉਂਦਾ ਰਿਹਾ ਮਜ਼ਾਕ..*

### *ਜ਼ਬਰਦਸਤੀ ਰਾਜ਼ੀਨਾਮਾ ਕਰਵਾ ਦਿੱਤਾ*

**ਬਠਿੰਡਾ/ਏਟੀ ਨਿਊਜ਼ :** ਥਾਣਾ ਕੈਨਾਲ ਕਾਲੋਨੀ ਬਠਿੰਡਾ ਅਧੀਨ ਪੈਂਦੇ ਇਲਾਕੇ ਵਿੱਚ ਇੱਕ ਚੌਦਾਂ ਸਾਲ ਦੀ ਲੜਕੀ ਨੂੰ ਵਰਗਲਾ ਕੇ ਲੈ ਜਾਣ ਅਤੇ ਉਸ ਨਾਲ ਧੱਕੇਸ਼ਾਹੀ ਕੀਤੇ ਜਾਣ ਦੀ ਖਬਰ ਸਾਹਮਣੇ ਆਈ ਹੈ ਅਤੇ ਪੁਲਿਸ ਨੇ ਧੱਕੇ ਨਾਲ ਰਾਜ਼ੀਨਾਮਾ ਕਰਵਾ ਦਿੱਤਾ ਹੈ। ਲੜਕੀ ਦੇ ਪਿਤਾ ਦੱਸਿਆ ਕਿ ਉਹ ਫਰੀਦਕੋਟ ਤੋਂ ਸਾਮਾਨ ਲੈ ਕੇ ਟਰੱਕ ਰਾਹੀਂ ਲੇਹ ਛੱਡਣ ਗਏ ਹੋਏ ਸਨ। ਇਹ ਸਾਰਾ ਸਾਮਾਨ ਆਰਮੀ ਦਾ ਸੀ। ਉਨ੍ਹਾਂ ਨੂੰ ਫੋਨ 'ਤੇ ਹੀ ਇਸ ਘਟਨਾ ਦੀ ਜਾਣਕਾਰੀ ਮਿਲੀ ਸੀ। ਉਨ੍ਹਾਂ ਨੇ ਸੰਬੰਧਿਤ ਪੁਲਿਸ ਨੂੰ ਉੱਥੋਂ ਹੀ ਫੋਨ ਕੀਤਾ ਕਿ ਦੋਸ਼ੀਆਂ 'ਤੇ ਪਰਚਾ ਕੀਤਾ ਜਾਵੇ ਪਰ ਪੁਲਿਸ ਨੇ ਦਬਾਅ ਪਾ ਕੇ ਉਨ੍ਹਾਂ ਦੀ ਘਰਵਾਲੀ ਤੋਂ ਦਸਤਖ਼ਤ ਕਰਵਾ ਕੇ ਜ਼ਬਰਦਸਤੀ ਰਾਜ਼ੀਨਾਮਾ ਕਰਵਾ ਦਿੱਤਾ। ਉਨ੍ਹਾਂ ਦਾ ਕਹਿਣਾ ਹੈ ਕਿ ਦੋਸ਼ੀਆਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਹੋਣੀ ਚਾਹੀਦੀ ਹੈ।



ਪੀੜਤ ਲੜਕੀ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਮਾਲਕ ਮਕਾਨ ਔਰਤ ਵੱਲੋਂ ਉਸ ਨੂੰ ਲੜਕੇ ਨਾਲ ਭੇਜਿਆ ਗਿਆ ਸੀ। ਇਹ ਲੜਕੀਆਂ ਦੋ ਭੈਣਾਂ ਹਨ। ਮਾਲਕ ਮਕਾਨ ਔਰਤ ਨੇ ਕੁੜੀ ਨੂੰ ਧਮਕੀ ਦਿੱਤੀ ਸੀ ਕਿ ਜੇ ਲੜਕੇ ਪ੍ਰਵੇਜ਼ ਖ਼ਾਨ ਨਾਲ ਨਾ ਗਈ ਤਾਂ ਉਹ ਉਸ ਦੇ ਪਰਿਵਾਰ ਨੂੰ ਕੁਝ ਵੀ ਕਰ ਸਕਦੀ ਹੈ। ਉਸ ਨੇ ਲੜਕੀ ਨੂੰ ਇਹ ਵੀ ਕਿਹਾ ਕਿ ਤੇਰੇ ਪਰਿਵਾਰ ਵਾਲੇ ਤਾਂ ਤੈਨੂੰ ਪੁੱਛਦੇ ਹੀ ਨਹੀਂ। ਇਸ ਤਰ੍ਹਾਂ ਉਸ ਔਰਤ ਨੇ ਲੜਕੀ ਨੂੰ ਭਟਕਾ ਦਿੱਤਾ। ਪੀੜਤ ਦੀ ਵੱਡੀ ਭੈਣ ਬਾਹਰ ਪੜ੍ਹਦੀ ਹੈ। ਲੜਕੀ ਨੇ ਦੱਸਿਆ ਕਿ ਪ੍ਰਵੇਜ਼ ਖਾਨ ਉਸ ਨੂੰ ਅੰਮ੍ਰਿਤਸਰ ਲੈ ਗਿਆ। ਉੱਥੇ ਉਸ ਨੇ ਉਸ ਨਾਲ ਗਲਤ ਕੰਮ ਕੀਤਾ। ਫਿਰ ਉਹ ਪ੍ਰਵੇਜ ਖਾਨ ਦੀ ਰਿਸ਼ਤੇਦਾਰੀ ਵਿੱਚ ਚਲੇ ਗਏ। ਉੱਥੇ ਉਸ ਨੂੰ ਰਾਮ ਸਰੂਪ ਨਾਮ ਦੇ ਪੁਲਿਸ ਮੁਲਾਜ਼ਮ ਨੇ ਧਮਕੀ ਦਿੱਤੀ ਕਿ ਤੂੰ ਲੜਕੇ ਖਿਲਾਫ ਕੁਝ ਬੋਲੇਗੀ ਤਾਂ ਤੁਹਾਡੇ ਸਾਰੇ ਪਰਿਵਾਰ ਨੂੰ ਵੀਹ ਸਾਲ ਲਈ ਥਾਣੇ ਵਿੱਚ ਫਸਾ ਦੇਵੇਗਾ।

# ਮੋਦੀ ਰਾਜ ’ਚ ਮਨੁੱਖੀ ਅਧਿਕਾਰਾਂ ’ਤੇ ਫਾਸ਼ੀਵਾਦੀ ਹਮਲੇ ਜਾਰੀ

- **ਸੰਵਿਧਾਨਕ ਅਜ਼ਾਦੀ ਕੁਚਲੀ ਜਾ ਰਹੀ ਏ ਪ੍ਰਗਟਾਵੇ ਦੀ ਸਟੇਟ ਦੇ ਡੰਡੇ ਨਾਲ**
- **ਹੁਣ ਬੰਗਾਲ ਵਿਚ ਐਮਰਜੰਸੀ ਲਾਉਣ ਦੀ ਹੋਣ ਲੱਗੀ ਤਿਆਰੀ**
- **ਯੂ ਪੀ ਪੁਲਿਸ ਦਾ ਕਹਿਰ, ਤਿੰਨ ਥਾਈਂ ਵਰ੍ਹਾਈਆਂ ਲਾਠੀਆਂ**



**ਜਲੰਧਰ/ਏਟੀ ਨਿਊਜ਼ :**
ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕ ਸਭਾ ਚੋਣਾਂ ਵਿੱਚ ਆਪਣੀ ਅਣਕਿਆਸੀ ਜਿੱਤ ਤੋਂ ਬਾਅਦ ਕਿਹਾ ਸੀ ਕਿ ਅਗਲੇ ਪੰਜ ਸਾਲਾਂ ਲਈ ਉਨ੍ਹਾ ਦਾ ਨਾਅਰਾ ਹੋਵੇਗਾ “ਸਭ ਕਾ ਸਾਥ, ਸਭ ਕਾ ਵਿਕਾਸ ਤੇ ਸਭ ਕਾ ਵਿਸ਼ਵਾਸ।” ਇੱਥੇ ਜ਼ਿਕਰਯੋਗ ਹੈ ਕਿ ਮੋਦੀ ਸਰਕਾਰ ਬੀਤੇ ਪੰਜ ਸਾਲਾਂ ਦੌਰਾਨ ਵਾਪਰੀਆਂ ਫਿਰਕੂ ਘਟਨਾਵਾਂ ਕਾਰਨ ਉਹ ਲੋਕਾਂ ਦਾ ਵਿਸ਼ਵਾਸ ਨਹੀਂ ਜਿੱਤ ਸਕੀ ਤੇ ਨਾ ਹੀ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰ ਸਕੀ ਹੈ। ਪਿਛਲੇ ਪੰਜ ਸਾਲ ਦੌਰਾਨ ਦਲਿਤਾਂ ਤੇ ਮੁਸਲਮਾਨਾਂ ਨੂੰ ਭਗਵੀਆਂ ਭੀੜਾਂ ਨੇ ਆਪਣਾ ਨਿਸ਼ਾਨਾ ਬਣਾਇਆ ਸੀ ਕਿ ਜਿਵੇਂ ਉਹ ਇਸ ਦੇਸ ਦੇ ਨਾਗਰਿਕ ਨਹੀਂ ਹੁੰਦੇ। ਪ੍ਰਸਾਸ਼ਣ ਨੇ ਵੀ ਇਹਨਾਂ ਗੁੰਡਾਗਰਦ ਭੀੜਾਂ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ। ਇਸ ਤਰ੍ਹਾਂ ਜਾਪਦਾ ਹੈ ਕਿ ਜਿਵੇਂ ਇਹਨਾਂ ਭਗਵੀਆਂ ਭੀੜਾਂ ਨੂੰ ਸਰਕਾਰੀ ਥਾਪੜਾ ਹਾਸਲ ਹੁੰਦਾ ਹੈ।

**ਪੱਤਰਕਾਰਾਂ ਦੀਆਂ ਗ੍ਰਿਫ਼ਤਾਰੀਆਂ-**
ਲੋਕਾਂ ਨੇ ਹੁਣ ਇਹ ਆਸ ਰੱਖ ਕੇ ਵੋਟ ਪਾਈ ਸੀ ਕਿ ਮੋਦੀ ਇਸ ਵਾਰ ਵਿਕਾਸ ਵਲ ਧਿਆਨ ਦੇਣਗੇ, ਪਰ ਭਗਵੀਆਂ ਫੋਰਸਾਂ ਫਿਰ ਇਕ ਵਾਰ ਸਰਗਰਮ ਹੋ ਗਈਆਂ ਹਨ ਤੇ ਇਥੋਂ ਤੱਕ ਪ੍ਰਸ਼ਾਸ਼ਣ ਵੀ ਮਨੁੱਖੀ ਅਜ਼ਾਦੀ ਨੂੰ ਸਟੇਟ ਦੇ ਡੰਡੇ ਨਾਲ ਦਬਾਉਣ ’ਤੇ ਤੁਲਿਆ ਹੋਇਆ ਹੈ। ਹੁਣੇ ਜਿਹੇ ਯੂ ਪੀ ਪੁਲਸ ਵੱਲੋਂ ਪੱਤਰਕਾਰਾਂ ਨਾਲ ਕੁੱਟਮਾਰ ਕੀਤੀ ਗਈ ਤੇ ਝੂਠੇ ਕੇਸ ਪਾਏ ਗਏ। ਇੱਕ ਔਰਤ ਨੇ ਮੀਡੀਆ ਸਾਹਮਣੇ ਇਹ ਕਹਿ ਦਿੱਤਾ ਕਿ ਉਹ ਯੋਗੀ ਅਦਿੱਤਿਆ ਨਾਥ ਨੂੰ ਪਿਆਰ ਕਰਦੀ ਹੈ ਤੇ ਉਸ ਨਾਲ ਰਹਿਣਾ ਚਾਹੁੰਦੀ ਹੈ। ਇਸ ਸੰਬੰਧੀ ਵੀਡੀਓ ਸੋਸ਼ਲ ਮੀਡੀਆ ਉੱਤੇ ਤੇਜ਼ੀ ਨਾਲ ਫੈਲ ਗਈ। ਇਸ ਤੋਂ ਬਾਅਦ ਯੂ ਪੀ ਪੁਲਸ ਨੇ ਕੇਸ ਦਰਜ ਕਰਕੇ ਪੱਤਰਕਾਰ ਪ੍ਰਸ਼ਾਂਤ ਕਨੌਜੀਆ ਨੂੰ ਗ੍ਰਿਫ਼ਤਾਰ ਕਰ ਲਿਆ, ਕਿਉਂਕਿ ਉਸ ਨੇ ਵਾਇਰਲ ਵੀਡੀਓ ਸੰਬੰਧੀ ਇੱਕ ਟਵੀਟ ਕੀਤਾ ਸੀ। ਔਰਤ ਵੱਲੋਂ ਕੀਤੇ ਦਾਅਵੇ ਸੰਬੰਧੀ ਇੱਕ ਸਥਾਨਕ ਚੈਨਲ ‘ਨੇਸ਼ਨ ਲਾਈਵ’ ਨੇ ਇੱਕ ਡਿਬੇਟ ਕਰਾ ਦਿੱਤੀ, ਜਿਸ ਕਾਰਨ ਚੈਨਲ ਦੀ ਮਾਲਕ ਇਸ਼ਿਕਾ ਸਿੰਘ ਤੇ ਐਂਕਰ ਅਨੁੱਜ ਸ਼ੁਕਲਾ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ‘ਐਡੀਟਰਜ਼ ਗਿਲਡ’ ਸਮੇਤ ਕਈ ਪੱਤਰਕਾਰ ਜਥੇਬੰਦੀਆਂ ਨੇ ਇਨ੍ਹਾਂ ਗ੍ਰਿਫ਼ਤਾਰੀਆਂ ਲਈ ਯੂਪੀ ਸਰਕਾਰ ਦੀ ਸਖ਼ਤ ਨਿੰਦਾ ਕੀਤੀ ਹੈ ਤੇ ਸਰਕਾਰ ਦੀ ਇਸ ਕਾਰਵਾਈ ਨੂੰ ਹਿਟਲਰਸ਼ਾਹੀ ਕਾਰਵਾਈ ਦੱਸਿਆ ਹੈ ਤੇ ਪ੍ਰੈਸ ਦੀ ਅਜ਼ਾਦੀ ਦਾ ਗਲਾ ਘੁੱਟਣ ਦੀ ਕਾਰਵਾਈ ਦੱਸਿਆ ਹੈ। ਪੱਤਰਕਾਰਾਂ ਨੇ ਸੋਮਵਾਰ ਨੂੰ ਦਿੱਲੀ ਵਿਚ ਇਸ ਵਿਰੁੱਧ ਮੁਜ਼ਾਹਰਾ ਵੀ ਕੀਤਾ। ਮੋਦੀ ਦੀ ਅਗਵਾਈ ਵਿਚ ਲੋਕ ਸਭਾ ਚੋਣਾਂ ਦੌਰਾਨ ਦੂਸਰੀ ਵਾਰ ਬਹੁਮਤ ਨਾਲ ਜਿੱਤ ਕੇ ਆਉਣ ਪਿੱਛੋਂ ਪੱਤਰਕਾਰਾਂ ਅਤੇ ਪ੍ਰੈਸ ਦੀ ਆਜ਼ਾਦੀ ਦੇ ਮਾਮਲੇ ਵਿਚ ਇਸ ਨੂੰ ਵੱਡਾ ਹਮਲਾ ਦੱਸਿਆ ਜਾ ਰਿਹਾ ਹੈ। ਸੁਪਰੀਮ ਕੋਰਟ ਵਿਚ ਪਤਰਕਾਰ ਪਰਸ਼ਾਤ ਦੀ ਪਤਨੀ ਜਗੀਸ਼ਾ ਅਰੋੜਾ ਦੀ ਰਿਟ ਤੇ ਸੁਪਰੀਮ ਕੋਰਟ ਨੇ ਯੂਪੀ ਸਰਕਾਰ ਨੂ ਹੁਕਮ ਦਿਤਾ ਹੈ ਕਿ ਪੱਤਰਕਾਰ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਇਸ ਤੋਂ ਜ਼ਾਹਿਰ ਹੈ ਕਿ ਯੂਪੀ ਸਰਕਾਰ ਸਟੇਟ ਦੇ ਡੰਡੇ ਨਾਲ ਪੱਤਰਕਾਰਾਂ ਵਿਚ ਦਹਿਸ਼ਤ ਮਚਾ ਰਹੀ ਹੈ ਤਾਂ ਜੋ ਸਰਕਾਰ ਵਿਰੁਧ ਕੋਈ ਖ਼ਬਰ ਨਾ ਲਗ ਸਕੇ। ਇਹ ਇਕ ਤਰ੍ਹਾਂ ਦੀ ਇੰਦਰਾ ਵਲੋਂ ਲਗਾਈ ਐਮਰਜੈਂਸੀ ਤੋਂ ਭੈੜੀ ਸਥਿਤੀ ਹੈ। ਇਹ ਗ੍ਰਿਫ਼ਤਾਰੀਆਂ ਇਸ ਗੱਲ ਦਾ ਸੁਨੇਹਾ ਹਨ ਕਿ ਬੋਲੋਗੇ ਤਾਂ ਤੁੰਨ ਦਿੱਤੇ ਜਾਓਗੇ ਸੋਸ਼ਲ ਮੀਡੀਆ ਉੱਤੇ ਸੱਤਾਧਾਰੀ ਪਾਰਟੀ ਦੇ ਕਿਸੇ ਨੇਤਾ ਵਿਰੁੱਧ ਕੋਈ ਟਿੱਚਰ, ਮਖੌਲ, ਵਿਅੰਗ ਪਾਓਗੇ ਤਾਂ ਜੇਲ੍ਹਾਂ ਵਿਚ ਜਾਓਗੇ।

**ਪ੍ਰੈੱਸ ਅਜ਼ਾਦੀ ਨੂੰ ਖਤਰਾ-**
ਪਿਛਲੇ ਸਾਲਾਂ ਦੌਰਾਨ ਕੌਮਾਂਤਰੀ ਪੱਧਰ ਉੱਤੇ ਆਈਆਂ ਰਿਪੋਰਟਾਂ ਵਿਚ ਪ੍ਰੈਸ ਦੀ ਆਜ਼ਾਦੀ ਦੇ ਮਾਮਲੇ ਵਿਚ ਭਾਰਤ ਦਾ ਦਰਜਾ ਲਗਾਤਾਰ ਹੇਠਾਂ ਜਾਂਦਾ ਰਿਹਾ ਹੈ। ਪ੍ਰੈਸ ਦੀ ਆਜ਼ਾਦੀ ਸਬੰਧੀ ਸੂਚਕ ਅੰਕ 2018 ਦੌਰਾਨ ਭਾਰਤ ਦੀ ਦਰਜਾਬੰਦੀ ਦੋ ਸਥਾਨ ਖਿਸਕ ਕੇ 138 ਉਤੇ ਆ ਗਈ ਹੈ। ਇਹ ਗੱਲ ਇਸ ਮਾਮਲੇ ’ਤੇ ਨਜ਼ਰ ਰੱਖਣ ਵਾਲੇ ਕੌਮਾਂਤਰੀ ਅਦਾਰੇ ‘ਰਿਪੋਰਟਰਜ਼ ਵਿਦਾਊਟ ਬਾਰਡਰਜ਼’ ਨੇ ਆਪਣੀ ਤਾਜ਼ਾ ਸਾਲਾਨਾ ਰਿਪੋਰਟ ਵਿੱਚ ਕਹੀ ਹੈ। ਭਾਰਤ ਦੀ ਦਰਜਾਬੰਦੀ ਘਟਣ ਲਈ ਗੌਰੀ ਲੰਕੇਸ਼ ਵਰਗੇ ਪੱਤਰਕਾਰਾਂ ਖ਼ਿਲਾਫ਼ ‘ਜਿਸਮਾਨੀ ਹਿੰਸਾ’ ਦੀਆਂ ਘਟਨਾਵਾਂ ਨੂੰ ਮੁੱਖ ਕਾਰਨ ਦੱਸਿਆ ਗਿਆ ਹੈ।
ਇਸ ਸੂਚੀ ਵਿੱਚ ਪ੍ਰੈਸ ਦੀ ਆਜ਼ਾਦੀ ਪੱਖੋਂ ਲਗਾਤਾਰ ਦੂਜੀ ਵਾਰ ਨਾਰਵੇ ਨੂੰ ਬਿਹਤਰੀਨ ਮੁਲਕ ਕਰਾਰ ਦਿੱਤਾ ਗਿਆ ਹੈ, ਜਦੋਂ ਕਿ ਉਤਰੀਕੋਰੀਆ ਨੂੰ ਪ੍ਰੈਸ ਦੀ ਆਜ਼ਾਦੀ ਦਾ ਸਭ ਤੋਂ ਵੱਡਾ ਵੈਰੀ ਗਰਦਾਨਿਆ ਗਿਆ ਹੈ। ਪ੍ਰੈਸ ਦੀ ਸੰਘੀ ਨੱਪਣ ਦੇ ਮਾਮਲੇ ਵਿੱਚ ਉਤਰੀ ਕੋਰੀਆ ਤੋਂ ਬਾਅਦ ਇਰੀਟ੍ਰੀਆ, ਤੁਰਕਮੇਨਿਸਤਾਨ, ਸੀਰੀਆ ਅਤੇ ਫਿਰ ਚੀਨ ਦਾ ਨਾਂ ਆਉਂਦਾ ਹੈ।
ਕੁੱਲ 180 ਮੁਲਕਾਂ ਵਿੱਚ ਭਾਰਤ ਦਾ ਦਰਜਾ ਦੋ ਪੌਡੇ ਖਿਸਕ ਕੇ 138ਵੇਂ ਸਥਾਨ ਉੱਤੇ ਚਲਾ ਗਿਆ ਹੈ। ਰਿਪੋਰਟ ਵਿੱਚ ਖ਼ਬਰਦਾਰ ਕੀਤਾ ਗਿਆ ਹੈ ਕਿ ਭਾਰਤ ਵਿੱਚ ਨਸਲਵਾਦੀ ਹਮਲੇ ਤੇਜ਼ੀ ਨਾਲ ਵਧ ਰਹੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ, “ਮਹਾਂਦੀਪ (ਏਸ਼ੀਆ) ਦੇ ਇਕ ਹੋਰ ਵੱਡੇ ਮੁਲਕ ਭਾਰਤ ਵਿੱਚ ਭੜਕਾਊ ਭਾਸ਼ਣ ਇਕ ਅਹਿਮ ਮੁੱਦਾ ਹੈ। ਨਰਿੰਦਰ ਮੋਦੀ ਦੇ 2014 ਵਿੱਚ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ, ਹਿੰਦੂ ਕੱਟੜਵਾਦੀ ਪੱਤਰਕਾਰਾਂ ਪ੍ਰਤੀ ਬਹੁਤ ਹੀ ਹਿੰਸਕ ਰੁਖ਼ ਅਖ਼ਤਿਆਰ ਕਰ ਰਹੇ ਹਨ।”
ਪੱਤਰਕਾਰ ਗੌਰੀ ਲੰਕੇਸ਼ ਅਤੇ ਵੱਖ-ਵੱਖ ਸੁਤੰਤਰ ਵਿਚਾਰ ਰੱਖਣ ਵਾਲੇ ਲੇਖਕਾਂ ਤੇ ਸਮਾਜਿਕ ਕਾਰਕੁਨਾਂ ਗੋਵਿੰਦ ਪੰਸਾਰੇ, ਐਮਐਮ ਕੁਲਬੁਰਗੀ ਤੇ ਨਰਿੰਦਰ ਦਬੋਲਕਰ ਦੇ ਕਤਲ ਹੋ ਚੁੱਕੇ ਹਨ।

**ਮੁਸਲਮਾਨਾਂ ਵੱਲੋਂ ਅਲੀਗੜ੍ਹ ਵਿਚੋਂ ਹਿਜਰਤ-**
ਇਥੋਂ ਦੇ ਟੱਪਲ ਇਲਾਕੇ ਵਿਚ ਅਗਵਾ ਕਰਨ ਤੋਂ ਬਾਅਦ ਢਾਈ ਸਾਲ ਦੀ ਬੱਚੀ ਟਵਿੰਕਲ ਸ਼ਰਮਾ ਦੇ ਕਤਲ ਤੋਂ ਬਾਅਦ ਸਥਿਤੀ ਵਿਗੜਦੀ ਜਾ ਰਹੀ ਹੈ। ਭਗਵੀਆਂ ਭੀੜਾਂ ਸੜਕਾਂ ’ਤੇ ਉੱਤਰ ਆਈਆਂ ਹਨ। ਭਗਵੀਆਂ ਭੀੜਾਂ ਵਲੋਂ ਕੀਤੇ ਐਤਵਾਰ ਮਹਾਂ ਪੰਚਾਇਤ ਵੀ ਸੱਦੀ ਗਈ ਸੀ, ਜਿਸ ਨੂੰ ਪ੍ਰਸ਼ਾਸ਼ਣ ਨੇ ਰੱਦ ਕਰਵਾ ਦਿੱਤਾ ਸੀ। ਪਤਾ ਲੱਗਾ ਹੈ ਕਿ ਡਰ ਕਾਰਨ ਮੁਸਲਮਾਨ ਆਪਣੇ ਘਰ ਛੱਡ ਕੇ ਜਾ ਰਹੇ ਹਨ। ਮਾਹੌਲ ਠੀਕ ਨਾ ਹੋਣ ਕਾਰਨ ਇਲਾਕੇ ਦੇ ਬਾਜ਼ਾਰ ਵੀ ਬੰਦ ਹਨ। ਪੁਲਸ ਇਸ ਮਾਮਲੇ ਵਿਚ ਮੁੱਖ ਮੁਲਜ਼ਮ ਜ਼ਾਹਿਦ ਤੇ ਉਸ ਦੀ ਪਤਨੀ ਸ਼ਾਇਸਤਾ ਸਮੇਤ 4 ਲੋਕਾਂ ਨੂੰ ਗ੍ਰਿਫਤਾਰ ਕਰ ਚੁੱਕੀ ਹੈ।
ਇਸੇ ਦੌਰਾਨ ਟਵਿੰਕਲ ਸ਼ਰਮਾ ਦੀ ਮਾਂ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਤੇ ਮੁੱਖ ਮੰਤਰੀ ਯੋਗੀ ਨੂੰ ਉਸ ਕੋਲ ਆ ਕੇ ਉਸ ਦਾ ਦੁਖੜਾ ਸੁਣਨਾ ਪਏਗਾ। ਉਹ ਅਪਰਾਧੀਆਂ ਨੂੰ ਫਾਂਸੀ ’ਤੇ ਲਟਕਦੇ ਦੇਖਣਾ ਚਾਹੁੰਦੀ ਹੈ।
ਬੱਚੀ ਦੇ ਪਿਤਾ ਨੇ ਯੋਗੀ ਦਾ ਲਖਨਊ ਆ ਕੇ ਮਿਲਣ ਦਾ ਸੱਦਾ ਠੁਕਰਾ ਦਿੱਤਾ ਹੈ। ਉਸ ਨੇ ਕਿਹਾ ਕਿ ਦੋਸ਼ੀਆਂ ਨੂੰ ਫਾਂਸੀ ਮਿਲਣ ’ਤੇ ਹੀ ਉਨ੍ਹਾਂ ਨੂੰ ਸਕੂਨ ਮਿਲੇਗਾ।
ਭੋਪਾਲ ਤੋਂ ਭਾਜਪਾ ਸਾਂਸਦ ਸਾਧਵੀ ਪ੍ਰਗਿਆ ਠਾਕੁਰ ਨੇ ਅਲੀਗੜ੍ਹ ਆਉਣ ਦੀ ਕੋਸ਼ਿਸ਼ ਕੀਤੀ। ਪਰ ਪੁਲਸ ਨੇ ਸਥਿਤੀ ਵਿਗੜਨ ਦੇ ਡਰ ਕਾਰਨ ਜੇਵਰ ਟੋਲ ਪਲਾਜ਼ਾ ਤੋਂ ਅੱਗੇ ਨਹੀਂ ਆਉਣ ਦਿੱਤਾ।

**ਹੱਕ ਮੰਗਣ ਵਾਲਿਆਂ ਨੂੰ ਡਾਂਗਾਂ-**
ਯੂਪੀ ਵਿਚ ਹੱਕ ਮੰਗਣ ਵਾਲੇ ਲੋਕਾਂ ਨੂੰ ਪੁਲੀਸ ਡਾਂਗਾਂ ਨਾਲ ਕੁੱਟ ਰਹੀ ਹੈ। ਬੀਤੇ ਦਿਨੀਂ ਯੂ ਪੀ ਪੁਲਸ ਵਿਚ ਖਾਲੀ ਪਏ ਅਹੁਦਿਆਂ ਨੂੰ ਲੈ ਕੇ 2013 ਵਿਚ ਖਾਲੀ ਅਸਾਮੀਆਂ ਕੱਢੀਆਂ ਗਈਆਂ ਸਨ। 11786 ਪੁਲਸ ਭਰਤੀ ਲਈ ਉਮੀਦਵਾਰਾਂ ਨੇ ਅਰਜ਼ੀਆਂ ਦਿੱਤੀਆਂ। ਉਨ੍ਹਾਂ ਦੀ ਪ੍ਰੀਖਿਆ ਹੋਈ ਤੇ ਨੌਂ ਮਹੀਨੇ ਪਹਿਲਾਂ ਉਮੀਦਵਾਰਾਂ ਦੀ ਮੈਡੀਕਲ ਜਾਂਚ ਵੀ ਹੋ ਗਈ, ਪਰ ਉਨ੍ਹਾਂ ਨੂੰ ਨਿਯੁਕਤੀ ਪੱਤਰ ਨਹੀਂ ਮਿਲਿਆ। ਦਰਜਨਾਂ ਉਮੀਦਵਾਰ ਬੀਤੇ ਦਿਨੀਂ ਲਖਨਊ ਪਹੁੰਚੇ ਅਤੇ ਚਾਰਬਾਗ ਤੋਂ ਵਿਧਾਨ ਸਭਾ ਵੱਲ ਪ੍ਰਦਰਸ਼ਨ ਕਰਨ ਪਹੁੰਚੇ। ਇਸ ਦੌਰਾਨ ਪੁਲਸ ਨੇ ਉਨ੍ਹਾਂ ਨੂੰ ਲਾਠੀਆਂ ਨਾਲ ਕੁੱਟ ਕੇ ਦੌੜਾਇਆ। ਪ੍ਰਦਰਸ਼ਨ ਵਿਚ ਕਈ ਔਰਤ ਉਮੀਦਵਾਰ ਵੀ ਸ਼ਾਮਲ ਸਨ, ਜਿਨ੍ਹਾਂ ਨੂੰ ਸੱਟਾਂ ਲੱਗੀਆਂ।
ਮੇਰਠ ਦੇ ਲਾਲ ਕੁਰਤੀ ਥਾਣੇ ਅੰਦਰ ਫੁਆਰਾ ਚੌਕ ਦੇ ਕੋਲ ਇੱਕ ਘਰ ਵਿਚ ਵਧਾਈ ਲੈਣ ਪਹੁੰਚੇ ਦੋ ਕਿੱਨਰ ਗੁੱਟਾਂ ਵਿਚਾਲੇ ਝਗੜਾ ਹੋ ਗਿਆ। ਸੂਚਨਾ ਮਿਲਣ ’ਤੇ ਮੌਕੇ ’ਤੇ ਪਹੁੰਚੀ ਪੁਲਸ ਦੋਵੇਂ ਕਿੰਨਰ ਗਰੁੱਪਾਂ ਨੂੰ ਥਾਣੇ ਲਈ ਆਈ। ਇੱਥੇ ਦੋਵਾਂ ਦੇ ਵਿਚਾਲੇ ਸਮਝੌਤਾ ਕਰਾਉਣ ਦੀ ਕੋਸ਼ਿਸ਼ ਕੀਤੀ ਗਈ, ਪਰ ਝਗੜਾ ਸ਼ਾਂਤ ਨਹੀਂ ਹੋਇਆ। ਇਸ ’ਤੇ ਪੁਲਸ ਨੇ ਕਿੰਨਰਾਂ ਨੂੰ ਲਾਠੀਆਂ ਨਾਲ ਛੱਲੀਆਂ ਦੀ ਤਰ੍ਹਾਂ ਕੁੱਟਿਆ।
ਅੱਤ ਦੀ ਗਰਮੀ ਵਿਚ ਬਿਜਲੀ ਕਟੌਤੀ ਤੋਂ ਪ੍ਰੇਸ਼ਾਨ ਸੀਤਾਪੁਰ ਦੇ ਲੋਕ ਸੜਕ ’ਤੇ ਉਤਰ ਆਏ। ਦਰਜਨਾਂ ਲੋਕ ਮੁਸ਼ੀਗੰਜ ਚੌਰਾਹੇ ’ਤੇ ਇਕੱਠੇ ਹੋਏ ਅਤੇ ਬਿਜਲੀ ਕੱਟਣ ਦੇ ਖਿਲਾਫ਼ ਪ੍ਰਦਰਸ਼ਨ ਕਰਨ ਲੱਗੇ। ਇੱਥੇ ਯੂ ਪੀ ਪੁਲਸ ਨੇ ਪ੍ਰਦਰਸ਼ਨਕਾਰੀਆਂ ਨੂੰ ਤਿੱਤਰ-ਬਿੱਤਰ ਕਰਨ ਲਈ ਲਾਠੀਚਾਰਜ ਕਰ ਦਿੱਤਾ, ਜਿਸ ਵਿਚ ਕਈ ਲੋਕ ਜ਼ਖ਼ਮੀ ਹੋ ਗਏ।

**ਬੰਗਾਲ ਅਮਿਤ ਸ਼ਾਹ ਦੇ ਨਿਸ਼ਾਨੇ ’ਤੇ-**
ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੰਦਰੂਨੀ ਸੁਰੱਖਿਆ ਤੇ ਬੰਗਾਲ ਵਿੱਚ ਫੈਲੀ ਹਿੰਸਾ ’ਤੇ ਬੀਤੇ ਦਿਨੀਂ ਬੈਠਕ ਬੁਲਾਈ। ਇਸ ਵਿੱਚ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਵੀ ਮੌਜੂਦ ਸਨ। ਦੂਜੇ ਪਾਸੇ ਬੰਗਾਲ ਦੇ ਰਾਜਪਾਲ ਕੇਸ਼ਰੀਨਾਥ ਤ੍ਰਿਪਾਠੀ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਮੁਲਾਕਾਤ ਕੀਤੀ। ਹਾਲਾਂ ਕਿ ਰਾਜਪਾਲ ਨੇ ਇਸ ਨੂੰ ਰਸਮੀ ਮਿਲਣੀ ਦੱਸਿਆ ਹੈ। ਸੁਰੱਖਿਆ ’ਤੇ ਬੈਠਕ ਬਾਰੇ ਭਾਜਪਾ ਜਨਰਲ ਸਕੱਤਰ ਕੈਲਾਸ਼ ਵਿਜੇਵਰਗੀ ਨੇ ਕਿਹਾ ਕਿ ਬੰਗਾਲ ਵਿੱਚ ਜਿਸ ਤਰ੍ਹਾਂ ਹਿੰਸਾ ਫੈਲ ਰਹੀ ਹੈ, ਉੱਥੇ ਰਾਸ਼ਟਰਪਤੀ ਸ਼ਾਸਨ ਵੀ ਲੱਗ ਸਕਦਾ ਹੈ।
ਬੰਗਾਲ ਵਿੱਚ ਹਿੰਸਾ ਦੀ ਜ਼ਿੰਮੇਵਾਰੀ ਮਮਤਾ ਬੈਨਰਜੀ ਦੀ ਹੈ ਤੇ ਉਹੀ ਬਦਲੇ ਦੀ ਭਾਵਨਾ ਕਰਕੇ ਲੋਕਾਂ ਨੂੰ ਭੜਕਾ ਰਹੇ ਹਨ। ਵਰਕਰਾਂ ਦੇ ਕਤਲ ਦੇ ਵਿਰੋਧ ਵਿੱਚ ਬੀਜੇਪੀ ਨੇ 12 ਘੰਟੇ ਦਾ ਬੰਦ ਬੁਲਾਇਆ ਹੈ।
ਪੂਰੇ ਬੰਗਾਲ ਵਿੱਚ ਇਹ ਦਿਨ ‘ਬਲੈਕ ਡੇਅ’ ਵਜੋਂ ਮਨਾਇਆ ਜਾ ਰਿਹਾ ਹੈ। ਵਿਜੇਵਰਗੀ ਨੇ ਕਿਹਾ ਕਿ ਮਮਤਾ ਬੈਨਰਜੀ ਆਪਣੇ ਵਰਕਰਾਂ ਨੂੰ ਕਹਿ ਰਹੇ ਹਨ ਕਿ ਜਿੱਥੋਂ ਉਨ੍ਹਾਂ ਦੀ ਪਾਰਟੀ ਹਾਰ ਰਹੀ ਹੈ, ਉੱਥੇ ਭਾਜਪਾ ਵਰਕਰਾਂ ਨੂੰ ਨਿਸ਼ਾਨਾ ਬਣਾਇਆ ਜਾਏ। ਸਾਰੇ ਗੁੰਡੇ ਸੱਤਾਧਾਰੀ ਤ੍ਰਿਣਮੂਲ ਕੋਲ ਹੀ ਹਨ। ਉਨ੍ਹਾਂ ਕੋਲ ਪਿਸਤੌਲ ਤੇ ਬੰਬ ਵੀ ਹਨ ਜਦ ਕਿ ਭਾਜਪਾ ਵਰਕਰਾਂ ਕੋਲ ਕੋਈ ਹਥਿਆਰ ਨਹੀਂ। ਉਨ੍ਹਾਂ ਕਿਹਾ ਕਿ ਜੇ ਬੰਗਾਲ ਵਿੱਚ ਇਸੇ ਤਰ੍ਹਾਂ ਹਿੰਸਾ ਜਾਰੀ ਰਹੀ ਤਾਂ ਦਖ਼ਲ ਦੇਣਾ ਹੀ ਪਏਗਾ।
ਜ਼ਰੂਰੀ ਹੋਇਆ ਤਾਂ ਬੰਗਾਲ ਵਿੱਚ ਰਾਸ਼ਟਰਪਤੀ ਸ਼ਾਸਨ ਲਾਇਆ ਜਾ ਸਕਦਾ ਹੈ। ਇੱਥੇ ਜ਼ਿਕਰਯੋਗ ਹੈ ਕਿ ਭਾਜਪਾ ਬੰਗਾਲ ਦੇ ਕਈ ਹਿੱਸਿਆਂ ਵਿੱਚ ਕਾਲੀਆਂ ਝੰਡੀਆਂ ਨਾਲ ਰੈਲੀਆਂ ਕੱਢ ਰਹੀ ਹੈ। ਪੱਛਮੀ ਬੰਗਾਲ ਦੇ ਗਵਰਨਰ ਕੇਸਰੀ ਨਾਥ ਤ੍ਰਿਪਾਠੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਬੀਤੇ ਦਿਨੀਂ ਮੁਲਾਕਾਤ ਕਰ ਚੁੱਕੇ ਹਨ।

## ਭਾਜਪਾ ਰਾਜ ‘ਚ ਵਧ ਰਿਹਾ ਏ ਫਾਸ਼ੀਵਾਦ

ਫਾਸ਼ੀਵਾਦ ਇਕ ਖਾਸ ਕਿਸਮ ਦੀ ਵਿਚਾਰ ਧਾਰਾ ਹੈ ਜੋ ਕਿ ਪਿਛਲੀ ਸਦੀ ਵਿੱਚ ਦੂਜੀ ਸੰਸਾਰ ਜੰਗ ਤੋਂ ਪਹਿਲਾਂ ਇਟਲੀ, ਜਰਮਨੀ ਤੇ ਸਪੇਨ ਵਿੱਚ ਉੱਭਰ ਕੇ ਸਾਹਮਣੇ ਆਈ। ਜਿਸ ਵਿੱਚੋਂ ਜਰਮਨੀ ਵਿੱਚ ਯਹੂਦੀਆਂ ਦੀ ਨਸਲਕੁਸ਼ੀ ਦਾ ਵਰਤਾਰਾ ਵਾਪਰਿਆ। ਫਾਸ਼ੀਵਾਦ ਰਾਜ ਦਾ ਵਰਤਾਰਾ ਇਹ ਹੈ ਕਿ ਇਸ ਵਿੱਚ ਇਕੱਲਾ ਸਰਕਾਰ ਜ਼ੁਲਮ ਨਹੀਂ ਕਰਦੀ ਬਲਕਿ ਲੋਕ ਵੀ ਪੀੜਤ ਧਿਰ ਖਿਲਾਫ ਸਰਕਾਰ ਦੇ ਜੁਲਮਾਂ ਦਾ ਪੱਖ ਪੂਰਦੇ ਹਨ ਤੇ ਸਹਿਯੋਗੀ ਹੁੰਦੇ ਹਨ। ਫਾਸ਼ੀਵਾਦ ਵਿੱਚ ਰਾਜ ਤੇ ਸਮਾਜ ਦਾ ਫਰਕ ਖਤਮ ਹੋ ਜਾਂਦਾ ਹੈ, ਜਿਸ ਵਿੱਚ ਪੁਲਿਸ, ਵਕੀਲ, ਬੁੱਧੀਜੀਵੀ ਸਾਰੇ ਆਪਸ ਵਿੱਚ ਰਲ ਕੇ ਇੱਕ ਸੰਗਠਿਤ ਢਾਂਚਾ ਬਣ ਜਾਂਦੇ ਹਨ ਤੇ ਇੱਕ ਖਾਸ ਵਰਗ ਨੂੰ ਆਪਣੇ ਜਬਰ ਦਾ ਸ਼ਿਕਾਰ ਬਣਾਉਂਦੇ ਹਨ। ਕਾਂਗਰਸ ਨੇ ਸਿੱਖਾਂ ਦੇ ਖਿਲਾਫ ਸੰਨ 1984 ਵਿਚ ਜੋ ਜੁਰਮ ਕੀਤੇ ਉਹ ਵੀ ਫਾਸ਼ੀਵਾਦੀ ਵਰਤਾਰੇ ਦਾ ਹੀ ਪ੍ਰਗਟਾਵਾ ਸਨ, ਕਿਉਂਕਿ ਸਿੱਖਾਂ ਦਾ ਕਤਲੇਆਮ ਸਿਰਫ ਰਾਜ ਨੇ ਨਹੀਂ ਕੀਤਾ ਬਲਕਿ ਇਸ ਲਈ ਇੱਕ ਮਾਹੌਲ ਬਣਾ ਕੇ ਹਿੰਦੂ ਭੀੜਾਂ ਨੂੰ ਲਾਮਬੰਦ ਕੀਤਾ ਗਿਆ। ਪਰ ਕਾਂਗਰਸ ਇਸ ਨੂੰ ਪੱਕਾ ਰੁਝਾਨ ਨਹੀਂ ਬਣਾ ਸਕੀ ਤੇ ਉਸ ਨੂੰ



ਇਸ ਤੋਂ ਪਿੱਛੇ ਮੁੜਨਾ ਪਿਆ। ਪਰ ਹੁਣ ਭਾਜਪਾ ਦੀ ਵਿਚਾਰਧਾਰਾ ਵਿੱਚ ਉਹ ਸਾਰੇ ਤੱਥ ਮੌਜੂਦ ਹਨ ਜੋ ਫਾਸ਼ੀਵਾਦ ਲਈ ਜ਼ਰੂਰੀ ਹਨ।
ਭਾਜਪਾ ਨੂੰ ਆਰ. ਐਸ. ਐਸ ਤੋਂ ਵੱਖ ਕਰਕੇ ਨਹੀਂ ਵੇਖਿਆ ਜਾਂ ਸਕਦਾ। ਆਰ.ਐਸ.ਐਸ ਦੀ ਸਥਾਪਨਾ 1925 ਵਿੱਚ ਹੋਈ ਸੀ। ਇਹ ਉਹੀ ਸਮਾਂ ਹੈ ਜਦੋਂ ਜਰਮਨ ਵਿੱਚ ਫਾਸ਼ੀਵਾਦ ਉੱਭਰਨਾ ਸ਼ੁਰੂ ਹੋਇਆ। ਹਿੰਦੂ ਮਹਾਸਭਾ (ਜਿਸ ਨੇ ਬਾਅਦ ਵਿੱਚ ਆਰ.ਐਸ.ਐਸ ਦਾ ਰੂਪ ਧਾਰਿਆ) ਦਾ ਪਰਚਾ “ਹਿੰਦੂ ਆਊਟਲੁੱਕ” ਅਤੇ ਬਾਲ ਗੰਗਾਧਰ ਤਿਲਕ (ਜੋ ਕਿ ਕਾਂਗਰਸ ਵਿੱਚ ਰਹਿੰਦਿਆਂ ਵੀ ਹਿੰਦੂਤਵ ਦੀ ਵਿਚਾਰਧਾਰਾ ਨੂੰ ਲਾਗੂ ਕਰ ਰਿਹਾ ਸੀ) ਦੇ ਪਰਚੇ “ਮਰਾਠਾ” ਅਤੇ “ਕੇਸਰੀ” ਲਗਾਤਾਰ ਹਿਟਲਰ, ਮੂਸੋਲੀਨੀ ਅਤੇ ਜਰਨਲ ਫਰੈਂਕੋ (ਸਪੇਨ) ਦੇ ਸੋਹਲੇ ਗਾਉਂਦੇ ਰਹੇ ਅਤੇ ਉਨ੍ਹਾਂ ਨੂੰ ਆਪਣਾ ਰੋਲ ਮਾਡਲ ਸਮਝਦੇ ਰਹੇ। ਅਰਵਿੰਦੋ ਘੋਸ਼ ਜਿਸ ਨੂੰ ਬੰਗਾਲ ਦਾ ਕ੍ਰਾਂਤੀਕਾਰੀ ਕਿਹਾ ਜਾਂਦਾ ਹੈ ਉਸ ਨੇ ਸਾਥੀਆਂ ਸਮੇਤ ਇਸ ਵਰਤਾਰੇ ਦੀ ਸ਼ੁਰੂਆਤ 1914-15 ਤੋਂ ਹੀ ਕਰ ਦਿੱਤੀ ਸੀ। ਇਸ ਦਾ ਮੁੱਖ ਉਦੇਸ਼ ਹਿੰਦੂ ਸਮਾਜ ਦਾ ਸੈਨਕੀਕਰਣ ਕਰਨਾ ਅਤੇ ਰਾਜਨੀਤੀ ਦਾ ਹਿੰਦੂਕਰਨ ਕਰਨਾ ਸੀ। ਆਰ.ਐਸ.ਐਸ ਦੇ ਆਗੂ ਗੋਲਵਾਲਕਰ ਨੇ ਸੰਨ 1939 ਵਿੱਚ ਲਿਖਿਆ ਸੀ ਕਿ “ਹਿੰਦੁਸਤਾਨ ਅੰਦਰਲੇ ਗੈਰ ਹਿੰਦੂ ਵਰਗਾਂ ਨੂੰ ਚਾਹੀਦਾ ਹੈ ਕਿ ਉਹ ਜਾਂ ਤਾਂ ਹਿੰਦੂ ਸੱਭਿਆਚਾਰ ਅਤੇ ਭਾਸ਼ਾ ਗ੍ਰਹਿਣ ਕਰ ਲੈਣ, ਹਿੰਦੂ ਧਰਮ ਵਿੱਚ ਸ਼ਰਧਾ ਪ੍ਰਗਟਾਉਣ ਤੇ ਇਸਦਾ ਸਤਿਕਾਰ ਕਰਨਾ ਸਿੱਖ ਲੈਣ, ਹਿੰਦੂ ਨਸਲ ਤੇ ਸੱਭਿਆਚਾਰ ਦੀ ਜੈ ਜੈ ਕਾਰ ਕਰਨ ਤੋਂ ਬਿਨ੍ਹਾਂ ਹੋਰ ਕਿਸੇ ਕਿਸਮ ਦਾ ਵਿਚਾਰ ਨਾ ਰੱਖਣ, ਆਪਣੀ ਵੱਖਰੀ ਹੋਂਦ ਤਿਆਗ ਕੇ ਹਿੰਦੂ ਨਸਲ ਵਿੱਚ ਜਜ਼ਬ ਹੋ ਜਾਣ। ਜੇ ਉਹ ਇਹ ਨਹੀਂ ਕਰਨਗੇ ਫੇਰ ਉਹ ਦੇਸ਼ ਅੰਦਰ ਹਿੰਦੂ ਕੌਮ ਦੇ ਪੂਰੀ ਤਰ੍ਹਾਂ ਅਧੀਨ ਹੋ ਕੇ ਰਹਿ ਸਕਦੇ ਹਨ। ਉਹ ਕੋਈ ਮੰਗ ਨਾ ਕਰਨ, ਕਿਸੇ ਵਿਸ਼ੇਸ਼ ਹੱਕ ਦੇ ਦਾਅਵੇਦਾਰ ਨਾ ਹੋਣ ਤੇ ਨਾਗਰਿਕ ਦੇ ਅਧਿਕਾਰਾਂ ਦੀ ਮੰਗ ਵੀ ਨਾ ਕਰਨ।” ਉਸ ਤੋਂ ਬਾਅਦ ਆਰ.ਐਸ.ਐਸ ਇਸ ਏਜੰਡੇ ਉੱਤੇ ਲਗਾਤਾਰ ਕੰਮ ਕਰਦੀ ਆ ਰਹੀ ਹੈ।
ਭਾਵੇਂ ਗਾਂਧੀ ਨੂੰ ਨੱਥੂ ਰਾਮ ਗੋਡਸੇ ਵੱਲੋਂ ਮਾਰ ਦੇਣ ਤੋਂ ਬਾਅਦ ਆਰ. ਐਸ. ਐਸ. ਦੀਆਂ ਕਾਰਵਾਈਆਂ ’ਤੇ ਰੋਕ ਵੀ ਲੱਗੀ ਪਰ ਵੱਖ ਵੱਖ ਹਿੱਸਿਆਂ ਜਿਵੇਂ ਵਿਸ਼ਵ ਹਿੰਦੂ ਪਰੀਸ਼ਦ, ਬਜਰੰਗ ਦਲ, ਹਿੰਦੂ ਮਹਾਂਸਭਾ, ਜਨਸੰਘ (ਅਜੋਕੀ ਭਾਜਪਾ) ਜਰੀਏ ਉਹ ਆਪਣੇ ਏਜੰਡੇ ਉੱਤੇ ਲਗਾਤਾਰ ਕੰਮ ਕਰਦੇ ਰਹੇ। ਇਸ ਸਮੁੱਚੇ ਅਮਲ ਵਿਚ ਇਹ ਬਹੁਤ ਮਹੱਤਵਪੂਰਨ ਗੱਲ ਸੀ ਕਿ ਉਹ ਸੱਤਾ ਉੱਤੇ ਕਦੋਂ ਕਾਬਜ ਹੁੰਦੇ ਹਨ। ਜਦੋਂ ਉਹ ਪਹਿਲਾਂ ਵਾਜਪਾਈ ਦੀ ਅਗਵਾਈ ਵਿੱਚ ਕੇਂਦਰ ਦੀ ਸੱਤਾ ਉੱਤੇ ਕਾਬਜ ਹੋਏ ਤਾਂ ਉਦੋਂ ਗੱਠਜੋੜ ਸਰਕਾਰ ਸੀ ਅਤੇ ਵਾਜਪਾਈ ਖੁਦ ਵੀ ਥੋੜਾ ਉਦਾਰਵਾਦੀ ਸੋਚ ਵਾਲਾ ਵਿਅਕਤੀ ਸੀ। ਪਰ ਫਾਸ਼ੀਵਾਦ ਲਈ ਇਨ੍ਹਾਂ ਨੂੰ ਉਹ ਬੰਦਾ ਚਾਹੀਦਾ ਸੀ ਜੋ ਲੋਕਾਂ ਨੂੰ ਭੜਕਾ ਸਕੇ ਅਤੇ ਨਰਿੰਦਰ ਮੋਦੀ ਵਿਚ ਇਹ “ਗੁਣ” ਹੈ। ਸੋ ਹੁਣ ਜਦੋਂ ਇਹ ਸੱਤਾ ਤੇ ਕਾਬਜ਼ ਹਨ ਤਾਂ ਇਸ ਨੂੰ ਵਰਤਣ ਦੇ ਪੂਰੇ ਯਤਨ ਕਰਨਗੇ।

–ਅਜਮੇਰ ਸਿੰਘ

# ਪਹਿਲਾ ਸਿੱਖ ਹੁਕਮਰਾਨ ਬਾਬਾ ਬੰਦਾ ਸਿੰਘ ਬਹਾਦਰ

**ਕ੍ਰਿਪਾਲ ਸਿੰਘ ਹਿਸਟੋਰੀਅਨ**



ਪੰਜਾਬ ਦੀ ਧਰਤੀ ਸਦੀਆਂ ਤੋਂ ਵਿਦੇਸ਼ੀ ਹਮਲਾਵਰਾਂ ਦੇ ਪੈਰਾਂ ਥੱਲੇ ਲਤਾੜੀ ਜਾਂਦੀ ਰਹੀ ਹੈ। ਇਥੋਂ ਦੇ ਲੋਕਾਂ ਨੂੰ ਰੋਜ਼-ਰੋਜ਼ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਅਤੇ ਧਾੜਵੀਆਂ ਦੇ ਹੱਥੋਂ ਅਪਮਾਨਿਤ ਹੋਣਾ ਪੈਂਦਾ ਸੀ। ਗੁਰੂ ਸਾਹਿਬਾਨ ਇਥੋਂ ਦੀ ਦੱਬੀ-ਕੁਚਲੀ, ਸਾਹਸਤਹੀਣ ਤੇ ਨਿਰਾਸ਼ਤਾ ਵਿਚ ਘਿਰੀ ਲੋਕਾਈ ਲਈ ਅਧਿਆਤਮਕ ਗਿਆਨ, ਉੱਦਮ, ਸੂਰਬੀਰਤਾ, ਆਤਮ-ਸਨਮਾਨ, ਆਤਮਵਿਸ਼ਵਾਸ, ਜੂਝਣ, ਫਤਿਹ ਅਤੇ ਚੜ੍ਹਦੀ ਕਲਾ ਵਾਲੇ ਜੀਵਨ ਦਾ ਸੁਨੇਹਾ ਲੈ ਕੇ ਆਏ ਸਨ। ਉਨ੍ਹਾਂ ਨੇ ਆਪਣੇ ਮਹਾਨ ਅਗੰਮੀ ਜੀਵਨ, ਸੱਚੀ-ਸੁੱਚੀ ਕਹਿਣੀ ਤੇ ਕਰਨੀ ਤੇ ਅੰਮ੍ਰਿਤ ਬਾਣੀ ਨਾਲ ਪੰਜਾਬ ਦੇ ਲੋਕਾਂ ਵਿਚ ਇਕ ਨਵੇਂ ਜੀਵਨ ਦਾ ਸੰਚਾਰ ਕਰ ਦਿੱਤਾ ਸੀ। ਗੁਰਮਤਿ ਦੇ ਆਦਰਸ਼ਾਂ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਗਤੀ ਤੇ ਸ਼ਕਤੀ ਦੇ ਧਾਰਨੀ, ਸੰਤ-ਸਿਪਾਹੀ ਤਥਾ ਇਕ ਸੁਤੰਤਰ ਤੇ ਸੰਪੂਰਨ ਮਨੁੱਖ ਖਾਲਸਾ ਦੀ ਸਾਜਨਾ ਕੀਤੀ। ਖਾਲਸਾ ਪੰਥ ਦੀ ਸਾਜਨਾ ਨਾਲ ਪੰਜਾਬ ਦੇ ਦਰੜੇ ਹੋਏ ਲੋਕਾਂ ਦੇ ਚਿਹਰੇ 'ਤੇ ਇਕ ਜਲਾਲ ਚਮਕਣ ਲੱਗਾ। ਇਕ-ਇਕ ਸਿੰਘ ਆਪਣੇ ਆਪ ਨੂੰ ਸਵਾ ਲੱਖ ਦੇ ਬਰਾਬਰ ਸਮਝਦਾ ਸੀ। ਮੁਗ਼ਲ ਹਕੂਮਤ ਅਤੇ ਸਥਾਨਕ ਰਜਵਾੜਿਆਂ ਨੇ ਇਸ ਨਵੀਂ ਪੈਦਾ ਹੋਈ ਰੋਸ਼ਨੀ ਨੂੰ ਖ਼ਤਮ ਕਰਨ ਦਾ ਯਤਨ ਕੀਤਾ। ਇਸ ਸੰਘਰਸ਼ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ, ਚਾਰ ਸਾਹਿਬਜ਼ਾਦੇ, ਮਾਤਾ ਗੁਜਰੀ ਜੀ ਅਤੇ ਅਨੇਕਾਂ ਸਿੰਘ-ਸਿੰਘਣੀਆਂ ਅਤੇ ਭੁਚੰਗੀ ਸ਼ਹੀਦ ਹੋ ਗਏ। ਥੋੜ੍ਹੀ ਗਿਣਤੀ ਵਿਚ ਹੋਣ 'ਤੇ ਵੀ ਚਮਕੌਰ ਦੀ ਗੜ੍ਹੀ ਅਤੇ ਮੁਕਤਸਰ ਦੇ ਸਥਾਨ 'ਤੇ ਸਿੰਘਾਂ ਨੇ ਸ਼ਾਹੀ ਫੌਜ ਦਾ ਮੂੰਹ ਮੋੜ ਦਿੱਤਾ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ ਵਿਖੇ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਸਿੰਘ ਸਜਾਇਆ ਅਤੇ ਖਾਲਸੇ ਦਾ ਆਗੂ ਥਾਪ ਕੇ ਜ਼ਾਲਮਾਂ ਦੀ ਸੋਧ ਕਰਨ ਹਿੱਤ ਪੰਜਾਬ ਵੱਲ ਤੋਰ ਦਿੱਤਾ। ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਅਗਵਾਈ ਵਿਚ ਖਾਲਸੇ ਨੇ ਪੰਜਾਬ ਵਿਚ ਇਕ ਅਜਿਹਾ ਸਿੰਘ ਨਾਦ ਪੈਦਾ ਕੀਤਾ ਕਿ ਜ਼ੁਲਮੀ ਮੁਗ਼ਲ ਰਾਜ ਦੇ ਮਹਿਲ ਢਹਿ-ਢੇਰੀ ਹੋਣ ਲੱਗੇ। ਡਰਾਉਣੇ ਅਤੇ ਜ਼ਾਲਮ ਸੂਬੇਦਾਰ ਅਤੇ ਵੱਡੇ-ਵੱਡੇ ਫੌਜਦਾਰ ਖ਼ੁਦ ਡਰ ਨਾਲ ਕੰਬਣ ਲੱਗ ਪਏ। ਖ਼ਾਲਸੇ ਨੇ ਥੋੜ੍ਹੇ ਸਮੇਂ ਵਿਚ ਹੀ ਪੰਜਾਬ ਦੇ ਰਾਜ, ਸਮਾਜ ਅਤੇ ਅਰਥ-ਵਿਵਸਥਾ ਨੂੰ ਪਲਟ ਕੇ ਰੱਖ ਦਿੱਤਾ ਸੀ। ਬਾਬਾ ਬੰਦਾ ਸਿੰਘ ਜੀ ਬਹਾਦਰ ਦਾ ਜਨਮ 16 ਅਕਤੂਬਰ, 1670 ਈ. ਨੂੰ ਪੁਣਛ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਪਿੰਡ ਰਾਜੌਰੀ ਵਿਚ ਹੋਇਆ। ਉਸ ਦੇ ਪਿਤਾ ਦਾ ਨਾਂ ਰਾਮਦੇਵ ਸੀ, ਜੋ ਇਕ ਸਾਧਾਰਨ ਕਿਸਾਨ ਸੀ। ਬਾਬਾ ਬੰਦਾ ਸਿੰਘ ਜੀ ਬਹਾਦਰ ਦਾ ਪਹਿਲਾ ਨਾਮ ਲਛਮਣ ਦੇਵ ਸੀ। ਉਸ ਨੂੰ ਸ਼ਿਕਾਰ ਖੇਡਣ ਦਾ ਸ਼ੌਕ ਸੀ। ਇਕ ਦਿਨ ਉਸ ਨੇ ਇਕ ਹਿਰਨੀ ਦਾ ਸ਼ਿਕਾਰ ਕੀਤਾ। ਹਿਰਨੀ ਦੇ ਪੇਟ ਵਿਚ ਦੋ ਬੱਚੇ ਸਨ। ਲਛਮਣ ਦੇਵ ਨੂੰ ਇਸ ਘਟਨਾ ਨੇ ਝੰਜੋੜ ਕੇ ਰੱਖ ਦਿੱਤਾ। ਉਸ ਨੇ ਅੱਗੋਂ ਕਦੇ ਸ਼ਿਕਾਰ ਨਾ ਖੇਡਣ ਦੀ ਸਹੁੰ ਖਾਧੀ। ਹਿਰਨੀ ਦੀ ਹੱਤਿਆ ਦੇ ਪਸ਼ਚਾਤਾਪ ਕਾਰਨ ਉਸ ਦੇ ਮਨ ਵਿਚ ਉਦਾਸੀਨਤਾ ਦੀ ਭਾਵਨਾ ਜਾਗ ਉਠੀ। ਉਹ ਸਾਧੂਆਂ ਦੇ ਇਕ ਟੋਲੇ ਨਾਲ ਮਿਲ ਕੇ ਭਾਰਤ ਵਿਚ ਤੀਰਥਾਂ 'ਤੇ ਘੁੰਮਣ ਫਿਰਨ ਲੱਗਾ। ਕੁਝ ਚਿਰ ਬਾਅਦ ਨਾਸਿਕ ਵਿਖੇ ਪਹੁੰਚਣ 'ਤੇ ਉਸ ਦਾ ਮੇਲ ਇਕ ਜੋਗੀ ਔਘੜ ਨਾਥ ਨਾਲ ਹੋਇਆ। ਔਘੜ ਨਾਥ ਇਕ ਤਾਂਤਰਿਕ ਸੀ, ਜੋ ਜੰਤਰ-ਮੰਤਰ ਵਿਚ ਨਿਪੁੰਨ ਸੀ। ਲਛਮਣ ਦੇਵ ਉਸ ਦਾ ਚੇਲਾ ਬਣ ਗਿਆ ਅਤੇ ਉਸ ਕੋਲ ਹੀ ਰਹਿਣ ਲੱਗਾ। ਉਸ ਨੇ ਔਘੜ ਨਾਥ ਦੀ ਤਨੋਂ-ਮਨੋਂ ਸੇਵਾ ਕੀਤੀ। ਔਘੜ ਨਾਥ ਨੇ ਆਪਣਾ ਗ੍ਰੰਥ 'ਸਿਧ ਅਨੁਨੀਆਂ' ਵੀ ਲਛਮਣ ਦੇਵ ਦੇ ਹਵਾਲੇ ਕਰ ਦਿੱਤਾ ਸੀ। ਲਛਮਣ ਦੇਵ ਨੇ ਆਪਣਾ ਸੁਤੰਤਰ ਡੇਰਾ ਗੋਦਾਵਰੀ ਦੇ ਕੰਢੇ ਨਾਂਦੇੜ ਦੇ ਸਥਾਨ 'ਤੇ ਬਣਾ ਲਿਆ ਸੀ। ਉਸ ਇਲਾਕੇ ਦੇ ਲੋਕਾਂ ਵਿਚ ਉਸ ਦੀ ਬੜੀ ਪ੍ਰਸਿੱਧੀ ਹੋ ਗਈ ਸੀ। ਲਛਮਣ ਦੇਵ ਦਾ ਨਾਂ ਸਾਧੂਆਂ ਵਿਚ ਮਾਧੋਦਾਸ ਬੈਰਾਗੀ ਵੀ ਪ੍ਰਸਿੱਧ ਸੀ।

ਆਪਣੀ ਦੱਖਣ ਦੀ ਯਾਤਰਾ ਸਮੇਂ ਦਸਮੇਸ਼ ਗੁਰੂ ਜੀ ਸੰਨ 1708 ਈ. ਵਿਚ ਨਾਂਦੇੜ ਪਹੁੰਚੇ। ਗੁਰੂ ਜੀ ਨੂੰ ਮਾਧੋਦਾਸ ਦੀ ਪ੍ਰਸਿੱਧੀ ਦੀ ਜਾਣਕਾਰੀ ਮਿਲ ਚੁੱਕੀ ਸੀ। ਇਕ ਦਿਨ ਉਹ ਸਿੰਘਾਂ ਸਮੇਤ ਮਾਧੋ ਦਾਸ ਦੇ ਡੇਰੇ ਜਾ ਬਿਰਾਜਮਾਨ ਹੋਏ। ਮਾਧੋ ਦਾਸ ਸਤਿਗੁਰਾਂ ਨੂੰ ਆਪਣੇ ਆਸਣ ਉੱਤੇ ਬਿਰਾਜਮਾਨ ਵੇਖ ਕੇ ਅਤਿ ਕ੍ਰੋਧਵਾਨ ਹੋਇਆ ਪਰੰਤੂ ਉਸ ਦੇ ਸਾਰੇ ਜੰਤਰ-ਮੰਤਰ ਫੇਲ੍ਹ ਹੋ ਗਏ। ਮਾਧੋ ਦਾਸ ਗੁਰੂ ਜੀ ਦੀ ਅਗੰਮੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸ ਦੇ ਮਨ ਵਿਚ ਪੂਰਨ ਬ੍ਰਹਮਗਿਆਨ ਦੀ ਅਭਿਲਾਖਾ ਸੀ। ਇਸ ਦੀ ਪੂਰਤੀ ਲਈ ਉਹ ਗੁਰੂ ਜੀ ਦਾ ਬੰਦਾ ਉਨ੍ਹਾਂ ਦਾ ਸੇਵਕ ਬਣ ਗਿਆ। ਗੁਰੂ ਜੀ ਨੇ ਉਸ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਅਤੇ ਉਸ ਦਾ ਨਵਾਂ ਨਾਮ ਗੁਰਬਖ਼ਸ਼ ਸਿੰਘ ਤਥਾ ਬੰਦਾ ਸਿੰਘ ਬਹਾਦਰ ਰੱਖ ਦਿੱਤਾ। ਬੰਦਾ ਸਿੰਘ ਇਕ ਤਪੱਸਵੀ ਸੀ, ਉਸ ਦਾ ਹਿਰਦਾ ਸ਼ੁੱਧ ਸੀ। ਗੁਰੂ ਜੀ ਦਾ ਪ੍ਰਤੱਖ ਰੂਪ ਵਿਚ ਆਸ਼ੀਰਵਾਦ ਅਤੇ ਛੋਹ ਪ੍ਰਾਪਤ ਕਰਕੇ ਉਸ ਨੇ ਥੋੜ੍ਹੇ ਦਿਨਾਂ ਵਿਚ ਹੀ ਗੁਰਮਤਿ ਦਾ ਗਿਆਨ ਤੇ ਖਾਲਸੇ ਦੀ ਰਹਿਤ ਦ੍ਰਿੜ੍ਹ ਕਰ ਲਈ ਸੀ। ਗੁਰੂ ਜੀ ਦੀ ਚਰਨ-ਛੋਹ ਪ੍ਰਾਪਤ ਕਰ ਕੇ ਉਸ ਨੇ ਜੰਤਰ-ਮੰਤਰ ਤਿਆਗ ਕੇ ਧੁਰ ਕੀ ਬਾਣੀ ਨੂੰ ਆਪਣੇ ਹਿਰਦੇ ਵਿਚ ਵਸਾ ਲਿਆ ਸੀ। ਉਹ ਇਸ ਤਰ੍ਹਾਂ ਪੂਰਨ ਗੁਰਸਿੱਖ ਤੇ ਗੁਰੂਘਰ ਦਾ ਪੱਕਾ ਸੇਵਕ ਬਣ ਚੁੱਕਾ ਸੀ। ਗੁਰੂ ਜੀ ਨੇ ਉਸ ਦਾ ਨਿਸ਼ਚਾ, ਦ੍ਰਿੜ੍ਹਤਾ ਅਤੇ ਯੋਗਤਾ ਵੇਖ ਕੇ ਹੀ ਉਸ ਨੂੰ ਖਾਲਸੇ ਦਾ ਆਗੂ ਥਾਪਿਆ। ਬਾਬਾ ਬੰਦਾ ਸਿੰਘ ਬਹਾਦਰ ਆਪਣੇ ਸਮੇਂ ਦਾ ਇਕ ਉੱਤਮ ਦਰਜੇ ਦਾ ਸਿੱਖ ਯੋਧਾ ਤੇ ਪਹਿਲਾ ਸਿੱਖ ਹੁਕਮਰਾਨ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਆਦੇਸ਼ ਅਨੁਸਾਰ ਸਿੰਘਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਪੰਜਾਬ ਵਿਚ ਜੋ ਇਨਕਲਾਬ ਲਿਆਂਦਾ, ਉਹ ਇਕ ਹੈਰਾਨੀਕੁੰਨ ਇਤਿਹਾਸਕ ਹਕੀਕਤ ਹੈ। ਬਾਬਾ ਬੰਦਾ ਸਿੰਘ ਬਹਾਦਰ ਜਦ 1708 ਈ: ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਥਾਪੜਾ ਲੈਣ ਉਪਰੰਤ ਪੰਜਾਬ ਨੂੰ ਤੁਰਿਆ ਤਾਂ ਉਨ੍ਹਾਂ ਦੇ ਸਾਹਮਣੇ ਮੁੱਖ ਉਦੇਸ਼ ਜ਼ੁਲਮ ਅਤੇ ਜ਼ਾਲਮਾਂ ਦੀ ਸਮਾਪਤੀ ਤੇ ਪੰਜਾਬ ਦੀ ਉਸ ਸੁਤੰਤਰਤਾ ਨੂੰ ਬਹਾਲ ਕਰਨਾ ਸੀ, ਜੋ ਸੱਤ ਸੌ ਸਾਲ ਪਹਿਲਾਂ ਗਜ਼ਨੀ ਦੇ ਤੁਰਕਾਂ ਨੇ ਮਹਿਮੂਦ ਗਜ਼ਨਵੀ ਦੇ ਅਧੀਨ ਪੰਜਾਬ ਦੇ ਲੋਕਾਂ ਤੋਂ ਖੋਹੀ ਅਤੇ ਆਪਣੇ ਘੋੜਿਆਂ ਦੇ ਸੁੰਮਾਂ ਹੇਠ ਦਰੜੀ ਸੀ। ਕੁਰਬਾਨੀ ਉਹ ਮਹਾਨ ਹੁੰਦੀ ਹੈ ਜਿਸ ਦੇ ਪਿੱਛੇ ਉਦੇਸ਼ ਮਹਾਨ ਹੋਵੇ, ਸੰਘਰਸ਼ ਉਹ ਮਹਾਨ ਹੁੰਦਾ ਹੈ ਜੋ ਕਿਸੇ ਉਦੇਸ਼ ਦੀ ਪੂਰਤੀ ਲਈ ਹੋਵੇ। ਨਿਆਂਸ਼ੀਲ ਹੋਣਾ ਗੁਰੂ ਦੇ ਸਿੱਖ ਦਾ ਮੂਲ ਆਸ਼ਾ ਹੈ, ਇਸ ਲਈ ਜਿੱਥੇ ਕਿਤੇ ਵੀ ਉਹ ਜਬਰ, ਜ਼ੁਲਮ, ਅੱਤਿਆਚਾਰ ਜਾਂ ਧੱਕੇਸ਼ਾਹੀ ਹੁੰਦੀ ਦੇਖਦਾ ਹੈ, ਉਸ ਦਾ ਵਿਰੋਧ ਕਰਨਾ ਉਹ ਆਪਣਾ ਪਰਮ ਕਰਤੱਵ ਸਮਝਦਾ ਹੈ। ਨਤੀਜੇ ਵਜੋਂ ਸ਼ਹੀਦੀ ਵੀ ਦੇਣੀ ਪੈ ਸਕਦੀ ਹੈ। ਸਿੱਖ ਇਤਿਹਾਸ ਅਜਿਹੀਆਂ ਸ਼ਹੀਦੀਆਂ ਨਾਲ ਭਰਿਆ ਪਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਦਾ ਪਾਲਣ ਕਰਨ ਲਈ ਜਦ ਬਾਬਾ ਜੀ ਪੰਜਾਬ ਆਏ ਤਾਂ ਉਨ੍ਹਾਂ ਕੋਲ ਗੁਰੂ ਜੀ ਵੱਲੋਂ ਮਿਲੇ ਪੰਜ ਤੀਰ, ਖੰਡਾ ਤੇ ਨਗਾਰਾ ਸੀ। 'ਪੰਥ ਪ੍ਰਕਾਸ਼' ਅਨੁਸਾਰ :-

ਬੰਦੇ ਗੁਰ ਖੰਡਾ ਦਯੋ, ਲਯੋ ਉਨੇਂ ਗਲ ਪਾਇ। ਖਾਲਸੋ ਦੇਖ ਸੁ ਵਿਟਰਿਓ ਤਿਨ ਖੰਡੋ ਲਯੋ ਛਿਨਾਇ॥11॥

ਸਲਾਹ-ਮਸ਼ਵਰਾ ਕਰਨ ਲਈ ਗੁਰੂ ਸਾਹਿਬ ਨੇ ਪੰਜ ਪਿਆਰੇ ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਦਇਆ ਸਿੰਘ ਤੇ ਭਾਈ ਰਣ ਸਿੰਘ ਨਾਲ ਤੋਰੇ। ਇਨ੍ਹਾਂ ਤੋਂ ਇਲਾਵਾ 20 ਸਿੰਘ ਹੋਰ ਸੰਭਾਵੀ ਸੰਘਰਸ਼ ਵਿਚ ਬਾਬਾ ਬੰਦਾ ਸਿੰਘ ਜੀ ਦਾ ਸਾਥ ਦੇਣ ਲਈ ਨਾਲ ਤੋਰੇ। ਇਨ੍ਹਾਂ 25 ਸਿੰਘਾਂ ਦੇ ਕਾਫਲੇ ਨੇ ਪੰਜਾਬ ਵੱਲ ਕੂਚ ਕੀਤਾ। ਦਿੱਲੀ ਪਾਰ ਕਰਦਿਆਂ ਹੀ ਸਿੱਖ ਸੰਗਤਾਂ ਨੂੰ ਹੁਕਮਨਾਮੇ ਭੇਜੇ ਗਏ। ਹੁਕਮ ਦਾ ਪਾਲਣ ਕਰਦਿਆਂ ਸਿੱਖ ਸੰਗਤਾਂ ਬਾਬਾ ਬੰਦਾ ਸਿੰਘ ਬਹਾਦਰ ਦੇ ਸੁਆਗਤ ਲਈ ਅੱਗੇ ਆ ਗਈਆਂ। ਗੁਰੂ ਸਾਹਿਬ ਦੇ ਪਰਿਵਾਰ ਦੀਆਂ ਸ਼ਹੀਦੀਆਂ ਦੇ ਜ਼ਖ਼ਮ, ਸਿੱਖ ਸੰਗਤਾਂ ਵਿਚ ਅਜੇ ਤਾਜ਼ਾ ਸਨ। ਉਹ ਕੁਝ ਸਮੇਂ ਦੇ ਅੰਦਰ ਹੀ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਕੇਸਰੀ-ਖਾਲਸਾਈ ਝੰਡੇ ਥੱਲੇ ਇਕੱਠੇ ਹੋ ਗਏ, ਉਨ੍ਹਾਂ ਨੇ ਰਣ-ਭੂਮੀ ਵਿਚ ਆਪਣਾ ਨਾਹਰਾ 'ਰਾਜ ਕਰੇਗਾ ਖਾਲਸਾ' ਨਿਸ਼ਚਿਤ ਕਰ ਦਿੱਤਾ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਨੂੰ ਤੁਰੇ ਤਾਂ ਉਨ੍ਹਾਂ ਕੋਲ 25 ਸਿੰਘਾਂ ਤੋਂ ਇਲਾਵਾ ਕੋਈ ਫੌਜ ਨਹੀਂ ਸੀ। ਕੋਈ ਜੰਗੀ ਸਾਜ਼ੋ-ਸਾਮਾਨ, ਗੋਲੀ, ਬਾਰੂਦ ਆਦਿ ਨਹੀਂ ਸੀ। ਕੋਈ ਸਿਖਿਅਤ ਫੌਜ ਨਹੀਂ ਸੀ। ਮੁਸਲਮਾਨ ਲਿਖਾਰੀ ਖਾਫ਼ੀ ਖਾਨ ਤੇ ਮੁਹੰਮਦ ਕਾਸਮ ਅਨੁਸਾਰ ਛੇਤੀ ਹੀ 4000 ਘੋੜ-ਸਵਾਰ ਤੇ 7800 ਸਿਪਾਹੀ ਪੈਦਲ ਉਸ ਨਾਲ ਆ ਰਲੇ। ਮਸ਼ਹੂਰ ਇਤਿਹਾਸਕਾਰ ਸ੍ਰੀ ਗੋਕਲ ਚੰਦ ਨਾਰੰਗ ਅਨੁਸਾਰ ਪੈਦਲ ਸੈਨਿਕਾਂ ਦੀ ਗਿਣਤੀ 8900 ਹੋ ਗਈ ਤੇ ਵਧਦੀ ਹੋਈ ਅੰਤ 40,000 ਤਕ ਪਹੁੰਚ ਗਈ। ਮਹਾਨ ਜਰਨੈਲਾਂ ਸਿਕੰਦਰ ਮਹਾਨ, ਨੈਪੋਲੀਅਨ ਬੋਨਾਪਾਰਟ, ਹਿਟਲਰ ਜਾਂ ਚਰਚਿਲ ਦੀ ਮਹਾਨਤਾ ਦੁਨੀਆ ਵਿਚ ਮੰਨੀ ਜਾਂਦੀ ਹੈ ਪਰੰਤੂ ਇਨ੍ਹਾਂ ਯਤਨਾਂ ਦੇ ਪਿੱਛੇ ਉਨ੍ਹਾਂ ਦੇ ਮੁਲਕਾਂ ਦੀ ਮੁਕੰਮਲ ਜਨ-ਸ਼ਕਤੀ ਤੇ ਰਾਜ-ਸ਼ਕਤੀ ਸੀ। ਵੱਡੀ ਜੰਗਜੂ ਅਤੇ ਯੁੱਧ ਵਿੱਦਿਆ ਵਿਚ ਪੂਰੀ ਤਰ੍ਹਾਂ ਨਿਪੁੰਨ ਫੌਜ ਸੀ ਅਤੇ ਉਹ ਉਨ੍ਹਾਂ ਮੁਲਕਾਂ ਦੇ ਬਾਦਸ਼ਾਹ ਜਾਂ ਮੰਨੇ ਹੋਏ ਰਾਜਨੀਤਿਕ ਨੇਤਾ ਵੀ ਸਨ ਪਰੰਤੂ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਮਹਾਨਤਾ ਇਹ ਹੈ ਕਿ ਸਤਿਗੁਰੂ ਦੀ ਕਿਰਪਾ ਦੁਆਰਾ ਉਨ੍ਹਾਂ ਨੇ ਸਭ ਕੁਝ ਨਾਲੋ-ਨਾਲ ਕੀਤਾ। ਫੌਜ ਸੰਗਠਨ, ਸੰਘਰਸ਼ ਅਤੇ ਜਿੱਤਾਂ ਨਾਲੋ-ਨਾਲ ਚਲਦੀਆਂ ਰਹੀਆਂ। ਬਾਬਾ ਬੰਦਾ ਸਿੰਘ ਦੀ ਫੌਜ ਦੀ ਬਣਤਰ ਤੋਂ ਇਸ ਗੱਲ ਦੀ ਪ੍ਰੋੜ੍ਹਤਾ ਹੁੰਦੀ ਹੈ ਕਿ ਬਾਬਾ ਜੀ ਦਾ ਮੰਤਵ ਪੰਜਾਬ ਦੇ ਹਰ ਵਰਗ ਦੇ ਲੋਕਾਂ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੂੰ ਇਕ ਪਲੇਟਫਾਰਮ 'ਤੇ ਇਕੱਠੇ ਕਰਨਾ ਸੀ। ਸਮਕਾਲੀ ਭਰੋਸੇਯੋਗ ਗਵਾਹੀਆਂ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੀ ਫੌਜ ਵਿਚ ਕੇਵਲ ਸਿੱਖ ਹੀ ਨਹੀਂ ਸਨ, ਘੱਟੋ-ਘੱਟ ਪੰਜ ਹਜ਼ਾਰ ਮੁਸਲਮਾਨ ਵੀ ਮੁਗ਼ਲਾਂ ਵਿਰੁੱਧ ਲੜਨ ਲਈ ਉਨ੍ਹਾਂ ਦਾ ਸਾਥ ਦੇ ਰਹੇ ਸਨ। ਈਰਾਨ, ਤੁਰਾਕ, ਕਾਬਲ, ਕੰਧਾਰ ਤੇ ਮੁਲਤਾਨ ਦੇ ਹਿੰਦੂ ਵੀ ਹਜ਼ਾਰਾਂ ਦੀ ਗਿਣਤੀ ਵਿਚ ਨਾਲ ਆ ਰਲੇ। ਉਦਾਸੀ ਸੰਪਰਦਾ ਦੇ ਲੋਕ ਵੀ ਪ੍ਰਵੇਸ਼ ਕਰ ਚੁੱਕੇ ਸਨ। ਪੰਜਾਬ ਵਿਚ ਆ ਕੇ ਇਹ ਅੰਮ੍ਰਿਤ ਛਕ ਕੇ ਬਾਬਾ ਬੰਦਾ ਸਿੰਘ ਦੀ ਫੌਜ ਵਿਚ ਸ਼ਾਮਲ ਹੋ ਗਏ। ਇਨ੍ਹਾਂ ਤੋਂ ਇਲਾਵਾ ਬਾਬਾ ਜੀ ਨੇ ਪਛੜੀਆਂ ਸ਼੍ਰੇਣੀਆਂ ਤੇ ਦਲਿਤ ਜਾਤੀਆਂ ਨੂੰ ਵੀ ਨਾਲ ਰੱਖਿਆ। ਉਨ੍ਹਾਂ ਨੇ ਪ੍ਰਤੀਤ ਕਰ ਲਿਆ ਸੀ ਕਿ ਅੰਮ੍ਰਿਤ ਛਕਣ ਦੇ ਬਾਅਦ ਜਾਤ-ਪਾਤ ਦਾ ਭੇਦ-ਭਾਵ ਮਿਟ ਜਾਂਦਾ ਹੈ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਇਨ੍ਹਾਂ ਦੁਰਬਲ ਤੇ ਨਿਤਾਣੇ ਹੋਏ ਲੋਕਾਂ ਅੰਦਰ ਸਾਹਸ ਪੈਦਾ ਕਰ ਕੇ ਆਪਣੇ ਨਾਲ ਰਲਾਉਣ ਨਾਲ ਅੰਦੋਲਨ ਦੁਰਬਲ ਹੋਣ ਦੀ ਥਾਂ ਹੋਰ ਮਜ਼ਬੂਤ ਹੁੰਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਦੇ ਸਮਕਾਲੀ ਮੁਸਲਮਾਨ ਲੇਖਕ ਮੁਹੰਮਦ ਕਾਸਮ ਲਾਹੌਰੀ ਦੀ ਲਿਖਤ 'ਇਬਰਤਨਾਮਾ' (ਰਚਿਤ 1722 ਈ:) ਅਨੁਸਾਰ ਸਿੱਖਾਂ ਤੇ ਮੁਗ਼ਲਾਂ ਵਿਚਕਾਰ ਘੋਲ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਉਪਰੰਤ ਸ਼ੁਰੂ ਹੋਇਆ ਤੇ ਇਸ ਨੂੰ ਸ਼ੁਰੂ ਕਰਨ ਵਾਲਾ ਬਾਬਾ ਬੰਦਾ ਸਿੰਘ ਬਹਾਦਰ ਸੀ। ਇਸ ਪ੍ਰਕਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਦੀ ਸਿਆਸਤ ਵਿਚ ਪਹਿਲੀ ਵਾਰ ਸਰਗਰਮ ਧਮਾਕਾ ਕਰ ਛੱਡਿਆ। ਇਸ ਧਮਾਕੇ ਨੂੰ 'ਅਜਬ ਬਲਾ' ਕਹਿਣ ਵਾਲੇ ਸਰਕਾਰੀ ਮੁਸਲਮਾਨ ਲੇਖਕ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਪੰਜਾਬ ਦੀ ਸਿਆਸਤ ਵਿਚ ਬਾਬਾ ਬੰਦਾ ਸਿੰਘ ਨੇ ਅਜਿਹੀ ਹਲਚਲ ਮਚਾਈ ਕਿ ਮੁਗ਼ਲਾਂ ਨੂੰ ਵਿਸ਼ਵਾਸ ਨਹੀਂ ਆ ਸਕਦਾ ਸੀ ਕਿ ਇਸ ਤਰ੍ਹਾਂ ਵੀ ਹੋ ਸਕਦਾ ਹੈ। ਸੱਚਮੁਚ ਹੀ ਇਹ ਇਕ ਅਣਹੋਣੀ ਸੀ। ਖਰਚਾ ਚਲਾਉਣ ਅਤੇ ਧਨ ਦੀ ਪੂਰਤੀ ਲਈ ਉਸ ਨੇ ਉੱਘੇ ਵਪਾਰੀਆਂ ਨੂੰ ਵੰਗਾਰਿਆ। ਸਭ ਨੇ ਖੁੱਲ੍ਹ ਕੇ ਮਦਦ ਕੀਤੀ। ਆਰਥਿਕ ਲੋੜਾਂ ਦੀ ਪੂਰਤੀ ਹੁੰਦਿਆਂ ਹੀ ਉਨ੍ਹਾਂ ਨੇ ਪੰਜਾਬ 'ਤੇ ਹਮਲਾ ਕਰ ਦਿੱਤਾ ਤੇ ਜਿੱਤਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਨਵੰਬਰ 11, 1709 ਈ: ਨੂੰ ਸਮਾਣਾ 'ਤੇ ਜਿੱਤ ਪ੍ਰਾਪਤ ਕੀਤੀ। ਇਸ ਤੋਂ ਬਾਅਦ ਸੋਨੀਪਤ, ਕੈਂਥਲ, ਸਮਾਣਾ, ਘੁੜਾਮ, ਠਸਕਾ, ਸ਼ਾਹਬਾਦ, ਕਪੂਰੀ ਤੇ ਸਢੌਰਾ 'ਤੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਉਹਨੀਂ ਦਿਨੀਂ ਇਹ ਸ਼ਹਿਰ ਮੁਗ਼ਲ ਰਾਜ ਦੇ ਗੜ੍ਹ ਮੰਨੇ ਜਾਂਦੇ ਸਨ। ਬਾਬਾ ਬੰਦਾ ਸਿੰਘ ਬਹਾਦਰ ਦੇ ਆਉਣ ਬਾਰੇ ਸੁਣ ਕੇ ਮਾਝੇ ਤੇ ਦੁਆਬੇ ਦੇ ਸਿੱਖਾਂ ਨੇ ਹਕੂਮਤ ਵਿਰੁੱਧ ਬਗ਼ਾਵਤ ਕਰ ਦਿੱਤੀ, ਕਿਉਂਕਿ ਸਿੱਖਾਂ ਦੇ ਹੌਸਲੇ ਬਹੁਤ ਬੁਲੰਦ ਹੋ ਚੁੱਕੇ ਸਨ। ਉਹ ਰੋਪੜ ਨੂੰ ਜਿੱਤ ਕੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਆ ਮਿਲੇ। ਹੁਣ ਸਿੱਖ ਆਪਣੇ ਮੁੱਖ ਨਿਸ਼ਾਨੇ ਸਰਹਿੰਦ 'ਤੇ ਜ਼ੋਰਦਾਰ ਹੱਲਾ ਬੋਲਣ ਲਈ ਕਚੀਚੀਆਂ ਲੈਣ ਲੱਗੇ।

ਆਖਰ ਉਹ ਘੜੀ ਆ ਗਈ ਜਿਸ ਦਾ ਉਹ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ। ਸੂਬੇਦਾਰ ਵਜ਼ੀਰ ਖਾਂ ਨੂੰ ਸਬਕ ਸਿਖਾਉਣ ਲਈ ਸਿੱਖਾਂ ਨੇ ਚੱਪੜਚਿੜੀ ਦਾ ਮੈਦਾਨ ਆ ਮੱਲਿਆ (ਚੱਪੜਚਿੜੀ, ਸਰਹਿੰਦ ਤੋਂ 12 ਕੋਹ ਦੀ ਵਿੱਥ 'ਤੇ ਖਰੜ-ਲਾਂਡਰਾ ਸੜਕ 'ਤੇ ਸਥਿਤ ਹੈ) ਸੂਬੇਦਾਰ ਵਜ਼ੀਰ ਖਾਂ ਦੀਆਂ ਫੌਜਾਂ ਸਿੱਖਾਂ ਦੇ ਤੂਫਾਨ ਨੂੰ ਰੋਕਣ ਲਈ ਅੱਗੇ ਵਧੀਆਂ। ਸਿੰਘਾਂ ਨੇ ਸਰਹਿੰਦ 'ਤੇ ਹਮਲੇ ਲਈ ਪਹਿਲਾਂ ਹੀ ਜ਼ੋਰਦਾਰ ਤਿਆਰੀਆਂ ਕੀਤੀਆਂ ਹੋਈਆਂ ਸਨ। 12 ਮਈ, 1710 ਈ: ਨੂੰ ਚੱਪੜਚਿੜੀ ਦੇ ਮੈਦਾਨ ਵਿਚ ਜ਼ੋਰਦਾਰ ਖੂਨ-ਡੋਲ੍ਹਵਾਂ ਮੁਕਾਬਲਾ ਹੋਇਆ। ਇਸ ਭਿਆਨਕ ਲੜਾਈ ਵਿਚ ਵਜ਼ੀਰ ਖਾਂ ਮਾਰਿਆ ਗਿਆ। ਵਜ਼ੀਰ ਖਾਂ ਦੇ ਮਰਨ ਨਾਲ ਬਾਕੀ ਮੁਸਲਮਾਨ ਫੌਜਾਂ ਮੈਦਾਨ ਛੱਡ ਕੇ ਦੌੜ ਗਈਆਂ ਅਤੇ ਸਰਹੰਦ ਫਤਹਿ ਹੋ ਗਈ।

ਅਗਲੇ ਦਿਨ ਸਿੱਖ ਫੌਜਾਂ 13 ਮਈ, 1710 ਈ. ਨੂੰ ਸਰਹਿੰਦ ਵਿਚ ਦਾਖਲ ਹੋਈਆਂ। ਦੇਖਦੇ-ਦੇਖਦੇ ਬਾਬਾ ਬੰਦਾ ਸਿੰਘ ਬਹਾਦਰ ਨੇ ਸਿਤਮਾਂ ਦੀ ਨਗਰੀ ਸਰਹਿੰਦ ਨੂੰ ਇੱਟਾਂ ਦੇ ਢੇਰ ਵਿਚ ਬਦਲ ਦਿੱਤਾ। ਵੱਸਦਾ-ਰਸਦਾ ਸਰਹਿੰਦ ਸ਼ਹਿਰ ਖੰਡਰ ਵਿਚ ਤਬਦੀਲ ਹੋ ਗਿਆ। ਸ਼ਾਹੀ ਅਮੀਰਾਂ ਤੋਂ ਧਨ ਵਸੂਲਿਆ ਗਿਆ ਤੇ ਦੋਸ਼ੀਆਂ ਨੂੰ ਚੁਣ-ਚੁਣ ਕੇ ਸਜ਼ਾਵਾਂ ਦਿੱਤੀਆਂ ਗਈਆਂ। ਵਜ਼ੀਰ ਖਾਂ ਦੇ ਮਹੱਲਾਂ ਵਿੱਚੋਂ ਬਹੁਤ ਸਾਰਾ ਧਨ ਬਾਬਾ ਬੰਦਾ ਸਿੰਘ ਬਹਾਦਰ ਦੇ ਹੱਥ ਲੱਗਾ। ਅਗਲੇ ਦਿਨ 14 ਮਈ 1710 ਨੂੰ ਬਾਬਾ ਬਾਜ ਸਿੰਘ ਨੂੰ ਸਰਹਿੰਦ ਦਾ ਗਵਰਨਰ ਅਤੇ ਬਾਬਾ ਆਲੀ ਸਿੰਘ ਸਲੋਦੀ ਨੂੰ ਡਿਪਟੀ ਗਵਰਨਰ ਥਾਪਿਆ ਗਿਆ। ਸਮਾਣੇ ਦਾ ਗਵਰਨਰ ਸ. ਫਤਹਿ ਸਿੰਘ ਨੂੰ ਨਿਯੁਕਤ ਕੀਤਾ ਗਿਆ।

ਸਰਹਿੰਦ 'ਤੇ ਮੁਕੰਮਲ ਕਬਜ਼ਾ ਕਰਨ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਮਾਲੇਰਕੋਟਲੇ ਵੱਲ ਵਧਿਆ। ਨਵਾਬ ਦੇ ਬਾਬਾ ਜੀ ਦਾ ਮੁਕਾਬਲਾ ਨਾ ਕਰਨ ਕਾਰਨ ਇਸ ਸ਼ਹਿਰ ਨੂੰ ਕੋਈ ਨੁਕਸਾਨ ਨਾ ਪਹੁੰਚਾਇਆ ਗਿਆ। ਬਾਬਾ ਜੀ ਨੇ ਅਨੂਪ ਕੌਰ ਦੀ ਲਾਸ਼ ਬਰਾਮਦ ਕਰਕੇ ਸਿੱਖ ਮਰਯਾਦਾ ਅਨੁਸਾਰ ਆਪਣੇ ਹੱਥੀਂ ਸੰਸਕਾਰ ਕੀਤਾ। ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੀ ਬਜਾਏ ਮੁਖਲਿਸਗੜ੍ਹ ਨੂੰ ਆਪਣੀ ਰਾਜਧਾਨੀ ਬਣਾਇਆ ਤੇ ਆਪਣੀਆਂ ਅਗਲੀਆਂ ਮੁਹਿੰਮਾਂ ਦਾ ਅਧਾਰ ਕੇਂਦਰ ਬਣਾਇਆ। ਮੁਖਲਿਸਗੜ੍ਹ ਦਾ ਕਿਲ੍ਹਾ ਸ਼ਾਹ ਜਹਾਨ ਦੀ ਆਗਿਆ ਅਨੁਸਾਰ ਮੁਖਲਿਸ ਖਾਨ ਨੇ ਬਣਵਾਇਆ ਸੀ। ਜਿਸ ਸਮੇਂ ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਕਿਲ੍ਹੇ ਉੱਤੇ ਕਬਜ਼ਾ ਕੀਤਾ ਤਾਂ ਇਹ ਬੜੀ ਟੁੱਟੀ-ਭੱਜੀ ਹਾਲਤ ਵਿਚ ਸੀ, ਛੇਤੀ ਹੀ ਇਸ ਦੀ ਮੁਰੰਮਤ ਕੀਤੀ ਤੇ ਇਸ ਦਾ ਨਾਂ 'ਲੋਹਗੜ੍ਹ' ਰੱਖਿਆ ਗਿਆ। ਸਰਹਿੰਦ ਦਾ ਖ਼ਜ਼ਾਨਾ, ਸਾਰੀਆਂ ਮੁਹਿੰਮਾਂ ਵਿਚ ਪ੍ਰਾਪਤ ਹੋਇਆ ਮਾਲ-ਅਸਬਾਬ ਤੇ ਜੰਗੀ ਸਾਮਾਨ ਅਤੇ ਕਬਜ਼ੇ ਹੇਠ ਆਏ ਇਲਾਕਿਆਂ ਤੋਂ ਉਗਰਾਹਿਆ ਹੋਇਆ ਮਾਮਲਾ ਸਭ ਇਥੇ ਇਕੱਠੇ ਕੀਤੇ ਗਏ। ਅਸਲੀ ਅਰਥਾਂ ਵਿਚ ਲੋਹਗੜ੍ਹ ਸਿੰਘਾਂ ਦੇ ਨਵੇਂ ਬਣ ਰਹੇ ਰਾਜ ਦੀ ਰਾਜਧਾਨੀ ਬਣ ਗਿਆ। ਫੌਜੀ ਨਜ਼ਰੀਏ ਤੋਂ ਇਸ ਜਗ੍ਹਾ ਦੀ ਚੋਣ ਕਾਫ਼ੀ ਬੁੱਧੀਮਾਨੀ ਵਾਲੀ ਸੀ, ਕਿਉਂਕਿ ਸੁਰੱਖਿਆ ਪੱਖੋਂ ਇਹ ਮੁੱਖ ਮਾਰਗ ਤੋਂ ਹਟ ਕੇ ਨੀਮ ਪਹਾੜੀ ਇਲਾਕੇ ਨਾਲ ਲੱਗਣ ਕਰਕੇ ਕਾਫ਼ੀ ਸੁਰੱਖਿਅਤ ਸੀ। ਬਾਬਾ ਬੰਦਾ ਸਿੰਘ ਬਹਾਦਰ ਹੁਣ ਇਕ ਬੇਤਾਜ ਬਾਦਸ਼ਾਹ ਬਣ ਗਿਆ ਸੀ। ਉਸ ਦੇ ਕੋਲ ਸ਼ਰਧਾਲੂ ਸਿੰਘਾਂ ਦੀ ਫੌਜ ਵੀ ਹੋ ਗਈ ਸੀ। ਰਾਜ-ਕਾਜ ਲਈ ਰਾਜਧਾਨੀ ਵੀ ਤੇ ਰਹਿਣ ਲਈ ਮਹਿਲ ਵੀ।

(ਚਲਦਾ, ਬਾਕੀ ਅਗਲੇ ਅੰਕ 'ਚ)

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਗੁਰੂ ਨਾਨਕ ਦੇਵ ਜੀ ਦਾ ਫਲਸਫਾ

**ਪ੍ਰਿੰਸੀਪਲ ਸਵਰਨ ਸਿੰਘ**




ਗੁਰੂ ਨਾਨਕ ਸਾਹਿਬ ਇੱਕ ਰੱਬ ਨੂੰ ਮੰਨਦੇ ਸਨ ਅਤੇ ਹਿੰਦੂ ਦੇਵੀ ਦੇਵਤਿਆਂ ਦੀ ਉੱਚੀ ਪਦਵੀ ਨੂੰ ਵੰਗਾਰਦੇ ਸਨ। ਗੁਰੂ ਜੀ ਇਨ੍ਹਾਂ ਦੇਵੀ ਦੇਵਤਿਆ ਨੂੰ ਰੱਬ ਨਾਲੋਂ ਵੱਡਾ ਨਹੀਂ ਸਮਝਦੇ ਸਨ। ਉਨ੍ਹਾਂ ਅਨੁਸਾਰ ਰੱਬ, ਸਰਬ-ਵਿਆਪਕ, ਅਕਾਲ ਤੇ ਸਰਬ-ਸ਼ਕਤੀਮਾਨ ਹੈ। ਆਪ ਨੇ ਰੱਬ ਦੇ ਲਛਣ ਮੂਲ ਮੰਤ੍ਰ ਵਿੱਚ ਦਰਸਾਏ ਹਨ। ਗੁਰੂ ਨਾਨਕ ਜੀ ਦਾ ਰੱਬ ਨਿਰਗੁਣ ਵੀ ਹੈ ਤੇ ਸਰਗੁਣ ਵੀ। ਉਸ ਨੂੰ ਉਸ ਦੀ ਰਚੀ ਖਲਕਤ ਵਿੱਚ ਵੇਖਿਆ ਜਾ ਸਕਦਾ ਹੈ ਅਤੇ ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ। ਗੁਰੂ ਨਾਨਕ ਜੀ ਨੇ ਮੂਰਤੀ ਪੂਜਾ ਵਿਰੁਧ ਆਵਾਜ਼ ਉਠਾਈ। ਆਪ ਲਿਖਦੇ ਹਨ :

ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ।।
ਸਭਿ ਮਹਿ ਜੋਤਿ ਜੋਤਿ ਹੈ ਸੋਇ।।
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ।।
ਬਲਿਹਾਰੀ ਕੁਦਰਤਿ ਵਸਿਆ।।
ਤੇਰਾ ਅੰਤੁ ਨ ਜਾਈ ਲਖਿਆ।।
ਪਾਥਰੁ ਲੇ ਪੂਜਹਿ ਮੁਗਧ ਗਵਾਰ

ਗੁਰੂ ਨਾਨਕ ਜੀ ਹਿੰਦੂਆਂ ਦੇ ਕੱਟੜਪੁਣੇ ਤੇ ਮੁਸਲਮਾਨਾਂ ਦੀ ਹਠਧਰਮੀ ਦੋਹਾਂ ਦੇ ਵਿਰੁਧ ਸਨ। ਆਪ ਜੀ ਦੋਹਾਂ ਧਰਮਾਂ ਦੇ ਲੋਕਾਂ ਨਾਲ ਪਿਆਰ ਨਾਲ ਰਹਿੰਦੇ ਸਨ ਅਤੇ ਸਭ ਨੂੰ ਸ਼ਾਂਤਮਈ ਤੇ ਉਚਿਤ ਢੰਗ ਨਾਲ ਸਮਝਾਉਂਦੇ ਸਨ। ਗਿਆਨ ਦੇ ਪ੍ਰਕਾਸ਼ ਤੋਂ ਬਾਅਦ ਗੁਰੂ ਜੀ ਵਲੋਂ ਲਾਇਆ ਨਾਅਰਾ—ਨਾ ਕੋ ਹਿੰਦੂ ਨਾ ਮੁਸਲਮਾਨ—ਭਾਵੇਂ ਇਨਕਲਾਬੀ ਹੈ, ਪਰ ਕਿਸੇ ਕਟੜ ਹਿੰਦੂ ਜਾਂ ਕਿਸੇ ਹਠਧਰਮੀ ਮੁਸਲਮਾਨ ਨੇ ਇਸ ਦਾ ਵਿਰੋਧ ਨਹੀਂ ਕੀਤਾ ਸੀ ਕਿਉਂ ਕਿ ਇਹ ਆਵਾਜ਼ ਦੋਸ਼-ਰਹਿਤ ਸੀ। ਆਪ ਧਾਰਮਕ ਪਾਬੰਦੀਆਂ ਤੋਂ ਮੁਕਤ ਰੂਹਾਨੀਅਤ ਦੇ ਪ੍ਰਚਾਰਕ ਸਨ। ਗੁਰੂ ਜੀ ਦਾ ਰੱਬ ਹਿੰਦੂ ਤੇ ਮੁਸਲਮਾਨਾਂ ਦੋਹਾਂ ਦਾ ਸਿਰਜਣਹਾਰ ਹੈ। ਰਾਮ, ਰਹੀਮ, ਕਰਤਾਰ ਤੇ ਕਰੀਮ ਸਾਰੇ ਉਸ ਦੇ ਹੀ ਵੱਖ-ਵੱਖ ਨਾਂ ਹਨ। ਗੁਰੂ ਜੀ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਦੇ ਧਾਰਮਕ ਗ੍ਰੰਥਾਂ ਦਾ ਸਤਿਕਾਰ ਕਰਦੇ ਸਨ ਅਤੇ ਹਿੰਦੂ ਤੇ ਮੁਸਲਮਾਨ ਦੋਵੇਂ ਆਪ ਦੀ ਬੜੀ ਇੱਜ਼ਤ ਕਰਦੇ ਸਨ। ਕਿਹਾ ਜਾਂਦਾ ਸੀ-ਨਾਨਕ ਸ਼ਾਹ ਫਕੀਰ, ਹਿੰਦੂ ਦਾ ਗੁਰੂ ਮੁਸਲਮਾਨ ਦਾ ਪੀਰ। ਮੁਸਲਮਾਨ ਮਿਰਾਸੀ ਮਰਦਾਨਾ, ਆਪ ਜੀ ਦਾ ਜੀਵਨ ਭਰ ਦਾ ਸਾਥੀ ਸੀ। ਆਪ ਜੀ ਦੀ ਲਹਿਰ ਨੇ ਹਿੰਦੂਆਂ ਤੇ ਮੁਸਲਮਾਨਾਂ ਨੂੰ ਜੋੜਨ ਵਾਲੇ ਪੁਲ ਦਾ ਕੰਮ ਕੀਤਾ ਹੈ ਕਿਉਂਕਿ ਆਪ ਜੀ ਇੱਕ ਨਿਰਪੱਖ ਪ੍ਰਚਾਰਕ ਸਨ।

**ਗੁਰੂ ਨਾਨਕ ਸਾਹਿਬ ਤੇ ਜਾਤ ਪਾਤ ਪ੍ਰਣਾਲੀ-**

ਗੁਰੂ ਜੀ ਨੇ ਮਨੁੱਖ ਜਾਤੀ ਵਿੱਚ ਬਰਾਬਰੀ ਤੇ ਬਹੁਤ ਜ਼ੋਰ ਦਿੱਤਾ ਹੈ। ਆਪ ਜੀ ਨੇ ਜਾਤ ਪਾਤ ਦੀ ਵਿਰੋਧਤਾ ਇਸ ਢੰਗ ਨਾਲ ਕੀਤੀ ਕਿ ਬ੍ਰਾਹਮਣਾਂ ਜਾਂ ਉੱਚ ਜਾਤੀ ਦੇ ਹਿੰਦੂਆਂ ਨੇ ਇਸ ਦਾ ਕਰੜਾ ਵਿਰੋਧ ਨਹੀਂ ਕੀਤਾ। ਮਲਕ ਭਾਗੋ ਨੂੰ ਇਹ ਚੰਗਾ ਨਹੀਂ ਸੀ ਲੱਗਾ ਕਿ ਗੁਰੂ ਜੀ ਨੇ ਉਸ ਦਾ ਬੁਲਾਵਾ ਸਵੀਕਾਰ ਨਹੀਂ ਕੀਤਾ ਪਰ ਉਸ ਨੇ ਇਸ ਗੱਲ ਨੂੰ ਜ਼ਿਆਦਾ ਮਹਿਸੂਸ ਨਹੀਂ ਕੀਤਾ। ਗੁਰੂ ਜੀ ਨੇ ਪਰਚਾਰ ਕਰ ਕੇ ਅਤੇ ਆਪਣੇ ਕਿਰਦਾਰ ਰਾਹੀਂ ਜਾਤ ਪਾਤ ਦੀ ਸਖ਼ਤ ਵਿਰੋਧਤਾ ਕੀਤੀ। ਆਪ ਜੀ ਨੇ ਲੰਗਰ ਦੀ ਪ੍ਰਥਾ ਚਾਲੂ ਕੀਤੀ ਜਿਥੇ ਹਰ ਕੋਈ ਬਿਨਾ ਕਿਸੇ ਭੇਦ ਭਾਵ ਦੇ ਇੱਕ ਪੰਗਤ ਵਿਚ ਬੈਠ ਕੇ ਭੋਜਨ ਛਕ ਸਕਦਾ ਸੀ। ਆਪ ਸਾਰੇ ਜੀਵਾਂ ਨੂੰ ਬਿਨਾਂ ਉਨ੍ਹਾਂ ਦੀ ਜਾਤ ਪਾਤ ਜਾਂ ਧਰਮ ਦੇ ਖਿਆਲ ਕੀਤਿਆਂ ਪਿਆਰ ਕਰਦੇ ਸਨ ਤੇ ਆਪਣੇ ਆਪ ਨੂੰ ਨੀਵਾਂ ਸਮਝਦੇ ਸਨ। ਆਪ ਲਿਖਦੇ ਹਨ ਕਿ ਨੀਵੀਂ ਜਾਤੀਆਂ ਨਾਲ ਪਿਆਰ ਕਰਨ ਨਾਲ ਵਾਹਿਗੁਰੂ ਦੀ ਮਿਹਰ ਪ੍ਰਾਪਤ ਹੁੰਦੀ ਹੈ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।।
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।।
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ।।

ਗੁਰੂ ਨਾਨਕ ਦੇ ਸਮੇਂ ਨੀਵੀਂ ਜਾਤੀਆਂ ਤੇ ਸ਼ੂਦਰਾਂ ਨੂੰ ਵੇਦਾਂ ਦੇ ਉਚਾਰਨ ਦੀ ਆਗਿਆ ਨਹੀਂ ਸੀ ਪ੍ਰੰਤੂ ਗੁਰੂ ਜੀ ਨੇ ਇਹ ਪਾਬੰਦੀ ਹਟਾ ਦਿੱਤੀ ਅਤੇ ਹਰ ਇੱਕ ਨੂੰ ਬਿਨਾ ਕਿਸੇ ਭੇਦ ਭਾਵ ਦੇ ਗੁਰੂ ਜੀ ਦੀ ਸੰਗਤ ਵਿਚ ਬੈਠਣ ਦੀ ਤੇ ਨਾਮ ਜਪਣ ਦੀ ਖੁਲ੍ਹ ਸੀ। ਇਹ ਸੁਧਾਰਵਾਦ ਵੱਲ ਇੱਕ ਮਹੱਤਵਪੂਰਨ ਕਦਮ ਸੀ ਪਰ ਕਿਸੇ ਨੇ ਖਾਸ ਇਤਰਾਜ਼ ਨਹੀਂ ਕੀਤਾ। ਗੁਰੂ ਜੀ ਨੇ ਕੁਰਾਨ ਸ਼ਰੀਫ ਜਾਂ ਵੇਦਾਂ ਦੀ ਫਿਲਾਸਫੀ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਪਰ ਧਾਰਮਕ ਗ੍ਰੰਥਾਂ ਨੂੰ ਬਿਨਾ ਵਿਚਾਰੇ ਪੜ੍ਹਨ ਦਾ ਵਿਰੋਧ ਕੀਤਾ ਹੈ। ਆਪ ਜੀ ਨੇ ਸਾਰਿਆਂ ਨੂੰ ਅੰਮ੍ਰਿਤ ਵੇਲੇ ਭਗਤੀ ਕਰਨ ਦੀ ਸਲਾਹ ਦਿਤੀ ਹੈ :

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।। (ਅੰਗ 2)

ਗੁਰੂ ਜੀ ਨੇ ਬ੍ਰਾਹਮਣਾਂ ਵਲੋਂ ਚਲਾਏ ਕਰਮ ਕਾਂਡਾਂ ਤੇ ਭਰਮਾਂ ਦੀ ਨਿਖੇਧੀ ਕੀਤੀ ਅਤੇ ਵਰਤ ਰੱਖਣ, ਭਰਮਜਾਲ ਤੇ ਸਰਾਧਾਂ ਦਾ ਕਰੜਾ ਵਿਰੋਧ ਕੀਤਾ ਹੈ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਇਹ ਕਰਮ ਕਾਂਡ ਆਦਿ ਸਾਨੂੰ ਰੱਬ ਨਾਲ ਨਹੀਂ ਮਿਲਾ ਸਕਦੇ ਤੇ ਨਾ ਹੀ ਇਹ ਧਾਰਮਕ ਹਨ। ਲੋਕ ਵੀ ਇਨ੍ਹਾਂ ਫਜ਼ੂਲ ਰੀਤਾਂ ਰਿਵਾਜਾਂ ਤੋਂ ਦੁਖੀ ਸਨ, ਇਸ ਵਾਸਤੇ ਉਨ੍ਹਾਂ ਨੇ ਗੁਰੂ ਜੀ ਦੇ ਨਾਮ ਜਪਣ ਦੇ ਸਿਧਾਂਤ ਨੂੰ ਖੁਸ਼ੀ-ਖੁਸ਼ੀ ਅਪਨਾਇਆ। ਗੁਰੂ ਜੀ ਪਾਖੰਡਾਂ ਦੇ ਵਿਰੁੱਧ ਸਨ ਪਰ ਉਨ੍ਹਾਂ ਨੇ ਜਨੇਊ ਦੀ ਰਸਮ ਦੀ ਨਿਖੇਧੀ ਨਹੀਂ ਕੀਤੀ ਸਗੋਂ ਇਸ ਦੇ ਨਾਲ ਜਤ, ਸਤ ਤੇ ਸੰਤੋਖ ਨੂੰ ਅਪਨਾਉਣ 'ਤੇ ਜ਼ੋਰ ਦਿੱਤਾ ਹੈ :

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ।।
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ।।
ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ।।

ਆਪ ਚਾਹੁੰਦੇ ਸਨ ਕਿ ਅਸਾਡਾ ਜੀਵਨ ਨਿਸ਼ਕਪਟ ਹੋਵੇ, ਅਸੀਂ ਨੇਕ ਕਮਾਈ ਕਰੀਏ, ਵੰਡ ਛਕੀਏ ਅਤੇ ਨਾਮ ਜਪੀਏ। ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ ਹੀ ਆਪ ਦੀ ਮੁਢਲੀ ਸਿੱਖਿਆ ਹੈ। ਆਪ ਸੱਚੇ ਸੁੱਚੇ ਜੀਵਨ ਵਿਚ ਵਿਸ਼ਵਾਸ ਰਖਦੇ ਸਨ ਅਤੇ ਚਾਹੁੰਦੇ ਸਨ ਕਿ ਅਸੀਂ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਨੂੰ ਆਪਣੇ ਵਸ ਵਿਚ ਰਖੀਏ :

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।।
ਸੁਕ੍ਰਿਤੁ (ਚੰਗਾ ਕੰਮ) ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ।।

ਉਨ੍ਹਾਂ ਦਿਨਾਂ ਵਿਚ ਬਹੁਤੇ ਹਿੰਦੂ ਸ਼ਾਕਾਹਾਰੀ ਸਨ ਪਰ ਬਹੁਤੇ ਮੁਸਲਮਾਨ ਮਾਸਾਹਾਰੀ ਸਨ। ਇਸ ਕਾਰਨ ਦੋਵੇਂ ਧਰਮ ਦੇ ਲੋਕਾਂ ਵਿੱਚ ਮਤਭੇਦ ਸਨ। ਗੁਰੂ ਜੀ ਨੇ ਆਪਣੇ ਪੈਰੋਕਾਰਾਂ ਨੂੰ ਮਾਸ ਖਾਣ ਜਾਂ ਨਾ ਖਾਣ ਲਈ ਉਤਸ਼ਾਹਤ ਨਹੀਂ ਕੀਤਾ, ਉਹ ਇਸ ਝਗੜੇ ਨੂੰ ਹੀ ਫਜ਼ੂਲ ਸਮਝਦੇ ਸਨ :

ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ।।

ਹਿੰਦੂਆਂ ਤੇ ਮੁਸਲਮਾਨਾਂ ਵਿਚ ਉੱਤਰ-ਅਧਿਕਾਰੀ ਦੀ ਨਿਯੁਕਤੀ ਕੋਈ ਨਵੀਂ ਗੱਲ ਨਹੀਂ ਸੀ। ਗੁਰੂ ਜੀ ਨੇ ਇਸ ਵਿੱਚ ਇੱਕ ਨਵੀਂ ਵਿਸ਼ੇਸ਼ਤਾ ਦਾ ਵਾਧਾ ਕੀਤਾ ਅਤੇ ਇਹ ਘੋਸ਼ਣਾ ਕੀਤੀ ਕਿ ਉਨ੍ਹਾਂ ਦੀ ਆਤਮਾ ਉਨ੍ਹਾਂ ਦੇ ਉੱਤਰ- ਅਧਿਕਾਰੀ ਦੀ ਆਤਮਾ ਵਿੱਚ ਪ੍ਰਵੇਸ਼ ਕਰੇਗੀ। ਆਪ ਨੇ ਕੇਵਲ ਆਪਣੀ ਜ਼ਿਮੇਵਾਰੀਆਂ ਹੀ ਨਹੀਂ ਸਗੋਂ ਆਪਣਾ ਇਲਾਹੀ ਨੂਰ ਵੀ ਆਪਣੇ ਉੱਤਰ-ਅਧਿਕਾਰੀ ਨੂੰ ਸੌਂਪ ਦਿੱਤਾ। ਇਸ ਢੰਗ ਨਾਲ ਗੁਰੂ ਜੀ ਨੇ ਗੁਰਿਆਈ ਦੀ ਇਕਾਈ ਨੂੰ ਜੋ ਗੈਰਵਿਅਕਤੀਗਤ ਤੇ ਅਖੰਡਤਾ ਦੇ ਸਿਧਾਂਤ 'ਤੇ ਅਧਾਰਤ ਸੀ, ਸਥਾਪਤ ਕਰ ਦਿੱਤਾ। ਹੁਣ ਸਿੱਖ ਹਰ ਨਵੇਂ ਗੁਰੂ ਦੀ ਗੁਰੂ ਨਾਨਕ ਵਾਂਗ ਹੀ ਇੱਜ਼ਤ ਕਰਦੇ ਸਨ। ਸਾਰੇ ਗੁਰੂਆਂ ਨੇ ਆਪਣੀ ਬਾਣੀ ਵਿੱਚ ਆਪਣੇ ਆਪ ਨੂੰ ਗੁਰੂ ਨਾਨਕ ਹੀ ਦਰਸਾਇਆ ਹੈ। ਹਿੰਦੂ ਧਾਰਮਕ ਸੰਸਥਾਵਾਂ ਦੇ ਉਲਟ ਇਹ ਪ੍ਰਥਾ ਪੂਰੇ ਜੋਸ਼-ਖਰੋਸ਼ ਨਾਲ ਚਲਦੀ ਰਹੀ ਅਤੇ ਗੁਰਿਆਈ ਸਦੀਵੀ ਹੋ ਗਈ। ਗੁਰੂ ਜੀ ਦੀ ਬਾਈ ਸਾਲ ਦੀ ਯਾਤਰਾ, ਜਦੋਂ ਸਫਰ ਦੇ ਵਰਤਮਾਨ ਸਾਧਨ ਪ੍ਰਾਪਤ ਨਹੀਂ ਸਨ, ਇੱਕ ਚਮਤਕਾਰ ਹੈ। ਆਪ ਜੀ ਨੇ ਕੇਵਲ ਭਾਰਤ ਦੀ ਹੀ ਨਹੀਂ ਸਗੋਂ ਏਸ਼ੀਆ ਦੇ ਕਈ ਦੇਸ਼ਾਂ ਦੀ ਵੀ ਵਿਆਪਕ ਯਾਤਰਾ ਕੀਤੀ ਅਤੇ ਆਪਣਾ ਸੰਦੇਸ਼ ਲੋਕਾਂ ਤਕ ਪਹੁੰਚਾਇਆ। ਗੁਰੂ ਜੀ ਤੋਂ ਪਹਿਲੇ ਕਿਸੇ ਰੂਹਾਨੀਅਤ ਦੇ ਆਗੂ ਨੇ ਇਹ ਢੰਗ ਨਹੀਂ ਸੀ ਅਪਨਾਇਆ। ਗੁਰੂ ਜੀ ਦਾ ਇਹ ਵੀ ਇੱਕ ਕਰਾਂਤੀਕਾਰੀ ਕਦਮ ਸੀ।

ਉਸ ਸਮੇਂ ਔਰਤਾਂ ਦਾ ਦਰਜਾ ਸਮਾਜ ਵਿਚ ਬਰਾਬਰਤਾ ਵਾਲਾ ਨਹੀਂ ਸੀ। ਇਸਤਰੀਆਂ ਨਾਲ ਬੁਰਾ ਸਲੂਕ ਕੀਤਾ ਜਾਂਦਾ ਸੀ। ਗੁਰੂ ਜੀ ਤੋਂ ਪਹਿਲਾਂ ਕਿਸੇ ਹੋਰ ਧਾਰਮਕ ਆਗੂ ਨੇ ਇਸ ਕੁਰੀਤੀ ਵੱਲ ਧਿਆਨ ਨਹੀਂ ਦਿੱਤਾ। ਆਪ ਨੇ ਲੋਕਾਂ ਨੂੰ ਸਮਝਾਇਆ ਕਿ ਔਰਤ ਜਾਤੀ ਨੂੰ ਨਹੀਂ ਨਿੰਦਣਾ ਚਾਹੀਦਾ ਕਿਉਂਕਿ ਇਸ ਤੋਂ ਬਿਨਾ ਮਨੁੱਖ ਜਾਤੀ ਦਾ ਜਨਮ ਸੰਭਵ ਨਹੀਂ ਹੋ ਸਕਦਾ। ਕੇਵਲ ਪ੍ਰਭੂ ਦਾ ਜਨਮ ਹੀ ਇਸ ਤੋਂ ਬਿਨਾ ਹੋਇਆ ਹੈ। ਵੱਡੇ-ਵੱਡੇ ਰਾਜੇ ਮਹਾਰਾਜਿਆਂ ਦੀ ਜਨਮ ਦਾਤੀ ਵੀ ਔਰਤ ਹੀ ਹੈ। ਕੇਵਲ ਵਾਹਿਗੁਰੂ ਹੀ ਸਾਡਾ ਖਸਮ ਹੈ, ਅਸੀਂ ਸਾਰੇ ਉਸ ਦੀਆਂ ਪਤਨੀਆਂ ਹਾਂ :

ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ।।
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ।।
ਠਾਕੁਰੁ ਏਕੁ ਸਬਾਈ (ਸਾਰੀਆਂ) ਨਾਰਿ।।

ਹਿੰਦੂ ਸੰਸਾਰ ਤਿਆਗਣ ਦੇ ਹੱਕ ਵਿੱਚ ਸਨ ਪਰ ਗੁਰੂ ਜੀ ਨੇ ਇਸ ਦਾ ਵਿਰੋਧ ਕੀਤਾ। ਆਪ ਨੇ ਸੰਸਾਰ ਤਿਆਗਣ ਦੀ ਨਿਖੇਧੀ ਕੀਤੀ ਅਤੇ ਆਪਣੇ ਸਿੱਖਾਂ ਨੂੰ ਉਪਦੇਸ਼ ਦਿੱਤਾ ਕਿ ਤਿਆਗੀ ਜੋ ਜੰਗਲਾਂ ਤੇ ਪਹਾੜਾਂ ਦੀਆਂ ਗੁਫਾਵਾਂ ਵਿੱਚ ਜਾ ਵਸਦੇ ਹਨ, ਰੱਬ ਨੂੰ ਨਹੀਂ ਪਾ ਸਕਦੇ। ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਸਾਨੂੰ ਪ੍ਰਭੂ ਪ੍ਰਾਪਤੀ ਲਈ ਪਵਿੱਤਰ ਜੀਵਨ ਬਤੀਤ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਸਮਝਾਇਆ ਕਿ ਸੰਸਾਰ ਕਲਪਤ ਵਸਤੂ ਜਾਂ ਮਨਘੜਤ ਕਹਾਣੀ ਨਹੀਂ ਸਗੋਂ ਹਕੀਕਤ ਤੇ ਵਾਸਤਵਿਕ ਹੈ ਅਤੇ ਮਨੁੱਖਤਾ ਨਾਲ ਪਿਆਰ ਦਾ ਪਾਠ ਪੜ੍ਹਾਇਆ। ਆਪ ਜੀ ਨੇ ਸਾਡਾ ਧਿਆਨ ਪਰਛਾਵੇਂ ਤੋਂ ਅਸਲੀਅਤ ਵੱਲ ਲਿਆਂਦਾ। ਆਪ ਨੇ ਸੰਸਾਰ ਨੂੰ ਨਹੀਂ ਤਿਆਗਿਆ ਸਗੋਂ ਇਸ ਨੂੰ ਖੁਸ਼ੀ ਖੁਸ਼ੀ ਮਾਣਿਆ। ਆਪ ਜੀ ਸੰਸਾਰ ਨੂੰ ਵਾਹਿਗੁਰੂ ਦੀ ਰਚਨਾ ਸਮਝਦੇ ਸਨ। ਉਨ੍ਹਾਂ ਨੇ ਸਾਨੂੰ ਪਾਣੀ ਵਿਚ ਕੰਵਲ ਫੁੱਲ ਵਾਂਗ ਨਿਰਲੇਪ ਰਹਿਣ ਦੀ ਸਿੱਖਿਆ ਦਿੱਤੀ ਹੈ :

ਸਚੇ ਤੇਰੇ ਖੰਡ ਸਚੇ ਬ੍ਰਹਮੰਡ।। ਸਚੇ ਤੇਰੇ ਲੋਅ ਸਚੇ ਆਕਾਰ।।
(ਸ੍ਰ ਗ ਗ ਸ: ੪੬੩)
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ।।
(ਸ੍ਰ ਗ ਗ ਸ: ੭੩)

ਗੁਰੂ ਜੀ ਨੇ ਉਸ ਸਮੇਂ ਦੇ ਰਾਜਿਆਂ ਨੂੰ ਉਨ੍ਹਾਂ ਵਲੋਂ ਕੀਤੇ ਜ਼ੁਲਮਾਂ ਤੇ ਆਪਹੁਦਰੀ ਕਾਰਵਾਈਆਂ ਲਈ ਫਿਟਕਾਰਿਆ ਤੇ ਇਸ ਲਈ ਉਨ੍ਹਾਂ ਨੂੰ ਜ਼ਿੰਮੇਵਾਰ ਠਹਿਰਾਇਆ। ਆਪ ਜੀ ਨੇ ਲੋਕਾਂ ਨੂੰ ਜ਼ੁਲਮ ਤੇ ਵਿਦੇਸ਼ੀ ਧਾੜਵੀਆਂ ਦੇ ਵਿਰੁਧ ਲਾਮਬੰਦ ਹੋਣ ਲਈ ਉਤਸ਼ਾਹਤ ਕੀਤਾ। ਬੇਸ਼ਕ ਇਹ ਇੱਕ ਇਨਕਲਾਬੀ ਕਦਮ ਸੀ :

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।
ਰਾਜਾ ਨਿਆਉ ਕਰੇ ਹਥਿ ਹੋਇ।। ਕਹੈ ਖੁਦਾਇ ਨ ਮਾਨੈ ਕੋਇ।।
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ।।

ਗੁਰੂ ਜੀ ਨੇ ਗੁਰਬਾਣੀ ਲੋਕਾਂ ਦੀ ਬੋਲੀ ਪੰਜਾਬੀ ਵਿਚ ਰਚੀ। ਆਪ ਜੀ ਨੇ ਪਹਿਲੀ ਵਾਰੀ ਪੰਜਾਬੀ ਬੋਲੀ ਦੀ ਵਿਆਪਕ ਰੂਪ ਵਿਚ ਸਾਹਿਤਕ ਵਰਤੋਂ ਕੀਤੀ। ਇਹ ਇਕ ਮਹੱਤਵਪੂਰਨ ਤੇ ਇਨਕਲਾਬੀ ਕਦਮ ਸੀ ਜਿਸ ਨੇ ਮਾਸੂਮ ਤੇ ਭੋਲੇ ਭਾਲੇ ਲੋਕਾਂ ਨੂੰ ਸੰਸਕ੍ਰਿਤ ਵਰਤਣ ਵਾਲੇ ਪੰਡਤਾਂ ਦੇ ਪੰਜੇ ਤੋਂ ਛੁਡਾਇਆ। ਗੁਰੂ ਜੀ ਦੇ ਸ਼ਰਧਾਲੂਆਂ ਨੂੰ ਨਾਨਕ ਪੰਥੀ ਜਾਂ ਸਿੱਖ ਕਿਹਾ ਜਾਂਦਾ ਸੀ। ਅੱਜ ਕਲ੍ਹ ਸਿੱਖ ਮਤ ਇੱਕ ਨਵਾਂ ਤੇ ਵੱਖਰਾ ਧਰਮ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਪਾਨ ਕਰਵਾਇਆ ਤਾਂ ਬਹੁਤੇ ਸਿੱਖ ਸੰਤ ਸਿਪਾਹੀ ਬਣ ਗਏ। ਉਨ੍ਹਾਂ ਨੇ ਪੱਛਮ ਤੋਂ ਆਣ ਵਾਲੇ ਵਿਦੇਸ਼ੀ ਧਾੜਵੀਆਂ ਨੂੰ ਰੋਕਿਆ ਤੇ ਜ਼ੁਲਮ ਦੇ ਵਿਰੁਧ ਡਟ ਗਏ। ਇਹ ਬੜੇ ਦਲੇਰ ਹਨ ਤੇ ਬਹੁਤ ਕੁਝ ਸਹਿ ਸਕਦੇ ਹਨ।

**ਨਿਰਣਾ -**

ਗੁਰੂ ਨਾਨਕ ਦੇਵ ਜੀ ਹਿੰਦੂ ਮੁਸਲਮਾਨਾਂ ਦੇ ਨਾਲ ਸ਼ਾਂਤਮਈ ਢੰਗ ਨਾਲ ਰਹੇ। ਉਨ੍ਹਾਂ ਦਾ ਮੰਤਵ ਰੱਬ ਦੀ ਭਗਤੀ ਦੇ ਪ੍ਰਚਲਤ ਢੰਗ ਦਾ ਖੰਡਨ ਕਰਨਾ ਸੀ। ਆਪ ਜੀ ਨੇ ਮੁਢਲੀ ਸਚਾਈ ਦੀ ਖੋਜ ਦਾ ਇੱਕ ਨਵਾਂ ਢੰਗ ਦੱਸਿਆ। ਉਨ੍ਹਾਂ ਦੇ ਧਾਰਮਕ, ਸਮਾਜਿਕ ਤੇ ਨੈਤਿਕ (ਇਖਲਾਕੀ) ਸੁਧਾਰ ਸਭ ਤੋਂ ਉੱਤਮ ਸਨ। ਇਹ ਸੁਧਾਰ ਜ਼ੋਰਦਾਰ, ਧੀਮੀ ਗਤੀ ਵਾਲੇ ਪਰ ਅਡੋਲ ਸਨ। ਆਪ ਇੱਕ ਚੋਟੀ ਦੇ ਸੁਧਾਰਵਾਦੀ ਸਨ। ਮੈਂ ਲੇਪਲ ਗਰਿਫਨਦੀ ਇਸ ਰਾਏ ਨਾਲ ਸਹਿਮਤ ਹਾਂ ਕਿ ਗੁਰੂ ਨਾਨਕ ਜੀ ਲਈ ਸੁਧਾਰਵਾਦੀ ਸ਼ਬਦ ਪੂਰੀ ਤਰ੍ਹਾਂ ਢੁਕਦਾ ਹੈ। ਸਾਰੰਸ਼ ਇਹ ਹੈ ਕਿ ਗੁਰੂ ਜੀ ਪ੍ਰਮਾਤਮਾ ਵਲੋਂ ਭੇਜੇ ਹੋਏ ਸੁਧਾਰਵਾਦੀ ਸਨ ਜਿਨ੍ਹਾਂ ਦੀ ਰੁਚੀ ਕ੍ਰਾਂਤੀਕਾਰੀ ਤੇ ਨਾਟਕੀ ਸੀ ਅਤੇ ਜਿਨ੍ਹਾਂ ਨੇ ਵਾਹਿਗੁਰੂ ਵਲੋਂ ਦਿੱਤੇ ਇਸ ਕਾਰਜ ਨੂੰ ਚੰਗੀ ਤਰ੍ਹਾਂ ਨਿਭਾਇਆ। ਆਪ ਜੀ ਦਾ ਮੰਤਵ ਬਰਾਬਰੀ ਤੇ ਵਿਸ਼ਵਵਿਆਪੀ ਭਾਈਚਾਰਾ ਸਥਾਪਤ ਕਰਨਾ ਸੀ। ਗੁਰੂ ਜੀ ਨੇ ਫਿਰਕਾਪਰਸਤੀ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਤੇ ਵਹਿਮਾਂ ਭਰਮਾਂ ਦੀ ਕਰੜੀ ਨਿਖੇਧੀ ਕੀਤੀ।

# ਆਨੰਦਪੁਰ ਸਾਹਿਬ ਦਾ ਸਥਾਪਨਾ ਦਿਵਸ

**-ਬੀਐਸ. ਚਾਨਾ**

ਭਾਵੇਂ ਕਿ ਆਨੰਦਪੁਰ ਸਾਹਿਬ ਦੀ ਪਵਿੱਤਰ ਤੇ ਇਤਿਹਾਸਕ ਧਰਤੀ ਨੂੰ 13 ਅਪਰੈਲ, 1699 ਵਿਚ ਖਾਲਸਾ ਪੰਥ ਦੇ ਜਨਮ ਸਥਾਨ ਵਜੋਂ ਹੀ ਜਾਣਿਆ ਜਾਂਦਾ ਹੈ ਪਰ ਤਵਾਰੀਖ ਦੇ ਪੰਨਿਆਂ ਨੂੰ ਜੇਕਰ ਵੇਖਿਆ ਜਾਵੇ ਤਾਂ ਇਸ ਇਤਿਹਾਸਕ ਧਰਤੀ ਦੀ ਸਥਾਪਨਾ ਗੁਰੂ ਤੇਗ ਬਹਾਦਰ ਜੀ ਵੱਲੋਂ 19 ਜੂਨ, 1665 ਵਿਚ ਕੀਤੀ ਗਈ ਸੀ।

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਸਤਲੁਜ ਦਰਿਆ ਦੇ ਕਿਨਾਰੇ ਪਿੰਡ 'ਮਾਖੋਵਾਲ' ਦੀ ਜ਼ਮੀਨ ਖਰੀਦ ਕੇ ਇੱਥੇ ਚੱਕ ਨਾਨਕੀ ਨਗਰ ਵਸਾਇਆ ਸੀ ਅਤੇ ਇਸ ਦੀ ਨੀਂਹ ਉਨ੍ਹਾਂ ਨੇ ਬਾਬਾ ਬੁੱਢਾ ਜੀ ਦੇ ਅੰਸ਼ ਵਿੱਚੋਂ ਬਾਬਾ ਗੁਰਦਿੱਤਾ ਜੀ ਰੰਧਾਵਾ ਦੇ ਹੱਥੋਂ (ਸੰਮਤ 1723) 19 ਜੂਨ, 1665 ਨੂੰ ਰਖਵਾਈ ਸੀ। ਇਸ ਤੋਂ ਬਾਅਦ ਇਹ ਧਰਤੀ ਹੁਣ ਆਨੰਦਪੁਰ ਸਾਹਿਬ ਦੇ ਨਾਮ ਨਾਲ ਵਿਸ਼ਵ ਭਰ ਵਿਚ ਜਾਣੀ ਜਾਂਦੀ ਹੈ। ਭਾਵੇਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉੱਦਮਾਂ ਸਦਕਾ ਇਤਿਹਾਸਕ ਗੁਰਦੁਆਰਾ ਭੋਰਾ ਸਾਹਿਬ ਵਿਖੇ ਬੀਤੇ ਕੁਝ ਸਾਲਾਂ ਤੋਂ 19 ਜੂਨ ਵਾਲੇ ਦਿਨ ਵਿਸ਼ੇਸ਼ ਸਮਾਗਮ ਆਨੰਦਪੁਰ ਸਾਹਿਬ ਦੇ ਸਥਾਪਨਾ ਦਿਵਸ ਦੇ ਸਬੰਧ ਵਿੱਚ ਮਨਾਇਆ ਜਾਂਦਾ ਹੈ ਪਰ ਅੱਜ ਵੀ ਆਨੰਦਪੁਰ ਸਾਹਿਬ ਸਮੇਤ ਸਮੁੱਚੇ ਪੰਜਾਬ ਤੋਂ ਇਲਾਵਾ ਵਿਸ਼ਵ ਭਰ ਦੇ ਲੋਕਾਂ ਨੂੰ ਅਜੇ ਤਕ ਸਹੀ ਢੰਗ ਨਾਲ ਇਸ ਪਵਿੱਤਰ ਨਗਰੀ ਦੀ ਸਥਾਪਨਾ ਸੰਬੰਧੀ ਇਤਿਹਾਸ ਦਾ ਨਹੀਂ ਪਤਾ।



ਜੇਕਰ ਗਹੁ ਨਾਲ ਵੇਖਿਆ ਜਾਵੇ ਤਾਂ ਗੁਰੂ ਤੇਗ ਬਹਾਦਰ ਸਾਹਿਬ ਨੇ ਇਸ ਜ਼ਮੀਨ ਦੀ ਭੂਗੋਲਿਕ ਬਣਤਰ ਨੂੰ ਵੇਖਦੇ ਹੋਏ ਸਤਲੁਜ ਦੇ ਕਿਨਾਰੇ ਪੰਜ ਪਿੰਡਾਂ ਦੀ ਜ਼ਮੀਨ ਬਿਲਾਸਪੁਰ (ਹਿ.ਪ੍ਰ.) ਦੀ ਰਾਣੀ ਚੰਪਾ ਤੋਂ ਲਈ ਸੀ ਅਤੇ ਗੁਰੂ ਦੀ ਨਗਰੀ ਨੂੰ ਇੱਥੇ ਵਸਾਇਆ ਸੀ। ਇਨ੍ਹਾਂ ਪਿੰਡਾਂ ਵਿਚ ਮਾਖੋਵਾਲ (ਆਨੰਦਪੁਰ ਸਾਹਿਬ), ਚੱਕ, ਸਹੋਟਾ, ਲੋਧੀਪੁਰ ਅਤੇ ਮਟੌਰ ਪਿੰਡਾਂ ਦੇ ਨਾਮ ਸ਼ਾਮਲ ਹਨ। ਇਸ ਜ਼ਮੀਨ ਦੇ ਇੱਕ ਪਾਸੇ ਸਤਲੁਜ ਦਰਿਆ ਵਗਦਾ ਸੀ ਅਤੇ ਦੂਸਰੇ ਪਾਸੇ ਸ਼ਿਵਾਲਿਕ ਦੀਆਂ ਵੱਡੀਆਂ-ਵੱਡੀਆਂ ਪਹਾੜੀਆਂ ਮੌਜੂਦ ਸਨ ਜੋ ਕਿਸੇ ਵੀ ਤਰ੍ਹਾਂ ਦੇ ਬਾਹਰੀ ਹਮਲੇ ਲਈ ਵੱਡੀ ਚੁਣੌਤੀ ਸਨ। ਨੌਵੇਂ ਗੁਰੂ ਤੋਂ ਬਾਅਦ ਉਨ੍ਹਾਂ ਦੇ ਸਪੁੱਤਰ ਤੇ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸ਼ਹਿਰ ਨੂੰ ਬਾਹਰੀ ਹਮਲਾਵਰਾਂ ਤੋਂ ਮਹਿਫੂਜ਼ ਕਰਨ ਲਈ ਸ਼ਹਿਰ ਦੇ ਆਲੇ-ਦੁਆਲੇ ਪੰਜ ਕਿਲ੍ਹੇ, ਜਿਨ੍ਹਾਂ ਵਿੱਚ ਕਿਲ੍ਹਾ ਲੋਹਗੜ੍ਹ ਸਾਹਿਬ, ਕਿਲ੍ਹਾ ਫਤਿਹਗੜ੍ਹ ਸਾਹਿਬ, ਕਿਲ੍ਹਾ ਹੋਲਗੜ੍ਹ ਸਾਹਿਬ, ਕਿਲ੍ਹਾ ਤਾਰਾਗੜ੍ਹ ਸਾਹਿਬ ਅਤੇ ਕਿਲ੍ਹਾ ਅਨੰਦਗੜ੍ਹ ਸਾਹਿਬ, ਬਣਵਾਏ ਅਤੇ ਪਹਾੜੀ ਰਾਜਿਆਂ ਸਹਿਤ ਹੋਰਨਾਂ ਹਮਲਾਵਰਾਂ ਨਾਲ ਲੋਹਾ ਲਿਆ। ਇਸੇ ਧਰਤੀ 'ਤੇ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 13 ਅਪਰੈਲ 1699 ਨੂੰ ਪੰਜਾਂ ਪਿਆਰਿਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸਿੱਖ ਕੌਮ ਨੂੰ ਨਵਾਂ ਸਰੂਪ ਦਿੱਤਾ ਅਤੇ ਖਾਲਸਾ ਪੰਥ ਦੀ ਸਿਰਜਣਾ ਕੀਤੀ ਜਿਸ ਤੋਂ ਬਾਅਦ ਹੁਣ ਇਸ ਧਰਤੀ ਨੂੰ ਖਾਲਸਾ ਪੰਥ ਦੇ ਜਨਮ ਸਥਾਨ ਵਜੋਂ ਵਿਸ਼ਵ ਭਰ ਵਿੱਚ ਜਾਣਿਆ ਜਾਂਦਾ ਹੈ।



# ਪਾਠਕਾਂ ਦਾ ਨਜ਼ਰੀਆ

## ਵਿਗੜਦਾ ਅਰਥਚਾਰਾ ਮੋਦੀ ਦੀ ਦੂਜੀ ਪਾਰੀ ਤੇ ਆਰਥਿਕ ਸੰਕਟ

ਸੰਸਾਰ ਆਰਥਿਕ ਸੰਕਟ ਦੇ ਅਸਰ ਹੇਠ ਭਾਰਤ ਦੇ ਸਰਮਾਏਦਾਰਾਂ ਨੇ ਵੀ ਨਵਾਂ ਨਿਵੇਸ਼ ਅਤੇ ਨਵੇਂ ਪ੍ਰਾਜੈਕਟ ਲਾਉਣ ਤੋਂ ਗੁਰੇਜ਼ ਕੀਤਾ। ਸਿੱਟੇ ਵਜੋਂ ਇਹ 14 ਸਾਲਾਂ ਦੇ ਸਭ ਤੋਂ ਹੇਠਲੇ ਪੱਧਰ 'ਤੇ ਜਾ ਡਿੱਗਿਆ ਹੈ. 2014 ਵਿਚ ਜਿਥੇ ਨਿੱਜੀ ਨਿਵੇਸ਼ ਕੁੱਲ ਨਿਵੇਸ਼ ਦਾ ਦੋ-ਤਿਹਾਈ ਹੁੰਦਾ ਸੀ, ਹੁਣ 2018-19 ਵਿਚ ਘਟ ਕੇ 47% ਰਹਿ ਗਿਆ ਹੈ। ਵੱਡੀ ਗਿਣਤੀ ਪ੍ਰਾਜੈਕਟ ਠੱਪ ਪਏ ਹਨ। ਇਨ੍ਹਾਂ ਵਿਚੋਂ ਸਭ ਤੋਂ ਵੱਧ 35% ਬਿਜਲੀ ਖੇਤਰ ਦੇ ਪ੍ਰਾਜੈਕਟ ਅਤੇ 29.2% ਮੈਨੂਫੈਕਚਰਿੰਗ ਖੇਤਰ ਦੇ ਹਨ। ਇਨ੍ਹਾਂ ਦੇ ਠੱਪ ਹੋਣ ਦਾ ਕਾਰਨ ਇਕ ਤਾਂ ਚੋਣਾਂ ਵਾਲਾ ਮਾਹੌਲ ਦੱਸਿਆ ਗਿਆ ਜਿਸ ਕਰਕੇ ਸਰਮਾਏਦਾਰਾਂ ਨੇ ਸੰਜਮ ਵਰਤਣ ਵਿਚ ਹੀ ਭਲੀ ਸਮਝੀ ਅਤੇ ਨਵੀਂ ਸਰਕਾਰ ਆਉਣ ਮਗਰੋਂ ਹੀ ਹੱਥ ਖੁੱਲ੍ਹਾ ਕਰਨ ਦਾ ਫ਼ੈਸਲਾ ਕੀਤਾ ਪਰ ਅਸਲ ਕਾਰਨ ਇਹ ਹੈ ਕਿ ਇਸ ਵੇਲੇ ਸਰਮਾਏਦਾਰਾਂ ਦੇ ਮੁਨਾਫ਼ੇ ਹੇਠਾਂ ਡਿੱਗ ਰਹੇ ਹਨ। ਅਰਥਚਾਰੇ ਵਿਚ ਫੈਲੀ ਭਿਅੰਕਰ ਬੇਰੁਜ਼ਗਾਰੀ ਅਤੇ ਘੱਟ ਆਮਦਨ ਕਾਰਨ ਲੋਕਾਂ ਦੀ ਮੰਗ ਤੇ ਖ਼ਪਤ 'ਤੇ ਵੀ ਜ਼ਬਰਦਸਤ ਮਨਫ਼ੀ ਅਸਰ ਪਿਆ ਹੈ।

ਪਿੱਛੇ ਜਿਹੇ ਆਈ ਰਿਜ਼ਰਵ ਬੈਂਕ ਦੀ ਰਿਪੋਰਟ ਵਿਚ 400 ਵਿਚੋਂ 330 ਕੰਪਨੀਆਂ ਨੇ ਕਬੂਲਿਆ ਕਿ ਉਨ੍ਹਾਂ ਦੀ ਵਾਧਾ ਦਰ ਇਸ ਵੇਲੇ ਬਹੁਤ ਹੇਠਲੇ ਪੱਧਰ 'ਤੇ ਹੈ। ਇਨ੍ਹਾਂ ਘਟ ਰਹੇ ਮੁਨਾਫਿਆਂ ਕਰਕੇ ਮੁਲਕ ਦੇ ਸਰਮਾਏਦਾਰ ਅਜਿਹੀ ਸਰਕਾਰ ਚਾਹੁੰਦੇ ਸਨ ਜੋ ਉਨ੍ਹਾਂ ਦੇ ਹੱਕ ਵਿਚ ਯਕਦਮ ਫ਼ੈਸਲੇ ਕਰੇ ਅਤੇ ਸਰਮਾਏਦਾਰਾਂ ਨੂੰ ਮੋਦੀ ਦੀ ਭਾਜਪਾ ਵਿਚ ਅਜਿਹੀ ਹੀ ਸਰਕਾਰ ਨਜ਼ਰ ਆਈ ਹੈ, ਜਿਹੜੀ ਆਉਣ ਵਾਲੇ ਸਮੇਂ ਵਿਚ ਬਿਨਾ ਨਜ਼ਰਸਾਨੀ, ਬਿਨਾ ਕਿਸੇ ਰੋਕ-ਟੋਕ ਅਤੇ ਕਾਨੂੰਨੀ ਬੰਦਸ਼ਾਂ ਦੇ, ਧੜੱਲੇ ਨਾਲ ਸਰਮਾਏਦਾਰਾਂ ਲਈ ਨੀਤੀਆਂ ਲਾਗੂ ਕਰੇਗੀ। ਇਸੇ ਲਈ ਸਭ ਨੇ ਖੁੱਲ੍ਹ ਕੇ ਭਾਜਪਾ ਨੂੰ ਫ਼ੰਡ ਦਿੱਤਾ, ਜਿਥੋਂ ਤੱਕ ਦੂਜੇ ਪਹਿਲੂ, ਭਾਵ ਸਰਕਾਰੀ ਨਿਵੇਸ਼ ਦੀ ਗੱਲ ਹੈ, ਤਾਂ ਰਾਜਕੋਸ਼ੀ ਘਾਟਾ (ਸਰਕਾਰ ਦੀ ਆਮਦਨ ਤੇ ਖ਼ਰਚਿਆਂ ਵਿਚਲਾ ਪਾੜਾ) ਵਧਣ ਦਾ ਖ਼ਦਸ਼ਾ ਦੱਸ ਕੇ ਸਰਕਾਰ ਨੇ ਨਵੇਂ ਨਿਵੇਸ਼ਾਂ ਤੋਂ ਹੱਥ ਪਿੱਛੇ ਖਿੱਚਿਆ ਹੈ। ਇਸ ਦਾ ਸਿੱਧਾ ਅਸਰ ਆਮ ਲੋਕਾਂ 'ਤੇ ਪਿਆ ਹੈ, ਕਿਉਂਕਿ ਬਹੁਤ ਸਾਰੀਆਂ ਸਰਕਾਰੀ ਸਕੀਮਾਂ (ਸਣੇ ਸਿੱਖਿਆ, ਸਿਹਤ, ਪੈਨਸ਼ਨ ਆਦਿ) ਵਿਚੋਂ ਸਰਕਾਰ ਨੇ ਹੱਥ ਪਿਛਾਂਹ ਖਿੱਚ ਲਿਆ; ਜਦਕਿ ਸਰਕਾਰ ਦਾ ਰਾਜਕੋਸ਼ੀ ਘਾਟਾ ਵਧਣ ਦਾ ਅਸਲ ਕਾਰਨ ਸਰਕਾਰ ਵੱਲੋਂ ਸਰਮਾਏਦਾਰਾਂ ਨੂੰ ਦਿੱਤੇ ਖੁੱਲ੍ਹੇ ਗੱਫੇ ਅਤੇ ਰਿਆਇਤਾਂ ਹਨ। ਉੱਪਰੋਂ ਮੋਦੀ ਸਰਕਾਰ ਦੇ ਦਾਅਵੇ ਦੇ ਉਲਟ ਜੀਐੱਸਟੀ ਲਾਗੂ ਹੋਣ ਮਗਰੋਂ ਟੈਕਸ ਉਗਰਾਹੀ ਵੀ ਇਕ ਫ਼ੀਸਦੀ ਤੱਕ ਘਟ ਗਈ। ਜੀਐੱਸਟੀ ਤੋਂ ਉਗਰਾਹੀ 60000 ਕਰੋੜ ਅਤੇ ਸਿੱਧੇ ਕਰਾਂ ਤੋਂ 40000 ਕਰੋੜ ਰੁਪਏ ਦੀ ਉਗਰਾਹੀ ਘਟੀ ਹੈ, ਹੁਣ ਨਿਵੇਸ਼ ਨੂੰ ਹੁਲਾਰਾ ਦੇਣ ਲਈ ਰਿਜ਼ਰਵ ਬੈਂਕ ਨੇ ਵਿਆਜ ਦਰਾਂ ਘਟਾਈਆਂ ਹਨ। ਇਸ ਨਾਲ ਇਕ ਪਾਸੇ ਤਾਂ ਸਰਮਾਏਦਾਰਾਂ ਨੂੰ ਨਿਵੇਸ਼ ਲਈ ਕਰਜ਼ਾ ਲੈਣਾ ਸੁਖਾਲਾ ਹੋਵੇਗਾ, ਦੂਜੇ ਪਾਸੇ ਖਾਂਦੇ-ਪੀਂਦੇ ਤਬਕੇ ਨੂੰ ਘਰੇਲੂ ਲੋੜਾਂ ਲਈ ਵੀ ਕਰਜ਼ਾ ਥੋੜ੍ਹਾ ਸਸਤੀਆਂ ਦਰਾਂ ਤੇ ਮਿਲੇਗਾ। ਇਸ ਸੂਰਤ ਵਿਚ ਕੁਝ ਸਮੇਂ ਲਈ ਤਾਂ ਅਰਥਚਾਰੇ ਨੂੰ ਥੋੜ੍ਹਾ-ਬਹੁਤ ਹੁਲਾਰਾ ਦਿੱਤਾ ਜਾ ਸਕਦਾ ਹੈ ਪਰ ਵਿਆਜ ਦਰਾਂ ਘਟਾਉਣ ਦਾ ਆਪਣਾ ਉਲਟ ਅਸਰ ਵੀ ਹੌਲੀ-ਹੌਲੀ ਨਜ਼ਰ ਆਵੇਗਾ। ਵਿਆਜ ਦਰਾਂ ਘਟਣ ਨਾਲ ਅਰਥਚਾਰੇ ਵਿਚ ਪੈਸੇ ਦਾ ਵਹਾਅ ਵਧੇਗਾ, ਜਿਸ ਕਰਕੇ ਰੁਪਈਏ ਦੀ ਕੀਮਤ ਡਿੱਗ ਸਕਦੀ ਹੈ ਅਤੇ ਇਸ ਨਾਲ ਮਹਿੰਗਾਈ ਵਧੇਗੀ, ਮਹਿੰਗਾਈ ਮੁੜ ਲੋਕਾਂ ਦੀ ਮੰਗ ਤੇ ਉਲਟਾ ਅਸਰ ਪਾਵੇਗੀ।

ਜਿਥੋਂ ਤੱਕ ਆਖਰੀ ਪਹਿਲੂ, ਭਾਵ ਸਰਕਾਰ ਵੱਲੋਂ ਨਿਵੇਸ਼ ਵਧਾਉਣ ਦਾ ਸਵਾਲ ਹੈ, ਇਸ ਮਸਲੇ 'ਤੇ ਵੀ ਇਕ ਕੁੜਿੱਕੀ ਹੈ। ਮੁਲਕ ਦੇ ਵੱਡੇ ਘਰਾਣੇ ਇਕ ਪਾਸੇ ਤਾਂ ਇਹ ਚਾਹੁੰਦੇ ਹਨ ਕਿ ਸਰਕਾਰ ਵੱਧ ਤੋਂ ਵੱਧ ਖੇਤਰਾਂ ਨੂੰ ਉਨ੍ਹਾਂ ਲਈ ਹੀ ਖੁੱਲ੍ਹਾ ਰੱਖੇ ਅਤੇ ਖੁਦ ਨਿਵੇਸ਼ ਨਾ ਕਰੇ; ਦੂਜੇ ਪਾਸੇ ਉਹ ਸਮੇਂ-ਸਮੇਂ ਸਰਕਾਰਾਂ ਨੂੰ ਮਜਬੂਰ ਕਰਕੇ ਆਪਣੇ ਲਈ ਰਿਆਇਤਾਂ, ਸਸਤੇ ਕਰਜ਼ੇ ਆਦਿ ਦੀ ਸਹੂਲਤ ਵੀ ਲੈਂਦੇ ਰਹਿੰਦੇ ਹਨ ਜਿਸ ਕਰਕੇ ਸਰਕਾਰ ਦਾ ਰਾਜਕੋਸ਼ੀ ਘਾਟਾ ਵਧ ਗਿਆ ਹੈ। ਇਸ ਘਾਟੇ ਨੂੰ ਕਾਬੂ ਵਿਚ ਰੱਖਣ ਲਈ ਸਰਕਾਰ ਲੋਕਾਂ ਦੀਆਂ ਸਹੂਲਤਾਂ ਤੇ ਫਿਰ ਕੱਟ ਲਾਉਂਦੀ ਹੈ।

ਇਸ ਵੇਲੇ ਰਾਜਕੋਸ਼ੀ ਘਾਟਾ ਕੁੱਲ ਘਰੇਲੂ ਪੈਦਾਵਾਰ ਦਾ 3.5% ਹੈ ਅਤੇ ਸਰਮਾਏਦਾਰ ਸਰਕਾਰ 'ਤੇ ਦਬਾਅ ਪਾ ਰਹੇ ਹਨ ਕਿ ਉਹ ਇਸ ਨੂੰ ਘੱਟ ਕਰਕੇ ਹੇਠਾਂ ਲਿਆਵੇ। ਸੋ ਸਰਕਾਰ ਵੱਲੋਂ ਇਹ ਆਸ ਕਰਨਾ ਕਿ ਉਹ ਜੰਗੀ ਪੱਧਰ 'ਤੇ ਕੋਈ ਨਵੇਂ ਨਿਵੇਸ਼ ਹੱਥ ਲਵੇਗੀ, ਬੇਮਾਇਨੀ ਹੋਵੇਗੀ, ਸਗੋਂ ਆਉਣ ਵਾਲੇ ਸਮੇਂ ਵਿਚ ਇਸ ਰਾਜਕੋਸ਼ੀ ਘਾਟੇ ਦਾ ਵਾਸਤਾ ਪਾ ਕੇ ਸਰਕਾਰ ਲੋਕ ਸਹੂਲਤਾਂ ਵਿਚ ਹੋਰ ਕੱਟ ਜ਼ਰੂਰ ਲਾਵੇਗੀ। ਇਸ ਪ੍ਰਸੰਗ ਵਿਚ ਮੋਦੀ ਸਰਕਾਰ ਅਗਾਂਹ ਕੀ-ਕੀ ਕਦਮ ਉਠਾਵੇਗੀ, ਇਹ ਤਾਂ ਸਮਾਂ ਹੀ ਦੱਸੇਗਾ ਪਰ ਇੰਨਾ ਤੈਅ ਹੈ ਕਿ ਆਮ ਕਿਰਤੀ ਲੋਕਾਂ ਲਈ ਅਰਥਚਾਰੇ ਦੀ ਇਹ ਵਿਗੜਦੀ ਹਾਲਤ ਹੋਰ ਮੁਸ਼ਕਿਲ ਦਿਨ ਲਿਆਉਣ ਵਾਲੀ ਹੈ।

**- ਮਾਨਵ**

## ਬਰਗਾੜੀ ਮੋਰਚਾ ਖੇਡ ਦਾ ਅਸਲ ਕੈਪਟਨ

ਕੈਪਟਨ ਬਰਗਾੜੀ ਮੋਰਚਾ ਖੇਡ ਦਾ ਅਸਲ ਕੈਪਟਨ ਸੀ। ਭਾਈ ਮੰਡ ਅਤੇ ਭਾਈ ਗੁਰਦੀਪ ਸਿੰਘ ਸਿੱਧੇ ਸਾਦੇ ਲੋਕ ਹਨ। ਸ਼ਾਇਦ ਆਪਣੇ ਭੋਲੇਪਨ ਕਾਰਨ ਅਗਲੇ ਅੱਗੇ ਲਾ ਕੇ ਉਨਾਂ ਦੀ ਭਲਮਾਣਸੀ ਦਾ ਸ਼ੋਸ਼ਣ ਕਰ ਜਾਂਦੇ ਹਨ। ਖੈਰ ਮੋਰਚਾ ਚੱਲਿਆ, ਖੂਬ ਚੱਲਿਆ ਦਿੱਲੀ ਤਕ ਦਹਿਲ ਗਈ, ਉਥੋਂ ਕੈਪਟਨ ਦੀਆਂ ਵਾਗਾਂ ਦੀ ਖਿਚਾਈ ਹੋਈ, ਚੰਡੀਗੜ ਤੋਂ ਬਰਗਾੜੀ ਸੁਨੇਹੇ ਗਏ : "ਛੇਤੀ ਕਰੋ, ਜੋ ਮੇਰੇ ਤੋਂ ਐਲਾਨ ਕਰਵਾਉਣਾ ਕਰਵਾ ਲਵੋ, ਜਿੱਤ ਦੇ ਡੰਕੇ ਵਜਾ ਲਵੋ।"

ਪਰ ਮੰਡ ਹੋਰੀਂ ਕਹਿਣ, ਕਾਹਲੀ ਨਾ ਕਰੋ, ਖੀਰ ਪੂਰੀ ਤਰ੍ਹਾਂ ਪੱਕ ਲਵੇ, ਅਜੇ ਦਾਣਾ ਥੋੜਾ ਜਿਹਾ ਕੱਚਾ ਹੈ! ਦਿੱਲੀ ਤੋਂ ਹੁਕਮ ਸਖਤ ਤੋਂ ਸਖਤ ਹੁੰਦੇ ਜਾਣ। ਆਖਰ ਮੰਤਰੀਆਂ ਨੇ ਪਹੁੰਚ ਚਿਕਨੇ ਚੋਪੜੇ ਭਾਸ਼ਣਾਂ ਪਿਛੋਂ (ਬਰਗਾੜੀ ਸਾਹਿਬ) ਮੋਰਚਾ ਬੰਦ ਕਰਵਾ ਦਿੱਤਾ।

ਕੈਪਟਨ ਨੇ ਆਪਣੇ ਬਣਦੇ ਗੋਲ ਬਣਾ ਲਏ, ਪੰਥ ਵਾਲੇ ਹੱਥ ਮਲਦੇ ਰਹਿ ਗਏ। ਇਸੇ ਖੇਡ ਦਾ ਦੂਜਾ ਐਪੀਸੋਡ ਹੁਣ ਐਫਆਈਆਰ ਨਾਲ ਸ਼ੁਰੂ ਹੁੰਦਾ ਹੈ, ਦਿੱਲੀ ਤੋਂ ਤਾਰਾਂ ਖੜਕ ਰਹੀਆਂ : "ਬਾਦਲਾਂ ਉਤੇ ਹੱਥ ਚੁੱਕਿਆ? ਖਬਰਦਾਰ! ਇਹੀ ਹੈ ਸਿੱਟ ਦੇ ਨਾਮ ਨਿਹਾਦ ਅੰਦਰੂਨੀ ਰੱਫੜ ਦੀ ਸਚਾਈ।"

ਅਮਰਿੰਦਰ ਦੀ ਨਵੀਂ ਖੇਡ ! ਜੇ 2022 ਤਕ ਸੁਖੀਂ ਸਾਂਦੀਂ ਰਿੜ੍ਹਦੀ ਰਹੇ ਤਾਂ.. ਕਿਆ ਬਾਤ ਹੈ !!

**-ਸੁਖਦੇਵ ਸਿੰਘ ਸੀਨੀਅਰ ਪੱਤਰਕਾਰ**

## ਜਸਪਾਲ ਦੇ ਪਰਿਵਾਰ ਨੂੰ ਇਨਸਾਫ

ਜਸਪਾਲ ਦੇ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਸ਼ੁਰੂ ਹੋਇਆ ਸੰਘਰਸ਼ ਬਿਨਾ ਕੁਝ ਹਾਸਿਲ ਕੀਤੇ ਸਮਾਪਤ ਹੋ ਗਿਆ ਹੈ। ਇਹ ਭਵਿੱਖ ਦੇ ਲੋਕ ਘੋਲਾਂ ਲਈ ਬੜੀ ਘਾਤਕ ਸੁਨੇਹਾ ਹੈ। ਸਿਆਸੀ-ਪੁਲੀਸ ਗੱਠਜੋੜ ਦੀ ਹੋਈ ਜਿੱਤ ਚਿੰਤਾ ਵਿਚ ਪਾਉਣ ਵਾਲੀ ਹੈ ਪਰ ਇਸ ਦਾ ਅਰਥ ਇਹ ਵੀ ਨਹੀਂ ਹੈ ਕਿ ਐਕਸ਼ਨ ਕਮੇਟੀ ਹਾਰ ਗਈ ਹੈ, ਜਦੋਂ ਪਰਿਵਾਰ ਹੀ ਸਿਆਸੀ ਦਬਾਅ, ਡਰ ਜਾਂ ਕਿਸੇ ਹੋਰ ਕਾਰਨ ਕਰਕੇ ਸਮਝੌਤਾ ਕਰ ਲਵੇ ਤਾਂ ਐਕਸ਼ਨ ਕਮੇਟੀ ਕੋਲ ਬੋਲਣ ਲਈ ਕੀ ਰਹਿ ਜਾਂਦਾ ਹੈ? ਲੋਕ ਸੰਘਰਸ਼ਾਂ ਲਈ ਸਮਾਂ ਕੱਢਣਾ ਤੇ ਲੜਾਈ ਲੜਨੀ ਬਹੁਤ ਔਖਾ ਕੰਮ ਹੈ ਤੇ ਫੇਸਬੁੱਕ 'ਤੇ ਨੁਕਸ ਕੱਢੀ ਜਾਣਾ ਬਹੁਤ ਸੌਖਾ ਕੰਮ ਹੈ।

**- ਨਰਿੰਜਨ ਬੋਹਾ ਸਾਹਿਤਕਾਰ**

## ਸੰਸਾਰ ਦੇ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਵਿਚੋਂ 22 ਸ਼ਹਿਰ ਭਾਰਤ ਵਿਚ

ਵਾਤਾਵਰਣ ਵਿਚ ਫੈਲੇ ਪ੍ਰਦੂਸ਼ਨ ਰਾਹੀਂ ਤੇਜ਼ੀ ਨਾਲ ਆ ਰਹੀ ਮਹਾਂਮਾਰੀ ਤੋਂ ਦੁਨੀਆ ਨੂੰ ਬਚਾਉਣਾ ਸੰਸਾਰ ਲਈ ਗੰਭੀਰ ਮਸਲਾ ਅਤੇ ਚੁਣੌਤੀ ਹੈ। ਅਸੀਂ ਲਾਪ੍ਰਵਾਹੀ ਤੇ ਬੇਦਰਦੀ ਨਾਲ ਇਨ੍ਹਾਂ ਕੁਦਰਤੀ ਤੇ ਕਲਿਆਣਕਾਰੀ ਸੋਮਿਆਂ ਦਾ ਉਜਾੜਾ ਹੀ ਨਹੀਂ ਕਰ ਰਹੇ, ਇਨ੍ਹਾਂ ਨੂੰ ਪ੍ਰਦੂਸ਼ਿਤ ਕਰਕੇ ਨਵੀਆਂ ਤੋਂ ਨਵੀਆਂ ਬਿਮਾਰੀਆਂ ਤੇ ਬੇਵਕਤ ਮੌਤਾਂ ਵੀ ਸਹੇੜ ਰਹੇ ਹਾਂ। ਸੰਸਾਰ ਵਿਚ ਵਾਤਾਵਰਨ ਪ੍ਰਦੂਸ਼ਨ ਦੀ ਸਮੱਸਿਆ ਲੰਮੇ ਸਮੇਂ ਤੋਂ ਬਣੀ ਹੋਈ ਹੈ। ਸੰਨ 1985 ਵਿਚ ਇੰਗਲੈਂਡ ਦੇ ਪ੍ਰਿਥਵੀ ਵਿਗਿਆਨੀ ਜੋਏ ਫਰਮਾਨ ਨੇ ਅੰਟਾਰਕਟਿਕਾ ਦਾ ਸਰਵੇਖਣ ਅਤੇ ਅਧਿਐਨ ਕਰਦੇ ਸਮੇਂ ਦੇਖਿਆ ਕਿ ਧਰਤੀ ਤੋਂ ਤਕਰੀਬਨ 40 ਕਿਲੋਮੀਟਰ 'ਤੇ ਓਜ਼ੋਨ ਦੀ ਪਰਤ ਜੋ ਸੂਰਜ ਦੀਆਂ ਤੇਜ਼ ਕਹਿਰਵਾਨ ਕਿਰਨਾਂ ਨੂੰ ਪੁਣ ਕੇ ਅਤੇ ਠੰਢੀਆਂ ਕਰਕੇ ਧਰਤੀ 'ਤੇ ਭੇਜਦੀ ਹੈ ਅਤੇ ਜਿਹੜੀ ਸਾਡੇ ਜੀਵਨ ਲਈ ਸੁਰੱਖਿਆ ਛਤਰੀ ਦੇ ਸਮਾਨ ਹੈ, ਨਾਂਹ ਪੱਖੀ ਗੈਸਾਂ ਦੇ ਦਬਾਅ ਕਰਕੇ ਪਤਲੀ ਤੇ ਕਮਜ਼ੋਰ ਪੈ ਗਈ ਹੈ ਤੇ ਅੰਟਾਰਕਟਿਕਾ 'ਤੇ ਓਜ਼ੋਨ ਵਿਚ ਵੱਡਾ ਮਘੋਰਾ ਹੋ ਗਿਆ ਹੈ। ਇਹ ਮਘੋਰਾ ਅਮਰੀਕਾ ਦੇ ਘੇਰੇ (ਵਿਆਸ) ਜਿੰਨਾ ਚੌੜਾ ਤੇ ਹਿਮਾਲਿਆ ਪਰਬਤ ਜਿੰਨਾ ਡੂੰਘਾ ਹੈ। ਇਸ ਖੋਜ ਦੀ ਪੁਸ਼ਟੀ ਪਿੱਛੋਂ ਸੰਨ 1992 ਵਿਚ ਅਮਰੀਕਾ ਦੀ ਪੁਲਾੜ ਏਜੰਸੀ ਨਾਸਾ ਨੇ ਵੀ ਆਪਣੇ ਉਪਗ੍ਰਹਿ ਨਿੰਬਸ-7 ਰਾਹੀਂ ਕੀਤੀ। ਵਾਤਾਵਰਨ ਲਈ ਸਭ ਤੋਂ ਵੱਧ ਖਤਰਾ ਈ-ਕਚਰੇ ਅਤੇ ਐਟਮੀ ਕਚਰੇ ਤੋਂ ਹੈ। ਪੁਲਾੜ ਵਿਚ ਛੱਡਿਆ ਜਾਣ ਵਾਲਾ ਇਕ ਅਮਰੀਕੀ ਸ਼ਟਲ ਤਕਰੀਬਨ ਪੌਣੇ ਚਾਰ ਲੱਖ ਟਨ ਕਾਰਬਨ-ਡਾਇਆਕਸਾਈਡ ਗੈਸ ਵਾਤਾਵਰਨ ਵਿਚ ਛੱਡਦਾ ਹੈ ਤੇ ਇੰਨੀ ਗੈਸ ਇਕੋ ਸਮੇਂ ਤਕਰੀਬਨ 10 ਲੱਖ ਟਨ ਓਜ਼ੋਨ ਨੂੰ ਤਬਾਹ ਕਰਨ ਦਾ ਕੰਮ ਕਰਦੀ ਹੈ।

3 ਨਵੰਬਰ 2008 ਵਿਚ ਚੰਡੀਗੜ੍ਹ ਵਿਚ ਦੱਖਣੀ ਏਸ਼ੀਆ ਵਿਚ ਵਾਤਾਵਰਨ ਤਬਦੀਲੀ ਤੇ ਖੁਰਾਕ ਸਮੱਸਿਆ ਬਾਰੇ ਹੋਈ ਕਾਨਫਰੰਸ ਵਿਚ ਵਿਗਿਆਨੀਆਂ ਨੇ ਸੰਕੇਤ ਦਿੱਤਾ ਸੀ ਕਿ ਕੇਵਲ ਇਕ ਡਿਗਰੀ ਤਾਪਮਾਨ ਵਧਣ ਨਾਲ ਦੱਖਣੀ ਏਸ਼ੀਆ ਵਿਚ 50 ਲੱਖ ਟਨ ਕਣਕ ਦਾ ਉਤਪਾਦਨ ਘਟ ਸਕਦਾ ਹੈ; ਅਗਲੇ 50 ਤੋਂ 100 ਸਾਲ ਤੱਕ 6 ਡਿਗਰੀ ਤਾਪਮਾਨ ਵਧਣ ਦਾ ਖ਼ਦਸ਼ਾ ਹੈ। ਇਸ ਨਾਲ ਚਾਹ, ਕਾਫੀ ਤੇ ਦਵਾਈਆਂ ਵਾਲੇ ਬੂਟਿਆਂ ਦਾ ਝਾੜ ਤੇ ਗੁਣਵੱਤਾ ਘਟੇਗੀ ਤੇ ਮੱਛੀ ਪਾਲਣ ਦਾ ਕਿੱਤਾ ਰੁਕਾਵਟਾਂ ਵਿਚ ਘਿਰ ਜਾਵੇਗਾ। ਇਉਂ ਅਗਲੀ ਅੱਧੀ ਸਦੀ ਦੌਰਾਨ 10 ਤੋਂ 40 ਫੀਸਦੀ ਤਕ ਖੇਤੀ ਦਾ ਖੇਤਰ ਪ੍ਰਭਾਵਿਤ ਹੋਵੇਗਾ।

ਸਭ ਤੋਂ ਵੱਡੀ ਸਮੱਸਿਆ ਅਜਿਹੀ ਗਰਮੀ ਨਾਲ ਗਲੇਸ਼ੀਅਰ ਪਿਘਲਣ ਕਰਕੇ ਆਵੇਗੀ। ਅੱਜ ਸਮੁੱਚੇ ਹਿਮਾਲਿਆ ਖੇਤਰ ਦੇ 30 ਲੱਖ ਹੈਕਟੇਅਰ ਰਕਬੇ ਵਿਚ ਪਏ ਗਲੇਸ਼ੀਅਰ ਸਹਿਜੇ ਸਹਿਜੇ ਖੁਰ ਕੇ ਧਰਤੀ ਤੇ ਵਸਣ ਵਾਲੇ ਜੀਵਨ ਦੀਆਂ ਤਕਰੀਬਨ 2 ਤਿਹਾਈ ਲੋੜਾਂ ਦੀ ਪੂਰਤੀ ਕਰਦੇ ਹਨ। ਇਹ ਏਸ਼ੀਆ ਦੇ ਤਕਰੀਬਨ ਇਕ ਅਰਬ ਲੋਕਾਂ ਦੀ ਪਾਣੀ ਦੀ ਲੋੜ ਪੂਰੀ ਕਰਦੇ ਹਨ। ਇਹ ਪਾਣੀ ਗੰਗਾ, ਬ੍ਰਹਮਪੁੱਤਰ, ਸਿੰਧੂ ਤੇ ਮੇਘਨਾ ਨਦੀਆਂ ਰਾਹੀਂ ਲੋਕਾਂ ਤਕ ਪਹੁੰਚਦਾ ਹੈ। ਇਨ੍ਹਾਂ ਦੀ ਕਿਰਪਾ ਕਰਕੇ ਹੀ ਧਰਤੀ ਉਤੇ ਜੀਵਨ ਦੀ ਜੋਤ ਲਗਾਤਾਰ ਜਗ ਰਹੀ ਹੈ। ਸਾਡਾ ਗੰਗੋਤਰੀ ਗਲੇਸ਼ੀਅਰ ਤਕਰੀਬਨ 25 ਵਰਗ ਕਿਲੋਮੀਟਰ ਵਿਚ ਫੈਲਿਆ ਪਿਆ ਹੈ ਜੋ ਹਰ ਸਾਲ ਵਧ ਰਹੀ ਗਰਮੀ ਕਰਕੇ 18 ਮੀਟਰ ਖੁਰ ਕੇ ਥੱਲੇ ਆ ਰਿਹਾ ਹੈ। ਪਿਛਲੇ 50 ਸਾਲਾਂ ਵਿਚ ਐਵਰਿਸਟ ਖੇਤਰ ਅੰਦਰ 180 ਮੀਟਰ ਤਕ ਬਰਫਬਾਰੀ ਘਟੀ ਹੈ ਤੇ ਗਲੇਸ਼ੀਅਰਾਂ ਦੇ ਆਕਾਰ ਵਿਚ 13 ਫ਼ੀਸਦੀ ਕਮੀ ਆਈ ਹੈ।

ਜੇ ਗਲੇਸ਼ੀਅਰ ਖੁਰ ਜਾਂਦੇ ਹਨ ਤਾਂ ਮਾਨਵਤਾ ਨੂੰ ਜੀਵਨ ਦਾਨ ਕਰਨ ਵਾਲੇ ਨਦੀਆਂ-ਨਾਲੇ ਤੇ ਝਰਨਿਆਂ ਰਾਹੀਂ ਪਹਾੜਾਂ ਤੋਂ ਉਤਰਦੇ ਪਾਣੀ ਦਾ ਕਲ ਕਲ ਕਰਦਾ ਸੁਖਾਵਾਂ ਸੰਗੀਤ ਵੀ ਖਾਮੋਸ਼ ਹੋ ਜਾਵੇਗਾ। ਉਦਯੋਗ ਦੀ ਧੜਕਣ ਬੰਦ ਹੋ ਜਾਵੇਗੀ ਤੇ ਦੁਨੀਆ ਭਿਆਨਕ ਹਨੇਰੇ ਵਿਚ ਡੁੱਬ ਜਾਵੇਗੀ।

ਤੇਜ਼ੀ ਨਾਲ ਵਧ ਰਹੀ ਗਰਮੀ ਨਾਲ ਜੇ ਅੰਟਾਰਕਟਿਕਾ ਦੀਆਂ ਬਰਫਾਂ ਹੀ ਖੁਰਦੀਆਂ ਹਨ ਤਾਂ ਸਮੁੰਦਰ ਦੀ ਤਹਿ ਇਕ ਦਮ ਇਕ ਮੀਟਰ ਉਚੀ ਉਠ ਜਾਵੇਗੀ। ਪਿਛਲੇ ਤਕਰੀਬਨ ਪੰਜ ਸੌ ਸਾਲਾਂ ਦੌਰਾਨ ਸਮੁੰਦਰ ਦੀ ਸਤਹਿ ਕੇਵਲ 5 ਸੈਂਟੀਮੀਟਰ ਹੀ ਉਚੀ ਉਠੀ ਹੈ। ਸਮੁੰਦਰ ਦਾ ਪਾਣੀ ਇਨਾ ਉਚਾ ਉਠਣ ਦੀ ਅਵਸਥਾ ਵਿਚ ਸਮੁੰਦਰਾਂ ਦੇ ਕੰਢੇ ਵਸਣ ਵਾਲੀ ਸੰਸਾਰ ਦੀ ਤਕਰੀਬਨ ਅੱਧੀ ਅਬਾਦੀ ਪਾਣੀ ਵਿਚ ਡੁੱਬ ਜਾਵੇਗੀ।

ਯੂਨੈਸਕੋ ਦੇ ਵਿਗਿਆਨੀ ਡਾ. ਰਾਮ ਭਜ ਨੇ ਸੰਨ 2008 ਵਿਚ ਕਿਹਾ ਸੀ ਕਿ ਸੰਸਾਰ ਨੂੰ ਮਹਾਂਮਾਰੀਆਂ ਤੋਂ ਬਚਾਉਣ ਲਈ ਸੰਨ 2020 ਤਕ ਹੁਣ ਦੇ ਮੁਕਾਬਲੇ ਵਾਤਾਵਰਨ ਦੀਆਂ ਦੁਸ਼ਮਣ ਗੈਸਾਂ ਵਿਚ 25 ਤੋਂ 40 ਫ਼ੀਸਦੀ ਤਕ ਕਮੀ ਕਰਨੀ ਪਵੇਗੀ। ਇਨ੍ਹਾਂ ਗੈਸਾਂ ਦੇ ਵਿਸਥਾਰ ਵਿਚ ਅਮਰੀਕਾ ਤੇ ਚੀਨ ਦਾ ਹਿੱਸਾ ਸਭ ਤੋਂ ਵੱਧ ਹੈ। ਇਨ੍ਹਾਂ ਗੈਸਾਂ ਨਾਲ ਨਜਿੱਠਣ ਲਈ ਬਿਰਛਾਂ ਦੀ ਹਰਿਆਵਲ ਵੱਡਾ ਹਿੱਸਾ ਪਾ ਸਕਦੀ ਹੈ। ਤਸੱਲੀ ਦੀ ਗੱਲ ਹੈ ਕਿ ਨਾਸਾ ਦੀ ਰਿਪੋਰਟ ਅਨੁਸਾਰ, ਹਰਿਆਵਲ ਸਿਰਜਣ ਵਿਚ ਚੀਨ ਅਤੇ ਭਾਰਤ ਅੱਗੇ ਜਾ ਰਹੇ ਹਨ। ਸੰਨ 2000 ਤੋਂ 2017 ਦਰਮਿਆਨ ਅਮਰੀਕਾ ਦੀ ਬੋਸਟਨ ਯੂਨੀਵਰਸਿਟੀ ਦੇ ਡਾ. ਚੀਚਿਨ ਦੀ ਰਿਪੋਰਟ ਅਨੁਸਾਰ, ਚੀਨ ਅਤੇ ਭਾਰਤ ਅੰਦਰ ਇਕ ਤਿਹਾਈ ਹਰਿਆਵਲ ਹੈ। 11 ਫਰਵਰੀ 2019 ਦੇ ਜਨਰਲ ਵਿਚ ਛਪੀ ਇਸ ਰਿਪੋਰਟ ਦੇ ਅਨੁਸਾਰ ਚੀਨ ਵਿਚ 42 ਫ਼ੀਸਦੀ ਜੰਗਲ ਤੇ 32 ਫ਼ੀਸਦੀ ਰਕਬੇ ਵਿਚ ਫ਼ਸਲਾਂ ਹਨ ਅਤੇ ਭਾਰਤ ਵਿਚ 82 ਫ਼ੀਸਦੀ ਰਕਬੇ ਵਿਚ ਫ਼ਸਲਾਂ ਤੇ 44 ਫ਼ੀਸਦੀ ਰਕਬੇ ਵਿਚ ਜੰਗਲ ਹਨ। ਇਸ ਦੇ ਨਾਲ ਹੀ ਇਸ ਹਕੀਕਤ ਦੇ ਰੂ-ਬ-ਰੂ ਹੋਣ ਦੀ ਵੀ ਲੋੜ ਹੈ ਕਿ ਸੰਸਾਰ ਦੇ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰਾਂ ਵਿਚੋਂ 22 ਸ਼ਹਿਰ ਭਾਰਤ ਵਿਚ ਹਨ ਜਦ ਕਿ ਚੀਨ ਵਿਚ ਪੰਜ, ਪਾਕਿਸਤਾਨ ਤੇ ਬੰਗਲਾਦੇਸ਼ ਵਿਚ ਦੋ ਦੋ ਅਜਿਹੇ ਸ਼ਹਿਰ ਹਨ। ਸੰਯੁਕਤ ਰਾਸ਼ਟਰ ਦੇ ਵਾਤਾਵਰਨ ਵਿਭਾਗ ਦੀ ਸਾਲ 2018 ਦੀ ਰਿਪੋਰਟ ਅਨੁਸਾਰ ਵਾਤਾਵਰਨ ਵਿਚਲੇ ਪ੍ਰਦੂਸ਼ਨ ਕਰਕੇ ਸੰਸਾਰ ਵਿਚ 70 ਲੱਖ ਲੋਕਾਂ ਦੀ ਮੌਤ ਸਮੇਂ ਤੋਂ ਪਹਿਲਾਂ ਹੋ ਜਾਂਦੀ ਹੈ। ਇਨ੍ਹਾਂ ਵਿਚ 6 ਲੱਖ ਬੱਚੇ ਵੀ ਸ਼ਾਮਿਲ ਹਨ ਤੇ ਸੰਸਾਰ ਅੰਦਰ ਹਰ ਇਕ ਘੰਟੇ ਵਿਚ 800 ਲੋਕ ਮੌਤ ਦਾ ਸ਼ਿਕਾਰ ਹੋ ਰਹੇ ਹਨ।

**- ਮਹਿੰਦਰ ਸਿੰਘ ਦੋਸਾਂਝ**

## ਪੰਜਾਬ ਦਾ ਕਿੰਨਾ ਨੁਕਸਾਨ ਕਰ ਦਿੱਤਾ ਨਸ਼ਿਆਂ ਨੇ

ਪੰਜਾਬ ਨੂੰ ਕਾਨੂੰਨ ਦੇ ਡੰਡੇ ਨਾਲ ਨਸ਼ਾ ਮੁਕਤ ਕਰਨ ਦੇ ਵਾਅਦੇ ਤੇ ਦਾਅਵੇ ਵੀ ਸੁਣਾਈ ਦਿੰਦੇ ਰਹਿੰਦੇ ਹਨ ਅਤੇ ਯਤਨ ਹੁੰਦੇ ਵੀ ਦਿਖਦੇ ਰਹਿੰਦੇ ਹਨ ਪਰ ਜਦੋਂ ਕੋਈ ਸਿੱਟਾ ਦਿਖਾਈ ਨਹੀਂ ਦਿੰਦਾ ਤਾਂ ਹਾਕਮਾਂ ਦੀ ਸੁਹਿਰਦਤਾ ਸ਼ੱਕੀ ਹੋ ਜਾਂਦੀ ਹੈ।

ਅਸੀਂ ਸਮਝਦੇ ਹਾਂ ਕਿ ਨੌਜਵਾਨਾਂ ਨੂੰ ਨਸ਼ਿਆਂ ਦੀ ਬੁਰਾਈ ਬਾਰੇ ਜਾਗਰੂਕ ਨਹੀਂ ਕੀਤਾ ਗਿਆ। ਇਸ ਦੀ ਪਹਿਲੀ ਜ਼ਿੰਮੇਵਾਰੀ ਮਾਪਿਆਂ ਦੀ ਹੁੰਦੀ ਹੈ ਅਤੇ ਦੂਜੀ ਅਧਿਆਪਕਾਂ ਦੀ। ਕਈ ਬੁੱਧੀਜੀਵੀ ਇਸ ਨੂੰ ਸੋਚੀ ਸਮਝੀ ਸਾਜ਼ਿਸ਼ ਦੱਸਦੇ ਹਨ ਜੋ ਮਾਰਸ਼ਲ ਕੌਮ ਨੂੰ ਖ਼ਤਮ ਕਰਨ ਲਈ ਘੜੀ ਗਈ ਹੈ। ਇਕ ਧਾਰਨਾ ਇਹ ਵੀ ਹੈ ਕਿ ਜਿਹੜੀ ਸਰਕਾਰ ਖ਼ੁਦ ਸ਼ਰਾਬ ਵੇਚਣ ਦਾ ਧੰਦਾ ਕਰਦੀ ਹੈ ਉਹ ਨਸ਼ੇ ਖ਼ਤਮ ਕਰਨ ਪ੍ਰਤੀ ਸੰਜੀਦਾ ਕਿਵੇਂ ਹੋ ਸਕਦੀ ਹੈ? ਸ਼ਰਾਬ ਅਤੇ ਤੰਬਾਕੂ ਹੀ ਤਾਂ ਸਾਰੇ ਨਸ਼ਿਆਂ ਦੀ ਜੜ੍ਹ ਲਾਉਂਦੇ ਹਨ। ਪ੍ਰਸ਼ਾਸਨ ਦੇ ਸਹਿਯੋਗ ਤੋਂ ਬਿਨਾਂ ਜੇਲ੍ਹਾਂ ਅੰਦਰ ਨਸ਼ਾ ਕਿਵੇਂ ਪ੍ਰਵੇਸ਼ ਕਰ ਸਕਦਾ ਹੈ? ਇਹ ਅੰਦਾਜ਼ੇ ਐਵੇਂ ਤਾਂ ਹੋਂਦ ਵਿਚ ਨਹੀਂ ਆਏ। ਕਿਸੇ ਨਾ ਕਿਸੇ ਦ੍ਰਿਸ਼ਟੀਕੋਣ ਤੋਂ ਇਨ੍ਹਾਂ ਦੀ ਭੂਮਿਕਾ ਜ਼ਰੂਰ ਹੈ ਪਰ ਮੂਲ ਕਾਰਨ ਤਕ ਤਾਂ ਹੀ ਪਹੁੰਚ ਸਕਾਂਗੇ ਜੇਕਰ ਇਹ ਜਾਣ ਜਾਵਾਂਗੇ ਕਿ ਸਮੱਸਿਆ ਸਮਾਜਿਕ ਹੈ ਜਾਂ ਮਾਨਸਿਕ, ਪ੍ਰਸ਼ਾਸਨਿਕ ਹੈ ਜਾਂ ਆਰਥਿਕ।

ਅਸਲੀਅਤ ਦੇ ਨੇੜੇ ਪਹੁੰਚਣ ਲਈ ਸਾਨੂੰ ਥੋੜ੍ਹਾ ਪਿੱਛੇ ਜਾਣਾ ਪਵੇਗਾ ਜਦੋਂ ਰਵਾਇਤੀ ਨਸ਼ਿਆਂ ਨੂੰ ਸੋਧ ਕੇ ਉਨ੍ਹਾਂ ਦੀ ਗੁਣਵੱਤਾ ਨੂੰ ਕਈ ਤਜਰਬਾਂ ਦੇ ਦਿੱਤੀਆਂ ਗਈਆਂ ਜਿਨ੍ਹਾਂ ਨੂੰ ਸਿਹਤ ਕਲਿਆਣ ਲਈ ਦਵਾਈਆਂ ਵਜੋਂ ਇਸਤੇਮਾਲ ਕੀਤਾ ਜਾਣ ਲੱਗਾ। ਇਹ ਸਮਾਂ ਉੱਨੀਵੀਂ ਸਦੀ ਦਾ ਤਕਰੀਬਨ ਆਰੰਭ ਹੀ ਸੀ ਜਦੋਂ ਅਫ਼ੀਮ ਦੀ ਕਾਇਆਕਲਪ ਕਰਕੇ ਮੋਰਫੀਨ ਬਣਾ ਲਈ ਗਈ।

ਭੂਗੋਲਿਕ ਤੌਰ 'ਤੇ ਜਿੱਥੇ ਅਸੀਂ ਬੈਠੇ ਹਾਂ ਉਸ ਦੇ ਪੂਰਬੀ ਅਤੇ ਪੱਛਮੀ ਖਿੱਤਿਆਂ ਵਿਚ ਵਿਸ਼ਵ ਦਾ ਅੱਸੀ ਪ੍ਰਤੀਸ਼ਤ ਨਸ਼ਾ ਪੈਦਾ ਹੁੰਦਾ ਹੈ। ਨਸ਼ਾ ਮੁਕਤੀ ਨਾ ਅਸੰਭਵ ਹੈ ਅਤੇ ਨਾ ਹੀ ਚੁਟਕੀ ਵਿਚ ਹੱਲ ਹੋਣ ਵਾਲੀ ਸਮੱਸਿਆ ਹੈ। ਇਤਿਹਾਸ ਦੀਆਂ ਦੋ ਮਹੱਤਵਪੂਰਨ ਘਟਨਾਵਾਂ ਨੂੰ ਯਾਦ ਕਰਕੇ ਅਸੀਂ ਇਸ ਪਾਸੇ ਵੱਲ ਪਰਤਾਂਗੇ ਜਿਹੜੀਆਂ ਉਨੀਵੀਂ ਸਦੀ ਦੇ ਪਹਿਲੇ ਅੱਧ ਵਿਚ ਵਾਪਰੀਆਂ ਸਨ। ਪਹਿਲੀ ਘਟਨਾ ਮੋਰਫੀਨ ਦੀ ਈਜਾਦ ਸੀ ਜਿਸ ਨੇ ਸਿਹਤ ਸੇਵਾਵਾਂ ਲਈ ਚਮਤਕਾਰੀ ਸਿੱਟੇ ਕੱਢੇ ਸਨ। ਖੋਜਕਾਰਾਂ ਦਾ ਮਨੋਰਥ ਰੋਗਾਂ 'ਤੇ ਜਿੱਤ ਪ੍ਰਾਪਤ ਕਰਨਾ ਸੀ, ਪਰ ਦਵਾਈ ਦੇ ਨਿੱਜੀ ਉਤਪਾਦਨ ਨੇ ਇਸ ਦੇ ਮਨੋਰਥ ਨੂੰ ਪ੍ਰਭਾਵਤ ਕਰ ਦਿੱਤਾ।

ਦੂਜੀ ਘਟਨਾ ਸੀ ਈਸਟ ਇੰਡੀਆ ਕੰਪਨੀ ਵੱਲੋਂ ਅਫ਼ੀਮ ਦਾ ਕੌਮਾਂਤਰੀ ਵਪਾਰ ਆਰੰਭ ਕਰਨਾ। ਇਸ ਨੇ ਇਸ ਖਿੱਤੇ 'ਚ ਪੈਦਾ ਹੁੰਦੀ ਅਫ਼ੀਮ ਖ਼ਰੀਦ ਕੇ ਚੀਨ ਵਿਚ ਵੇਚਣੀ ਸ਼ੁਰੂ ਕੀਤੀ ਅਤੇ ਬਦਲੇ ਵਿਚ ਕੰਪਨੀ ਚੀਨ ਦਾ ਬਿਹਤਰੀਨ ਰੇਸ਼ਮ ਖ਼ਰੀਦ ਕੇ ਯੂਰਪ ਦੀ ਮੰਡੀ ਵਿਚ ਵੇਚਦੀ ਸੀ। ਦੁਵੱਲੇ ਮੁਨਾਫ਼ੇ ਨੇ ਇਕ ਪਾਸੇ ਤਾਂ ਈਸਟ ਇੰਡੀਆ ਕੰਪਨੀ ਦੇ ਵਾਰੇ ਨਿਆਰੇ ਕਰ ਦਿੱਤੇ ਅਤੇ ਦੂਜੇ ਪਾਸੇ ਚੀਨੀ ਵਸੋਂ ਦੇ ਵਿਸ਼ਾਲ ਹਿੱਸੇ ਨੂੰ ਅਫ਼ੀਮਚੀ ਬਣਾ ਦਿੱਤਾ।

ਨਵੇਂ ਤੋਂ ਨਵੇਂ ਨਸ਼ਿਆਂ ਦੇ ਹੋਂਦ ਵਿਚ ਆਉਣ ਨਾਲ ਜਦੋਂ ਨਸ਼ੇ ਦੀ ਮੰਡੀ ਹੋਂਦ ਵਿਚ ਆਈ ਤਾਂ ਪਾਬੰਦੀ ਦੇ ਕਾਨੂੰਨ ਵੀ ਹੋਂਦ ਵਿਚ ਆਉਣੇ ਆਰੰਭ ਹੋਏ। ਪਰ ਕੀ ਪਾਬੰਦੀਆਂ ਤੇ ਕਾਨੂੰਨੀ ਸਖ਼ਤੀ ਨੇ ਨਸ਼ਾ ਮੁਕਤੀ ਵਿਚ ਕੋਈ ਸਹਾਇਤਾ ਕੀਤੀ? ਸ਼ਾਇਦ ਨਹੀਂ। ਹਾਂ, ਪਾਬੰਦੀਆਂ ਅਤੇ ਸਖ਼ਤੀਆਂ ਮੁਨਾਫ਼ੇ ਵਿਚ ਵੱਡੇ ਉਛਾਲ ਜ਼ਰੂਰ ਲਿਆਉਂਦੀਆਂ ਹਨ। ਖੁੱਲ੍ਹੀ ਮੰਡੀ ਤਸਕਰੀ ਦਾ ਰੂਪ ਧਾਰਨ ਕਰਕੇ ਮੁਨਾਫ਼ੇ ਦੀ ਖਾਣ ਬਣ ਜਾਂਦੀ ਹੈ। ਬੀਤੇ ਵਿਚ ਰਾਜਕੀ ਅਰਥ ਵਿਵਸਥਾ ਨੂੰ ਪਰਿਵਰਤਤ ਕੀਤੇ ਬਿਨਾ ਦੁਨੀਆ ਦੇ ਅਨੇਕਾਂ ਦੇਸ਼ਾਂ ਨੇ ਪਾਬੰਦੀਆਂ ਦੇ ਤਜਰਬੇ ਕੀਤੇ ਹਨ। ਦੇਸ਼ ਆਜ਼ਾਦ ਹੋਣ ਉਪਰੰਤ ਲੋਕਾਂ ਦੀ ਸਿਹਤ ਨੂੰ ਏਜੰਡੇ 'ਤੇ ਲੈਂਦਿਆਂ ਦੇਸ਼ ਦੇ ਸੰਵਿਧਾਨ ਵਿਚ ਉਦੇਸ਼ ਦਰਜ ਕੀਤਾ ਗਿਆ ਕਿ ਸਰਕਾਰ ਦੇਸ਼ ਨੂੰ ਨਸ਼ਾ ਮੁਕਤ ਕਰੇਗੀ। ਸੰਨ 1979 ਵਿਚ ਕਾਨੂੰਨ ਹੋਰ ਸਖ਼ਤ ਕਰ ਦਿੱਤਾ ਪਰ ਸਮੁੱਚੇ ਤੌਰ 'ਤੇ ਨਤੀਜੇ ਸੁਹਿਰਦ ਵਿਸ਼ਲੇਸ਼ਣ ਦਾ ਵਿਸ਼ਾ ਹਨ। ਨਸ਼ਿਆਂ ਦੀ ਹੋਂਦ ਆਪਣੇ ਆਪ ਨਸ਼ੇੜੀ ਪੈਦਾ ਨਹੀਂ ਕਰਦੀ ਸਗੋਂ ਇਸ ਦਾ ਮੰਡੀਕਰਨ ਨਸ਼ੇੜੀ ਪੈਦਾ ਕਰਦਾ ਹੈ। ਪਹਿਲੋਂ ਪਹਿਲ ਪੰਜਾਬ ਮਾਰੂ ਨਸ਼ਿਆਂ ਦਾ ਲਾਂਘਾ ਹੀ ਸੀ। ਖਪਤ ਦੀ ਮੰਡੀ ਨਹੀਂ ਸੀ। ਖਪਤਕਾਰ ਵਧਾਉਣ ਦੇ ਯਤਨਾਂ ਨੇ ਇਸ ਨੂੰ ਵੀ ਮੰਡੀ ਵਿਚ ਬਦਲ ਦਿੱਤਾ। ਇਹ ਬੇਲਗਾਮ ਮੁਨਾਫ਼ੇ ਦੀ ਹਵਸ ਦਾ ਸਿੱਟਾ ਹੈ। ਜਿੰਨੀ ਦੇਰ ਨਸ਼ੀਲੇ ਅਸਰ ਵਾਲੇ ਉਤਪਾਦਾਂ ਦਾ ਉਤਪਾਦਨ ਨਿੱਜੀ ਕੰਪਨੀਆਂ ਦੇ ਹੱਥਾਂ ਵਿਚ ਰਹੇਗਾ ਓਨੀ ਦੇਰ ਮਨੁੱਖਾਂ ਨੂੰ ਨਸ਼ਿਆਂ ਦੇ ਚੁੰਗਲ ਵਿਚੋਂ ਆਜ਼ਾਦ ਨਹੀਂ ਕਰਾਇਆ ਜਾ ਸਕਦਾ।

**- ਸਤਨਾਮ ਚਾਨਾ**

## ਘੱਲੂਘਾਰਾ ਜੂਨ-84 ਦੀ 35ਵੀਂ ਬਰਸੀ ਦੌਰਾਨ ਖਾਸ ਗੱਲਾਂ

1. ਇਸ ਵਾਰ ਅਰਦਾਸ ਦੀ ਸ਼ਬਦਾਵਲੀ ਬਹੁਤ ਸ਼ਲਾਘਾਯੋਗ ਸੀ, ਇਸ ਲਈ ਭਾਜਪਾ ਦਾ ਧੰਨਵਾਦ ਕਰਨਾ ਚਾਹੀਦਾ ਹੈ, ਜਿਹਨਾਂ ਕਰਕੇ ਇਸ ਵਾਰ ਜਥੇਦਾਰ ਨੂੰ ਸੁਨੇਹਾ ਦੇਣਾ ਪਿਆ।

2. ਜਥੇਦਾਰ ਨੂੰ ਇਸ ਗੱਲ ਦੀ ਚਿੰਤਾ ਸੀ ਕਿ ਪੰਜਾਬੀ ਬਾਹਰ ਜਾ ਕੇ ਵੱਡੇ ਅਹੁਦੇ ਵਾਲੀ ਸਫੇਦ ਕਾਲਰ ਨੌਕਰੀ ਦੀ ਥਾਂ ਲੇਬਰ ਕਰਦੇ ਹਨ, ਮਤਲਬ ਜਥੇਦਾਰ ਸਾਹਿਬ ਮਿਹਨਤ ਅਤੇ ਹੱਕ ਹਲਾਲ ਦੀ ਕਿਰਤ ਨੂੰ ਛੋਟਾ ਕਹਿ ਰਿਹਾ ਹੈ। ਜਥੇਦਾਰ ਸਾਹਿਬ ਕਹਿ ਰਹੇ ਸੀ ਕਿ ਪੰਜਾਬੀਆਂ ਨੂੰ ਪੜ੍ਹ ਲਿਖ ਕੇ ਡੀਸੀ, ਜੱਜ ਅਤੇ ਸੈਕਟਰੀ ਲੱਗਣਾ ਚਾਹੀਦਾ ਪਰ ਨੀਲਾ ਤਾਰਾ ਸਾਕੇ ਦੌਰਾਨ ਸਿੱਖ ਫੌਜੀ ਜਰਨੈਲ, ਡਿਪਲੋਮੇਟ, ਹੋਮ ਮਨਿਸਟਰ, ਰਾਸ਼ਟਰਪਤੀ ਸਮੇਤ ਬਹੁਤ ਉੱਚੇ ਅਹੁਦਿਆਂ ਤੇ ਬੈਠੇ ਸਨ ਪਰ ਉਹਨਾਂ ਨੂੰ ਵੀ ਸ਼ਿਕਾਰ ਬਣਾਇਆ ਗਿਆ ਅਤੇ ਨਸਲਕੁਸ਼ੀ ਕੀਤੀ ਗਈ।

3. ਹੈਰਾਨਗੀ ਵਾਲੀ ਗੱਲ ਸਿਮਰਨਜੀਤ ਸਿੰਘ ਦਾ ਭਾਸ਼ਣ ਰਿਹਾ, ਜੋ ਕਹਿ ਰਹੇ ਸਨ ਕਿ ਭਾਰਤੀ ਵੋਟ ਤੰਤਰ ਅਧੀਨ[]ਹੀ ਖਾਲਿਸਤਾਨ ਬਣਾਉਣਗੇ, ਇਹ ਸ਼ਾਇਦ ਇੱਕ ਮਜ਼ਾਕੀਆ ਜਿਹਾ ਬਿਆਨ ਹੈ, ਚਾਹੇ ਇਸ ਦੌਰਾਨ ਸਿਮਰਨਜੀਤ ਮਾਨ ਨੇ ਇਸ ਪੂਰੇ ਉਤਰੀ ਖਿੱਤੇ ਨੂੰ ਬਫਰ ਜੋਨ ਵਜੋਂ ਪਛਾਣ ਕਰਨ ਦੀ ਵੀ ਗੱਲ ਕਹੀ।

4. ਪੂਰਾ ਸਮਾਗਮ ਸ਼ਾਂਤਮਈ ਹੋਇਆ ਪਰ ਜਦ ਸਿਮਰਨਜੀਤ ਸਿੰਘ ਮਾਨ ਨੇ ਬੋਲਣਾ ਸੀ, ਤਾਂ ਸ਼੍ਰੋਮਣੀ ਕਮੇਟੀ ਨੇ ਉਸ ਨੂੰ ਰੋਕਣ ਲਈ ਉਚੀ ਆਵਾਜ ਵਿੱਚ ਸਪੀਕਰ ਚਲਾ ਕੇ ਸ਼ਬਦ ਲਗਾ ਦਿੱਤੇ ਜਿਸ ਤੇ ਮਾਨ ਸਮਰਥਕ ਭੜਕ ਗਏ ਅਤੇ ਉਹਨਾਂ ਨੇ ਸਪੀਕਰ ਬੰਦ ਕਰਾਉਣ ਲਈ ਜੰਗਲਾ ਪੁੱਟ ਸੁੱਟਿਆ ਪਰ ਹਮੇਸ਼ਾ ਦੀ ਤਰ੍ਹਾਂ ਮਸਾਲਾ ਲੱਭ ਰਹੀ ਮੀਡੀਆ ਨੇ ਇਸ ਨੂੰ ਖਾਲਿਸਤਾਨ ਦੇ ਨਾਹਰੇ ਅਤੇ ਤਲਵਾਰਾਂ ਚੱਲਣ ਦਾ ਵਾਕਾ ਬਣਾ ਕੇ ਪੇਸ਼ ਕੀਤਾ।

**-ਗੁਰਵੀਰ ਰਠੌਰ**

## ਦਿਨ ਪ੍ਰਤੀ ਦਿਨ ਗੁਆਚਦੀ ਜਾ ਰਹੀ ਇਨਸਾਨੀਅਤ

ਸਾਡੇ ਸਮਾਜ ਦੀ ਇਹ ਤ੍ਰਾਸਦੀ ਹੈ ਕਿ ਅਸੀਂ ਇਨਸਾਨਾਂ ਵਿੱਚ ਰੱਬ ਨੂੰ ਨਹੀਂ ਲੱਭਦੇ, ਸਗੋਂ ਪੱਥਰਾਂ ਵਿੱਚ ਰੱਬ ਲੱਭਦੇ ਫਿਰਦੇ ਹਾਂ। ਇੱਕ ਧਾਰਮਿਕ ਸਥਾਨ ਲਈ ਤਾਂ ਚੰਦਾ ਇਕੱਠਾ ਕਰ ਸਕਦੇ ਹਾਂ ਪਰ ਇੱਕ ਗਰੀਬ ਅਤੇ ਲੋੜਬੰਦ ਦੀ ਮਦਦ ਕਰਨ ਲਈ ਨਹੀਂ। ਇੱਕ ਧਰਮ ਦੇ ਠੇਕੇਦਾਰ ਨੂੰ ਨਵੀਂ ਲਗਜ਼ਰੀ ਗੱਡੀ ਤਾਂ ਦੇ ਸਕਦੇ ਹਾਂ ਪਰ ਭੁੱਖੇ ਨੂੰ ਇੱਕ ਵਕਤ ਦੀ ਰੋਟੀ ਦੇਣ ਲੱਗੇ ਅਸੀਂ ਤਕਲੀਫ ਮੰਨਦੇ ਹਾਂ। ਧਾਰਮਿਕ ਸਥਾਨਾਂ ਦੀ ਉਸਾਰੀ ਲਈ ਕਰੋੜਾਂ ਰੁਪਏ ਦਾਨ ਕਰਨ ਲਈ ਇੱਕ ਵਾਰ ਨਹੀਂ ਸੋਚਦੇ ਪਰ ਕਿਸੇ ਬੇਘਰੇ ਲਈ ਘਰ ਬਣਾ ਕੇ ਦੇਣ ਲਈ ਅਸੀਂ ਹਜ਼ਾਰ ਵਾਰ ਸੋਚਦੇ ਹਾਂ। ਸਭ ਧਰਮ ਇਹ ਕਹਿ ਰਹੇ ਹਨ ਕਿ ਰੱਬ ਇਨਸਾਨਾਂ ਵਿੱਚ ਵਸਦਾ ਹੈ ਪਰ ਇਨਸਾਨ ਰੱਬ ਨੂੰ ਪਤਾ ਨਹੀਂ ਕਿੱਥੇ ਲੱਭ ਰਿਹਾ ਹੈ। ਜਿਸ ਦਿਨ ਅਸੀਂ ਆਪਣੀ ਗੁਆਚੀ ਇਨਸਾਨੀਅਤ ਨੂੰ ਲੱਭ ਲਿਆ, ਉਸੇ ਦਿਨ ਸਾਨੂੰ ਰੱਬ ਮਿਲ ਪਵੇਗਾ। ਨਹੀਂ ਤਾਂ ਇਸੇ ਤਰ੍ਹਾਂ ਰੱਬ ਦੀ ਖੋਜ ਅਨੰਤ ਤੱਕ ਚਲਦੀ ਰਹੇਗੀ।

**-ਸੁਖਵੰਤ ਸਿੰਘ ਧੀਮਾਨ**

## ਸਿੱਖ ਇਤਿਹਾਸ ਦਾ ਅਣਗੌਲਿਆ ਵਰਕਾ

ਸਿੱਖ ਕੌਮ ਵਿਚ ਸ਼ਹੀਦਾਂ ਦੀ ਕਤਾਰ ਬਹੁਤ ਲੰਮੀ ਹੈ, ਭਾਵ ਸਿੱਖ ਕੌਮ ਵਿਚ ਜਿੰਨੇ ਸ਼ਹੀਦ ਹੋਏ ਹਨ, ਕਿਸੇ ਹੋਰ ਕੌਮ ਵਿਚ ਨਹੀਂ ਹੋਏ। ਸਿੱਖ ਕੌਮ ਉਤੇ ਵੱਡਾ ਘੱਲੂਘਾਰਾ, ਛੋਟਾ ਘੱਲੂਘਾਰਾ ਅਤੇ ਹੁਣ ਵਰਤਮਾਨ ਸਮੇਂ ਵਿਚ ਜੂਨ-84 ਦਾ ਘੱਲੂਘਾਰਾ ਹੋਇਆ। ਇਸ ਕੌਮ ਉਤੇ ਅਕਹਿ ਤੇ ਅਸਹਿ ਜ਼ੁਲਮ ਹੋਏ ਪਰ ਕੌਮ ਫਿਰ ਵੀ ਚੜ੍ਹਦੀ ਕਲਾ ਵਿਚ ਹੈ। ਸ਼ਹੀਦਾਂ ਤੋਂ ਬਾਅਦ ਹੁਣ ਗੱਲ ਕਰਦੇ ਹਾਂ ਗੀਤਕਾਰਾਂ ਤੇ ਗਾਇਕਾਂ ਦੀ। ਸਿੱਖ ਕੌਮ ਵਿਚ ਜਿੰਨੇ ਵਧੀਆ ਗੀਤਕਾਰ ਤੇ ਗਾਇਕ ਹੋਏ ਹਨ, ਉਹ ਵੀ ਹੋਰ ਕਿਸੇ ਕੌਮ ਵਿਚ ਨਹੀਂ ਹੋਣਗੇ। ਜਿਨ੍ਹਾਂ ਨੇ ਸਿੱਖ ਕੌਮ ਦੇ ਇਤਿਹਾਸ ਤੇ ਸ਼ਹੀਦਾਂ ਬਾਰੇ ਬਹੁਤ ਸੋਹਣਾ ਲਿਖਿਆ ਹੈ ਅਤੇ ਗਾਇਕਾਂ ਨੇ ਗਾਇਆ ਹੈ। ਇਸੇ ਤਰ੍ਹਾਂ ਸਿੱਖ ਕੌਮ ਵਿਚ ਢਾਡੀ ਪ੍ਰਥਾ ਦਾ ਆਰੰਭ ਸ੍ਰੀ ਗੁਰੂ ਹਰਗੋਬਿੰਦ ਜੀ ਨੇ ਕੀਤਾ ਸੀ ਅਤੇ ਕਵੀਸ਼ਰ ਸਿੱਖ ਇਤਿਹਾਸ ਨੂੰ ਆਪਣੀ ਕਲਾ ਰਾਹੀਂ ਪ੍ਰਗਟ ਕਰਦੇ ਹਨ। ਮੈਂ ਇਹ ਵਿਸ਼ਾ ਇਸ ਕਰਕੇ ਚੁਣਿਆ ਹੈ ਕਿਉਂਕਿ ਹੁਣ ਤੱਕ ਸਾਡੇ ਇਨ੍ਹਾਂ ਗੀਤਕਾਰਾਂ ਅਤੇ ਗਾਇਕਾਂ ਬਾਰੇ ਬਹੁਤਾ ਨਹੀਂ ਲਿਖਿਆ ਗਿਆ ਹੈ। ਸਾਡੀ ਕੌਮ ਵਿਚ ਜਿੱਥੇ ਵੱਡੇ ਸ਼ਹੀਦ, ਹੋਰ ਮਾਣਮੱਤੀਆਂ ਸ਼ਖ਼ਸੀਅਤਾਂ ਪੈਦਾ ਹੋਈਆਂ ਹਨ, ਉਥੇ ਬਹੁਤ ਵਧੀਆ ਗੀਤਕਾਰ ਤੇ ਗਾਇਕ ਵੀ ਹੋਏ ਹਨ, ਜਿਨ੍ਹਾਂ ਨੇ ਇਤਿਹਾਸ ਨੂੰ ਸਾਂਭਿਆ ਹੈ।

**- ਮਾਸਟਰ ਨਿਰਮਲ ਸਿੰਘ ਲਾਲੀ**

# Sir Speedy Tustin Printers to the Community




**Outdoor 3'x11' Promo Flag**

**Only $29/-**

Pole & Spike $55/-




**Outdoor 3'x6' Durable Banner**

All weather, durable to sunlight, rain and wear & tear. Text only.

**Only $69/-**




**Receipt Books**

Customized with your information and design. 2 part carbonless with numbering and perforation.

**Call for Price**




**Retractable 33"x 80" Banner**

Includes stand and carry bag. Hi-res imaging, durable and Brilliant colors!

**Only $225/-**




**All Weather 18"x24" Yard Signs**

Includes H-stakes. Single sided, durable to sunlight and rain. Reusable!

**$49/- for 4**




**11" Printed Balloons**

Printed with your logo and info. One color, one location. Min. qty 1000

**19¢ each**




White T-Shirts, 1 color screen printing in 1 position. Min Qty. 100

**Your Printed T-Shirts**

**Only $4.99**




1 color in 1 position. Min Qty. 100

**Your Printed Caps**

**Only $4.99**




**Trip Envelopes** Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**




*South Asian Wedding Cards*



CALL NOW

## ਕਿਚਨ ਹੈਲਪਰ ਅਤੇ ਕੈਸ਼ੀਅਰ ਦੀ ਲੋੜ

ਪੈਨਸਲਵੇਨੀਆ ਗਰੋਸਰੀ ਸਟੋਰ ਤੇ ਕਿਚਨ ਹੈਲਪਰ ਅਤੇ ਕੈਸ਼ੀਅਰ ਦੀ ਲੋੜ ਹੈ। ਖਾਣਾ ਤੇ ਰਿਹਾਇਸ਼ ਫਰੀ, ਵਾਈਫ-ਹਸਬੈਂਡ ਨੂੰ ਪਹਿਲ ਦਿੱਤੀ ਜਾਵੇਗੀ।

ਕਾਲ ਕਰੋ

610-864-9666

484-802-2779


## ਜੂਨ-84 ਦੇ ਘੱਲੂਘਾਰੇ 'ਚ ਤਬਾਹ ਸਿੱਖ ਲਾਇਬ੍ਰੇਰੀ ਬਾਰੇ ਸਨਸਨੀਖੇਜ਼ ਖੁਲਾਸੇ

ਸੰਨ 1984 ਤੋਂ ਲੈ ਕੇ 1996 ਤੱਕ 12 ਸਾਲ ਦੇ ਸਮੇਂ ਦੌਰਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਸ਼੍ਰੋਮਣੀ ਕਮੇਟੀ ਪ੍ਰਧਾਨ ਬਣਨ ਤੱਕ ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਇਸ ਖਜਾਨੇ ਨੂੰ ਹੌਲੀ ਹੌਲੀ ਗਾਇਬ ਕੀਤਾ ਜਾਂਦਾ ਰਿਹਾ। ਇਹਨਾਂ ਦਾ ਇਹ ਵੀ ਦਾਅਵਾ ਹੈ ਕਿ ਸਾਲ 1984 ਦੌਰਾਨ ਸ਼੍ਰੋਮਣੀ ਕਮੇਟੀ ਦੇ ਇੱਕ ਜਥੇਦਾਰ ਵੱਲੋਂ ਸਿੱਖ ਰੈਫਰੈਂਸ ਲਾਇਬ੍ਰੇਰੀ ਅੰਦਰ ਮੌਜੂਦ ਗੁਰੂ ਗੋਬਿੰਦ ਸਿੰਘ ਜੀ ਦੇ ਹਸਤਾਖਰਾਂ ਵਾਲੇ ਗੁਰੂ ਗ੍ਰੰਥ ਸਾਹਿਬ ਜੀ ਦੇ ਇੱਕ ਸਰੂਪ ਨੂੰ 4 ਹਜ਼ਾਰ ਪੌਂਡ ਲੈ ਕੇ ਲੰਡਨ ਵਿੱਚ ਵੇਚ ਦਿੱਤਾ ਗਿਆ। ਦਾਅਵਿਆਂ ਅਨੁਸਾਰ ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇੱਕ ਹੋਰ ਹੱਥ ਲਿਖਤ ਸਰੂਪ ਇਨ੍ਹਾਂ ਲੋਕਾਂ ਨੇ ਅਮਰੀਕਾ ਅੰਦਰ 12 ਕਰੋੜ ਰੁਪਏ ਵਿੱਚ ਵੇਚ ਦਿੱਤਾ। ਇੱਥੇ ਹੀ ਪਏ ਭਗਤ ਸੂਰਦਾਸ ਦੀ ਰਚਨਾ ਵਾਲੇ ਧਾਰਮਿਕ ਗ੍ਰੰਥ ਦਾ ਮੁੱਲ ਵੀ ਵੱਟ ਲਿਆ ਗਿਆ। ਮਹਾਰਾਜਾ ਰਣਜੀਤ ਸਿੰਘ ਦੀ ਇੱਕ ਵਡਮੁੱਲੀ ਪੇਂਟਿੰਗ ਨੂੰ ਇਨ੍ਹਾਂ ਲੋਕਾਂ ਨੇ ਮੁਰੰਮਤ ਦੇ ਨਾਂ 'ਤੇ ਪਹਿਲਾਂ ਵਿਦੇਸ਼ ਭੇਜ ਦਿੱਤਾ ਤੇ ਬਾਅਦ ਵਿੱਚ ਇਸ ਪੇਂਟਿੰਗ ਨੂੰ ਉੱਥੇ ਹੀ ਵੇਚ ਦਿੱਤਾ ਗਿਆ। ਦੋਸ਼ ਹੈ ਕਿ ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਇਸ ਖਜਾਨੇ ਨੂੰ ਵੇਚਣ ਲਈ ਸ਼੍ਰੋਮਣੀ ਕਮੇਟੀ ਦੇ ਉਸ ਸਮੇਂ ਦੇ ਕੁਝ ਧਾਰਮਿਕ ਆਗੂਆਂ ਅਤੇ ਅਧਿਕਾਰੀਆਂ ਦੀ ਮਿਲੀਭੁਗਤ ਸੀ।

**ਸ਼੍ਰੋਮਣੀ ਕਮੇਟੀ 'ਤੇ ਲੱਗੇ ਸੰਗੀਨ ਇਲਜ਼ਾਮਾਂ ਦੀ ਵਜ਼੍ਹਾ -**

ਫੌਜੀ ਸੂਤਰਾਂ ਦੀ ਮੰਨੀਏ ਤਾਂ ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਇਹ ਇਤਿਹਾਸਕ ਖਜਾਨਾ ਉਨ੍ਹਾਂ ਵੱਲੋਂ ਸ਼੍ਰੋਮਣੀ ਕਮੇਟੀ ਨੂੰ 7 ਕਿਸ਼ਤਾਂ ਵਿੱਚ ਵੱਖੋ ਵੱਖ ਢੰਗ ਨਾਲ ਵਾਪਸ ਕੀਤਾ ਸੀ। ਭਾਰਤੀ ਫੌਜ ਦੇ ਸਾਬਕਾ ਰੱਖਿਆ ਮੰਤਰੀ ਜਾਰਜ ਫਰੈਂਡਿਸ ਵੀ ਇਹ ਦਾਅਵਾ ਕਰ ਚੁੱਕੇ ਹਨ ਫੌਜ ਕੋਲ ਅਜਿਹਾ ਕੋਈ ਖਜਾਨਾ ਮੌਜੂਦ ਨਹੀਂ ਹੈ। ਉਧਰ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਇਸ ਗੱਲ 'ਤੇ ਹੈਰਾਨੀ ਪ੍ਰਗਟ ਕਰਦੇ ਹਨ ਕਿ ਉਹਨਾਂ ਨੂੰ ਇਸ ਗੱਲ ਬਾਰੇ ਕੋਈ ਜਾਣਕਾਰੀ ਨਹੀਂ ਹੈ, ਜਦ ਕਿ ਅਵਤਾਰ ਸਿੰਘ ਮੱਕੜ ਨੇ ਆਪਣੇ ਕਾਰਜਕਾਲ ਦੌਰਾਨ ਸ਼੍ਰੋਮਣੀ ਕਮੇਟੀ ਵਲੋਂ ਸਰਕਾਰ ਤੇ ਫੌਜ ਉੱਪਰ ਕੇਸ ਦਰਜ ਕੀਤਾ ਹੋਇਆ ਸੀ ਕਿ ਲਾਇਬਰੇਰੀ ਦਾ ਖ਼ਜ਼ਾਨਾ ਵਾਪਸ ਦਿੱਤਾ ਜਾਵੇ। ਇਹ ਗੱਲ ਜ਼ਰੂਰ ਹੈ ਕਿ ਕੁਝ ਇਤਿਹਾਸਕ ਵਸਤਾਂ ਸ਼੍ਰੋਮਣੀ ਕਮੇਟੀ ਨੂੰ ਪ੍ਰਾਪਤ ਹੋਈਆਂ। ਇਸ ਖਜਾਨੇ ਦੀ ਪਹਿਲੀ ਕਿਸ਼ਤ ਸਾਲ 1984 ਦੇ ਸਤੰਬਰ ਮਹੀਨੇ ਵਿਚ ਵਾਪਸ ਕੀਤੀ ਗਈ ਸੀ। ਦਾਅਵਿਆਂ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਜਿਨ੍ਹਾਂ ਅਧਿਕਾਰੀਆਂ ਨੇ ਫੌਜ ਤੋਂ ਇਹ ਖਜਾਨਾ ਵਾਪਸ ਲੈਣ ਲੱਗਿਆਂ ਉਨ੍ਹਾਂ ਨੂੰ ਦਿੱਤੀ ਗਈ ਰਸੀਦ 'ਤੇ ਹਸਤਾਖਰ ਕੀਤੇ ਗਏ ਸਨ ਉਨ੍ਹਾਂ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਉਸ ਸਮੇਂ ਦੇ ਐਸਜੀਪੀਸੀ ਸਕੱਤਰ ਭਾਨ ਸਿੰਘ ਤੇ ਕੁਲਵੰਤ ਸਿੰਘ ਦੇ ਨਾਂ ਸਾਹਮਣੇ ਆਏ ਹਨ, ਜਦ ਕਿ ਫੌਜ ਵੱਲੋਂ ਇਸ ਰਸੀਦ 'ਤੇ ਪੀਐਸ ਸਾਹਨੀ, ਆਰ ਪੀ ਨੈਯਰ, ਅਤੇ ਐਸ ਐਸ ਢਿੱਲੋਂ ਨੇ ਸਹੀ ਪਾਈ ਸੀ। ਇਸ ਰਸੀਦ ਅਨੁਸਾਰ ਫੌਜ ਨੇ ਇਨ੍ਹਾਂ ਲੋਕਾਂ ਦੇ ਹਵਾਲੇ ਉਸ ਵੇਲੇ 453 ਚੀਜ਼ਾਂ ਵਾਪਸ ਕੀਤੀਆਂ ਸਨ। ਇਸੇ ਤਰ੍ਹਾਂ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਇੱਕ ਹੋਰ ਕਿਸ਼ਤ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ 185 ਸਰੂਪ ਵੀ ਫੌਜ ਨੇ ਵਾਪਸ ਕਰ ਦਿੱਤੇ ਸਨ।

ਜਾਣਕਾਰ ਦੱਸਦੇ ਹਨ ਕਿ ਸੀਬੀਆਈ ਤੇ ਫ਼ੌਜ ਵਲੋਂ ਕਰੀਬ 10500 ਕਿਤਾਬਾਂ ਅਤੇ ਇਤਿਹਾਸਕ ਗ੍ਰੰਥ ਸ਼੍ਰੋਮਣੀ ਕਮੇਟੀ ਨੂੰ ਵਾਪਸ ਮਿਲ ਗਏ ਸਨ। ਇਨ੍ਹਾਂ ਵਿਚ ਅੰਗ੍ਰੇਜ਼ੀ ਦੀਆਂ 3496 ਕਿਤਾਬਾਂ, ਪੰਜਾਬੀ ਦੀਆਂ 4587, ਉਰਦੂ 1400 ਅਤੇ ਹਿੰਦੀ ਦੀਆਂ 466 ਕਿਤਾਬਾਂ ਸ਼ਾਮਲ ਸਨ। ਇਹ ਮਾਮਲਾ 11 ਜੂਨ 2000 ਨੂੰ ਸਾਹਮਣੇ ਆਇਆ ਸੀ ਤਾਂ ਕਮੇਟੀਆਂ ਬਣਾਉਣ ਦਾ ਦੌਰ ਸ਼ੁਰੂ ਹੋ ਗਿਆ।

ਇਸ ਮਾਮਲੇ 'ਤੇ ਆਖ਼ਰੀ ਸਬ ਕਮੇਟੀ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਮੱਕੜ ਦੇ ਕਾਰਜਕਾਲ ਵਿਚ ਬਣੀ। ਸ਼੍ਰੋਮਣੀ ਕਮੇਟੀ ਨੇ ਲਾਇਬ੍ਰੇਰੀ ਮਾਮਲੇ ਦੀ ਜਾਂਚ ਲਈ ਇਕ ਸਬ ਕਮੇਟੀ ਦਾ ਗਠਨ ਕੀਤਾ ਸੀ ਜਿਸ ਦੀ ਰੀਪੋਰਟ 10 ਸਾਲ ਬਾਅਦ ਵੀ ਜਨਤਕ ਨਹੀਂ ਹੋ ਸਕੀ। ਸਮੇਂ ਸਮੇਂ 'ਤੇ ਸ਼੍ਰੋਮਣੀ ਕਮੇਟੀ ਦੇ ਵੱਖ-ਵੱਖ ਪ੍ਰਧਾਨ ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ ਮੁੜ ਸਥਾਪਤ ਕਰਨ ਦੇ ਬਿਆਨ ਤਾਂ ਦਾਗਦੇ ਰਹੇ ਪਰ ਕਿਸੇ ਵੀ ਪ੍ਰਧਾਨ ਨੇ ਇਸ ਗੱਲ ਦੀ ਛਾਣਬੀਨ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਇਸ ਪਿੱਛੇ ਅਸਲ ਸੱਚ ਕੀ ਹੈ। ਨਵੇਂ ਦਸਤਾਵੇਜ਼ ਦਸਦੇ ਹਨ ਕਿ ਫ਼ੌਜ 6 ਜੂਨ 1984 ਨੂੰ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚੋਂ 125 ਥੈਲੇ ਭਰ ਕੇ ਸਿੱਖ ਵਿਰਾਸਤ ਦਾ ਅਨਮੋਲ ਖ਼ਜ਼ਾਨਾ ਯੂਥ ਹੋਸਟਲ ਅੰਮ੍ਰਿਤਸਰ ਲੈ ਗਈ ਸੀ। ਜਿਥੇ ਫ਼ੌਜ ਨੇ ਅਪਣੇ ਨੰਬਰ ਲਗਾਏ ਤੇ ਇਹ ਸਾਰਾ ਖ਼ਜ਼ਾਨਾ ਮੇਰਠ ਛਾਉਣੀ ਲਿਜਾਇਆ ਗਿਆ। ਇਸ ਸਾਰੇ ਖ਼ਜ਼ਾਨੇ ਦਾ ਇਕ ਵੱਡਾ ਭਾਗ 29 ਸਤੰਬਰ 1984, 31 ਅਕਤੂਬਰ 1984, 5 ਜੁਲਾਈ 1985,13 ਅਕਤੂਬਰ 1989, 20 ਜੂਨ 1990 ਅਤੇ 28 ਦਸੰਬਰ 1990 ਨੂੰ ਬਕਾਇਦਾ ਵਸੂਲੀ ਪੱਤਰਾਂ ਤੇ ਦਸਤਖ਼ਤ ਕਰ ਕੇ ਸ਼੍ਰੋਮਣੀ ਕਮੇਟੀ ਨੇ ਵਾਪਸ ਲਿਆ ਪਰ ਉਹ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਪੁੱਜਾ ਜਾਂ ਨਹੀ ਇਹ ਇਕ ਜਾਂਚ ਦਾ ਵਿਸ਼ਾ ਹੈ।

ਗੁਰੂ ਗ੍ਰੰਥ ਸਾਹਿਬ ਦੇ ਗਾਇਬ ਕੀਤੇ 185 ਸਰੂਪਾਂ ਦੀ ਤਿੰਨ ਪੰਨਿਆਂ ਦੀ ਇਕ ਸੂਚੀ ਜਿਸ ਵਿਚ ਕਰੀਬ 66 ਸਰੂਪਾਂ ਦਾ ਵੇਰਵਾ ਹੈ ਨੂੰ ਭਾਈ ਗਿਆਨ ਸਿੰਘ ਨਿਹੰਗ ਨੇ ਤਿਆਰ ਕੀਤਾ ਸੀ। ਦੁੱਖ ਦੀ ਗੱਲ ਇਹ ਵੀ ਹੈ ਕਿ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚੋਂ ਗਾਇਬ ਕੀਤੇ ਗੁਰੂ ਗ੍ਰੰਥ ਸਾਹਿਬ ਦੇ 185 ਸਰੂਪਾਂ ਵਿਚ ਉਹ ਸਰੂਪ ਵੀ ਸ਼ਾਮਲ ਹੈ ਜਿਸ ਨੂੰ ਦਮਦਮੀ ਬੀੜ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਹ ਸਰੂਪ ਜਿਸ ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਸਤਖ਼ਤ ਹਨ, ਨੂੰ ਗੁਰੂ ਸਾਹਿਬ ਨੇ ਅਪਣੇ ਹੱਥੀਂ ਭਾਈ ਹਰਿਦਾਸ ਨਾਮਕ ਵਿਅਕਤੀ ਨੂੰ ਦਿਤਾ ਜੋ ਕਿ ਜੱਸਾ ਸਿੰਘ ਰਾਮਗੜ੍ਹੀਆ ਦੇ ਦਾਦਾ ਜੀ ਸਨ। ਹੁਣ ਦੇਖਣਾ ਹੈ ਕਿ ਇਸ ਮਾਮਲੇ ਦੀ ਜਾਂਚ ਕਰਨ ਲਈ ਬੁਲਾਈ ਮੀਟਿੰਗ ਵਿਚ ਲਾਇਬ੍ਰੇਰੀ ਦਾ ਕਿਹੜਾ ਸੱਚ ਸਾਹਮਣੇ ਆਉਂਦਾ ਹੈ।

ਜਥੇਦਾਰ ਭਾਈ ਸਤਨਾਮ ਸਿੰਘ ਖੰਡੇ ਵਾਲੇ ਨੇ ਸਾਲ 2002 ਵਿਚ ਭਾਰਤ ਸਰਕਾਰ ਤੇ ਇਕ ਕੇਸ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਦਾਇਰ ਕੀਤਾ ਸੀ। 28 ਅਪ੍ਰੈਲ 2004 ਨੂੰ ਹਾਈ ਕੋਰਟ ਨੇ ਦੋ ਜੱਜ ਬੀ ਕੇ ਰਾਏ ਚੀਫ਼ ਜਸਟਿਸ ਪੰਜਾਬ ਤੇ ਹਰਿਆਣਾ ਹਾਈ ਕੋਰਟ ਅਤੇ ਜਸਟਿਸ ਸੂਰਿਆ ਕਾਂਤ ਦੇ ਆਧਾਰਿਤ ਬੈਂਚ ਨੇ ਇਸ ਦਾ ਫ਼ੈਸਲਾ ਸੁਣਾਇਆ ਸੀ ਜਿਸ ਮੁਤਾਬਕ ਭਾਰਤ ਸਰਕਾਰ ਨੂੰ ਨਿਰਦੇਸ਼ ਦਿੱਤਾ ਸੀ ਕਿ ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਸਾਰਾ ਸਮਾਨ ਸਰਕਾਰ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰੇ।

**ਕੀ ਕਹਿੰਦੇ ਹਨ ਜੀਕੇ -**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਦਾਅਵਾ ਕੀਤਾ ਹੈ ਕਿ ਪੁਰਾਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ 12 ਕਰੋੜ ਰੁਪਏ ਵਿੱਚ ਵੇਚਿਆ ਗਿਆ ਹੈ। ਉਨ੍ਹਾਂ ਕਿਹਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਸ ਸਰੂਪ ਉੱਤੇ ਗੁਰੂ ਗੋਬਿੰਦ ਸਿੰਘ ਦੇ ਦਸਤਖ਼ਤ ਸਨ ਤੇ ਗੁਰੂ ਸਾਹਿਬ ਨੇ ਆਪਣੇ-ਆਪ ਭਾਈ ਮਨੀ ਸਿੰਘ ਨੂੰ ਦਰਬਾਰ ਸਾਹਿਬ ਦਾ ਮੁਖੀ ਨਿਯੁਕਤ ਕਰਦੇ ਸਮੇਂ 1701 ਵਿੱਚ ਸਪੁਰਦ ਕੀਤਾ ਸੀ। ਉਨ੍ਹਾਂ ਕਿਹਾ ਕਿ ਇਸ ਸਰੂਪ ਨੂੰ 12 ਕਰੋੜ ਵਿੱਚ ਵੇਚਣ ਦੀ ਗੱਲ ਸਾਹਮਣੇ ਆ ਰਹੀ ਹੈ। ਕਮੇਟੀ ਦੇ ਨੁਮਾਇੰਦਿਆਂ ਵੱਲੋਂ 12 ਕਰੋੜ ਵਿੱਚ ਹਸਤਲਿਖਤ ਸਰੂਪ ਵੇਚਣ ਦੇ ਮੀਡੀਆ ਵੱਲੋਂ ਕੀਤੇ ਗਏ ਦਾਅਵੇ ਮਗਰੋਂ ਜੀਕੇ ਨੇ ਕਿਹਾ ਕਿ ਹੁਣ ਸੱਚ ਸਾਹਮਣੇ ਆਉਣਾ ਚਾਹੀਦਾ ਹੈ।

ਆਪ੍ਰੇਸ਼ਨ ਬਲੂ ਸਟਾਰ ਵੇਲੇ ਗਾਇਬ ਹੋਏ ਲਾਇਬ੍ਰੇਰੀ ਦੇ ਇਤਿਹਾਸਕ ਖ਼ਜ਼ਾਨੇ ਬਾਰੇ ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕ੍ਰਿਪਾਲ ਸਿੰਘ ਤੇ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਸਾਹਿਬ ਸਿੰਘ ਨੇ ਖ਼ਜ਼ਾਨੇ ਲਈ ਬ੍ਰਿਗੇਡੀਅਰ ਓਂਕਾਰ ਸਿੰਘ ਗੋਰਾਇਆ ਨਾਲ ਮਿਲ ਕੇ ਕੋਸ਼ਿਸ਼ ਕੀਤੀ ਸੀ ਪਰ ਉਹ ਕਾਮਯਾਬ ਨਹੀਂ ਹੋਏ। ਸਾਬਕਾ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ ਨੇ ਗਿਆਨੀ ਕ੍ਰਿਪਾਲ ਸਿੰਘ ਨੂੰ ਫੋਨ ਉੱਤੇ ਦੱਸਿਆ ਸੀ ਕਿ ਫ਼ੌਜ ਵਲੋਂ ਜ਼ਬਤ 125 ਬੋਰੀਆਂ ਨੂੰ ਉਨ੍ਹਾਂ ਨੇ ਆਪਣੀ ਅੱਖੀਂ ਨਾਲ ਦੇਖਿਆ ਹੈ। ਉਨ੍ਹਾਂ ਕਿਹਾ ਕਿ ਸਾਬਕਾ ਰੱਖਿਆ ਮੰਤਰੀ ਏਕੇ ਐਂਟੋਨੀ ਨੇ 17 ਪੰਨੇ ਦੇ ਲਿਖਤੀ ਜਵਾਬ ਵਿੱਚ ਦਾਅਵਾ ਕੀਤਾ ਸੀ ਕਿ ਸਰਕਾਰ ਦੇ ਕੋਲ ਸਮਾਨ ਨਹੀਂ ਤੇ ਸੀਬੀਆਈ ਨੇ ਵੀ 2003-04 ਵਿੱਚ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਜਵਾਬ ਦਾਖ਼ਲ ਕੀਤਾ ਸੀ ਕਿ ਸਾਰਾ ਸਾਮਾਨ ਉਹ ਸ਼੍ਰੋਮਣੀ ਕਮੇਟੀ ਨੂੰ ਦੇ ਚੁੱਕੇ ਹਨ, ਤਾਂ ਸ਼੍ਰੋਮਣੀ ਕਮੇਟੀ ਹੁਣ ਤੱਕ ਚੁਪ ਕਿਉਂ ਰਹੀ ? ਉਨ੍ਹਾਂ ਇਸ ਮਾਮਲੇ ਨੂੰ ਲੈ ਕੇ ਅੰਮ੍ਰਿਤਸਰ ਵਿੱਚ ਦੋਸ਼ੀਆਂ ਖ਼ਿਲਾਫ਼ ਜਥੇਦਾਰ ਅਕਾਲ ਤਖ਼ਤ ਤੇ ਪੰਜਾਬ ਪੁਲਿਸ ਕੋਲ ਕੌਮ ਦੀ ਅਮਾਨਤ ਨੂੰ ਖੁਰਦ-ਬੁਰਦ ਕਰਨ ਦੇ ਮਾਮਲੇ ਵਿੱਚ ਸ਼ਿਕਾਇਤ ਦੇਣ ਦਾ ਐਲਾਨ ਕੀਤਾ।

**ਸ਼੍ਰੋਮਣੀ ਕਮੇਟੀ ਨੇ ਸੱਦ ਲਈ ਬੈਠਕ -**

ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਸਿੱਖ ਰੈਫਰੈਂਸ ਲਾਇਬ੍ਰੇਰੀ ਬਾਰੇ ਜਿਹੜੀਆਂ ਖ਼ਬਰਾਂ ਮੀਡੀਆ ਵਿੱਚ ਆ ਰਹੀਆਂ ਹਨ ਉਸ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਬੇਹੱਦ ਗੰਭੀਰ ਹੈ ਤੇ ਇਸ ਲਈ ਆਉਂਦੀ 13 ਜੂਨ ਨੂੰ ਇੱਕ ਮੀਟਿੰਗ ਸੱਦੀ ਗਈ ਹੈ। ਜਿਸ ਵਿੱਚ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਅਤੇ ਉਸ ਵੇਲੇ ਦੇ ਲਾਇਬ੍ਰੇਰੀ ਇੰਚਾਰਜ ਦੋਵਾਂ ਨੂੰ ਸੱਦਿਆ ਗਿਆ ਹੈ। ਡਾ. ਰੂਪ ਸਿੰਘ ਅਨੁਸਾਰ ਜਿਹੜਾ ਵੀ ਸਮਾਨ ਫੌਜ ਕੋਲੋਂ ਵਾਪਸ ਆਇਆ ਹੈ ਉਸ ਬਾਰੇ ਤਾਂ ਇਹ ਲੋਕ ਹੀ ਜ਼ਿਆਦਾ ਦੱਸ ਸਕਦੇ ਹਨ।

ਸਕੱਤਰ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਅਤੇ ਕੁਝ ਹੋਰ ਗ੍ਰੰਥਾ ਨੂੰ ਵਿਦੇਸ਼ਾਂ ਵਿੱਚ ਵੇਚੇ ਜਾਣ ਬਾਰੇ ਅਜੇ ਤੱਕ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ। ਉਨ੍ਹਾਂ ਕਿਹਾ ਕਿ ਅਸੀਂ ਇਸ ਸਾਰੇ ਮਾਮਲੇ ਦੀ ਪੜਤਾਲ ਗੰਭੀਰਤਾ ਨਾਲ ਕਰਕੇ ਸੰਗਤਾਂ ਨੂੰ ਜਾਣੂ ਕਰਾਵਾਂਗੇ। ਉਨ੍ਹਾਂ ਕਿਹਾ ਕਿ ਉਸ ਦੌਰਾਨ ਕੁਝ ਸਾਹਿਤਕ ਖਜ਼ਾਨਾ ਵਾਪਸ ਵੀ ਆਇਆ ਸੀ, ਜਿਨ੍ਹਾਂ ਦੀਆਂ ਵਸੂਲੀਆਂ ਰਸੀਦਾਂ ਸਣੇ ਲਾਇਬ੍ਰੇਰੀ ਅੰਦਰ ਮੌਜੂਦ ਹਨ। ਡਾ ਰੂਪ ਸਿੰਘ ਨੇ ਕਿਹਾ ਕਿ ਇਸ ਤੋਂ ਇਲਾਵਾ ਜੇਕਰ ਕੁਝ ਹੋਰ ਘਟਨਾਵਾਂ ਵਾਪਰੀਆਂ ਹਨ ਤਾਂ ਉਸ ਸੱਚ ਨੂੰ ਵੀ ਜਾਂਚ ਤੋਂ ਬਾਅਦ ਸੰਗਤਾਂ ਦੇ ਸਾਹਮਣੇ ਲਿਆਂਦਾ ਜਾਵੇਗਾ।

## ਮਾਸੂਮ ਦੀ ਮੌਤ 'ਤੇ ਰੋਇਆ ਪੰਜਾਬ

ਹੋਇਆ। ਜਨਮ ਦਿਨ ਤੋਂ ਚਾਰ ਦਿਨ ਪਹਿਲਾਂ ਫ਼ਤਹਿਵੀਰ ਕਰੀਬ ਸਵਾ ਸੌ ਫੁੱਟ ਡੂੰਘੇ ਬੋਰਵੈੱਲ ਵਿਚ ਜਾ ਡਿੱਗਿਆ ਸੀ, ਜਿਸ ਵਿਚੋਂ ਜਨਮ ਦਿਨ ਤੋਂ ਇਕ ਦਿਨ ਬਾਅਦ ਫ਼ਤਹਿਵੀਰ ਦੀ ਲਾਸ਼ ਹੀ ਨਿਕਲੀ।

**ਪੰਜਾਬ 'ਚ ਹਾਲੇ ਵੀ ਮੌਜੂਦ ਹਨ ਮੌਤ ਦੇ ਖੂਹ-**

ਸੰਗਰੂਰ ਵਿੱਚ ਬੋਰਵੈੱਲ 'ਚ ਡਿੱਗਣ ਨਾਲ 2 ਸਾਲ ਦੇ ਮਾਸੂਮ ਬੱਚੇ ਫ਼ਤਹਿਵੀਰ ਸਿੰਘ ਦੀ ਦਰਦਨਾਕ ਮੌਤ ਹੋ ਗਈ ਪਰ ਹਾਲੇ ਵੀ ਲੋਕ ਇਸ ਤੋਂ ਸਬਕ ਨਹੀਂ ਲੈ ਰਹੇ। ਭਾਵੇਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਰੇ ਸੂਬੇ ਦੇ ਖੁੱਲ੍ਹੇ ਬੋਰ ਤੁਰੰਤ ਬੰਦ ਕਰਵਾਉਣ ਦੇ ਹੁਕਮ ਦਿੱਤੇ ਹਨ ਪਰ ਹਾਲੇ ਵੀ ਥਾਂ-ਥਾਂ ਖੁੱਲ੍ਹੇ ਪਏ ਬੋਰ ਦਿਸ ਰਹੇ ਹਨ।ਲੁਧਿਆਣਾ ਦੇ ਪਿੰਡ ਗਿੱਲ ਵਿੱਚ ਡੂੰਗੇ ਬੋਰਵੈੱਲ ਖੁੱਲ੍ਹੇ ਪਏ ਦਿੱਸੇ ਜਿਨ੍ਹਾਂ ਵੱਲ ਕਿਸੇ ਦਾ ਧਿਆਨ ਨਹੀਂ ਜਾ ਰਿਹਾ। ਇਹ ਬੋਰ ਲਿੰਕ ਕਲੋਨੀ ਦੇ ਕਿਸਾਨ ਦਾ ਹੈ।

ਇਸ ਬਾਬਤ ਪਿੰਡ ਗਿੱਲ ਦੇ ਸਰਪੰਚ ਨੇ ਦੱਸਿਆ ਕਿ ਖੁੱਲ੍ਹਾ ਬੋਰ ਮੰਦਭਾਗਾ ਹੈ। ਉਨ੍ਹਾਂ ਗੁਰਦੁਆਰਾ ਸਾਹਿਬ ਜਾ ਕੇ ਅਨਾਊਂਸਮੈਂਟ ਕਰਵਾ ਦਿੱਤੀ ਹੈ ਕੇ ਜਿਸ-ਜਿਸ ਦੇ ਘਰ ਜਾਂ ਆਸ-ਪਾਸ ਖੁੱਲ੍ਹਾ ਬੋਰ ਹੈ, ਉਸ ਨੂੰ ਤੁਰੰਤ ਢਕਿਆ ਜਾਏ। ਇਸ ਸਬੰਧੀ ਡਿਪਟੀ ਕਮਿਸ਼ਨਰ ਕੁਝ ਬੋਲਣ ਨੂੰ ਤਿਆਰ ਨਹੀਂ।

ਇਸ ਤੋਂ ਇਲਾਵਾ ਬਠਿੰਡਾ ਵਿਚ 50 ਬੋਰ ਸਾਹਮਣੇ ਆਏ। ਡਿਪਟੀ ਕਮਿਸ਼ਨਰ ਬਠਿੰਡਾ ਨੇ ਦੱਸਿਆ ਕਿ ਮੁੱਖ ਮੰਤਰੀ ਦੇ ਹੁਕਮਾਂ ਬਾਅਦ ਕਾਰਵਾਈ ਕਰਨ 'ਤੇ ਇਨ੍ਹਾਂ ਸਾਰੇ ਬੋਰਵੈੱਲਜ਼ ਨੂੰ ਤੁਰੰਤ ਬੰਦ ਕਰਨ ਦੇ ਹੁਕਮ ਦੇ ਦਿੱਤੇ ਗਏ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜਿੱਥੇ ਕਿਤੇ ਵੀ ਖੁੱਲ੍ਹਾ ਬੋਰ ਦਿਸਦਾ ਹੈ ਤਾਂ ਤੁਰੰਤ ਜ਼ਿਲ੍ਹਾ ਪ੍ਰਸ਼ਾਸਨ ਨਾਲ ਸੰਪਰਕ ਕੀਤਾ ਜਾਏ।

## ਗੱਤਕਾ ਖੇਡ ਜਗਤ 'ਚ ਡਿਜ਼ੀਟਲ ਸਕੋਰ ਬੋਰਡ ਦੀ ਐਂਟਰੀ

ਜਾਵੇਗਾ ਜਿਸ ਤਹਿਤ ਗੱਤਕਾ ਖੇਡ ਸਬੰਧੀ ਸਾਰੇ ਕਾਰਜ ਆਨਲਾਈਨ ਹੋ ਜਾਣਗੇ। ਉਨ੍ਹਾਂ ਦੱਸਿਆ ਕਿ ਡਿਜ਼ੀਟਲਾਈਜੇਸ਼ਨ ਦਾ ਇਹ ਪ੍ਰੋਜੈਕਟ ਗੱਤਕੇ ਨੂੰ ਓਲੰਪਿਕ ਖੇਡਾਂ ਵਿੱਚ ਸ਼ਾਮਲ ਕਰਵਾਉਣ ਲਈ ਗੱਤਕਾ ਰੋਡਮੈਪ ਅਨੁਸਾਰ ਕੀਤੇ ਜਾ ਰਹੇ ਉਪਰਾਲਿਆਂ ਵਿੱਚੋਂ ਇੱਕ ਹੈ ਅਤੇ ਇਸ ਸਬੰਧੀ ਹੋਰ ਕਾਰਜਾਂ ਉਪਰ ਕੰਮ ਵੀ ਚੱਲ ਰਹੇ ਹਨ।

ਇਸ ਮੌਕੇ ਗੱਤਕਾ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਅਜੈ ਸਿੰਘ ਲਿਬੜਾ ਨੇ ਭਵਿੱਖ ਵਿੱਚ ਪੰਜਾਬ ਇਕਾਈ ਨੂੰ ਹੋਰ ਮਜ਼ਬੂਤ ਕਰਨ ਅਤੇ ਜ਼ਿਲ੍ਹਾ ਪੱਧਰ ਉਤੇ ਗੱਤਕਾ ਖੇਡ ਸਰਗਰਮੀਆਂ ਵਧਾਉਣ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਉਨਾਂ ਕਿਹਾ ਕਿ ਲੋੜਵੰਦ ਗੱਤਕਾ ਵਿਦਿਆਰਥੀਆਂ ਨੂੰ ਮੁਫਤ ਸਟੇਸ਼ਨਰੀ ਮੁਹੱਈਆ ਕਰਵਾਈ ਜਾਵੇਗੀ। ਐਸੋਸੀਏਸ਼ਨ ਦੇ ਜਨਰਲ ਸਕੱਤਰ ਉਦੈ ਸਿੰਘ ਸਰਹਿੰਦ ਨੇ ਗੱਤਕਾ ਖਿਡਾਰੀਆਂ ਨੂੰ ਗੱਤਕਾ ਖੇਡ ਦੀ ਨਿਯਮਾਂਵਲੀ ਅਤੇ ਟੂਰਨਾਮੈਂਟ ਕਰਵਾਉਣ ਸਬੰਧੀ ਤਿਆਰ ਨਿਯਮਾਂ ਬਾਰੇ ਜਾਣੂ ਕਰਵਾਇਆ। ਇਸ ਮੌਕੇ ਗੱਤਕਾ ਰੈਫ਼ਰੀਆਂ ਨੂੰ ਸਮਾਰਟ ਸ਼ਨਾਖਤੀ ਕਾਰਡ ਅਤੇ ਸਰਟੀਫ਼ਿਕੇਟ ਵੀ ਵੰਡੇ ਗਏ।

## ਭਾਰਤ ਦੇ ਚੀਫ ਚੋਣ ਕਮਿਸ਼ਨਰ ਹੋਏ ਪਰਵਾਸੀਆਂ ਦੇ ਰੂਬਰੂ

ਸਵਾਲ-ਜਵਾਬ ਸੈਸ਼ਨ ਸਬੰਧੀ ਕਮਿਊਨਿਟੀ ਮਨਿਸਟਰ ਵਲੋਂ ਹਾਜ਼ਰੀਨ ਨੂੰ ਅਪੀਲ ਕੀਤੀ, ਜਿਸ ਤਹਿਤ ਡਾ. ਸੁਰਿੰਦਰ ਸਿੰਘ ਗਿੱਲ ਵਲੋਂ ਚੋਣ ਪ੍ਰਕਿਰਿਆ ਇੱਕੋ ਦਿਨ ਸਮੇਟਣ ਸਬੰਧੀ ਕਿਹਾ, ਪਰ ਸੁਨੀਲ ਅਰੋੜਾ ਨੇ ਸੁਰੱਖਿਆ ਬਲਾਂ ਦੀ ਨਫਰੀ ਨੂੰ ਵਧਾਉਣ ਦਾ ਜਵਾਬ ਦਿੱਤਾ। ਡਾ. ਗਿੱਲ ਨੇ ਕਿਹਾ ਕਿ ਜਨਸੰਖਿਆ ਵਧਣ ਦੇ ਨਾਲ ਸੁਰੱਖਿਆ ਕਰਮੀਆਂ ਦੀ ਨਫਰੀ ਵੀ ਵਧਾਉਣੀ ਚਾਹੀਦੀ ਹੈ ਤਾਂ ਜੋ ਚੋਣਾਂ ਇੱਕੋ ਗੇੜ ਵਿੱਚ ਕਰਵਾ ਕੇ ਭਾਰਤ ਦੀ ਡੈਮੋਕ੍ਰੇਸੀ ਨੂੰ ਸੰਸਾਰ ਦੀ ਸਰਵੋਤਮ ਡੈਮੋਕ੍ਰੇਸੀ ਹੋਣ ਦਾ ਸਬੂਤ ਦਿੱਤਾ ਜਾ ਸਕੇ। ਉਨਾਂ ਕਿਹਾ ਕਿ ਚੋਣ ਕਮਿਸ਼ਨ ਸਾਫ ਸੁਥਰੀ ਚੋਣ ਪ੍ਰਕਿਰਿਆ ਲਈ ਧੰਨਵਾਦ ਦਾ ਪਾਤਰ ਹੈ ਪਰ ਭਵਿੱਖ ਇੱਕੋ ਗੇੜ ਵਿੱਚ ਚੋਣਾਂ ਕਰਾਉਣ ਦੀ ਮੰਗ ਕਰਦਾ ਹੈ। ਇਸੇ ਤਰਾਂ ਬੰਗਾਲ, ਕਰਨਾਟਕਾ, ਮੱਧ ਪ੍ਰਦੇਸ਼ ਦੀ ਸਥਿਤੀ ਨੂੰ ਸੰਭਾਲਣ ਸਬੰਧੀ ਕੀਤੇ ਉਪਰਾਲੇ, ਸੋਸ਼ਲ ਮੀਡੀਏ ਤੇ ਨਾਂਹਪੱਖੀ ਪ੍ਰਚਾਰ ਨੂੰ ਨੱਥ ਪਾਉਣਾ ਅਤੇ ਚੋਣ ਪ੍ਰਚਾਰ ਦੇ ਸਮੇਂ ਨੂੰ ਘੱਟ ਕਰਨ ਸਬੰਧੀ ਸਵਾਲਾਂ ਦਾ ਮੁੱਖ ਚੋਣ ਕਮਿਸ਼ਨਰ ਸੁਨੀਲ ਅਰੋੜਾ ਨੇ ਬਾਖੂਬੀ ਜਵਾਬ ਦਿੱਤਾ। ਉਨਾਂ ਕਿਹਾ ਕਿ ਭਾਰਤ ਦੀ ਚੋਣ ਪ੍ਰਕਿਰਿਆ ਸਬੰਧੀ ਹਰ ਦੇਸ਼ ਉਨਾਂ ਤੋਂ ਸਿੱਖਣ ਦੀ ਕੋਸ਼ਿਸ਼ ਕਰਦਾ ਹੈ, ਜਿਸ ਨੂੰ ਪਾਰਦਰਸ਼ੀ ਅਤੇ ਵਿਆਪਕ ਬਣਾਉਣਾ ਸਾਡਾ ਮੁੱਖ ਫਰਜ਼ ਹੈ।

ਅੰਤ ਵਿੱਚ ਕਮਿਊਨਿਟੀ ਮਨਿਸਟਰ ਨੇ ਅੰਬੈਸੀ ਦੀ ਸਮੁੱਚੀ ਟੀਮ, ਮਹਿਮਾਨਾਂ ਅਤੇ ਇਲੈਕਸ਼ਨ ਕਮਿਸ਼ਨ ਦੀ ਟੀਮ ਦਾ ਧੰਨਵਾਦ ਕੀਤਾ। ਉਪਰੰਤ ਸ਼ਾਮ ਦੀ ਚਾਹ ਅਤੇ ਸਨੈਕਸ ਮਹਿਮਾਨਾਂ ਨੂੰ ਪਰੋਸੇ ਗਏ। ਮਹਿਮਾਨ ਮਿਲਣੀ ਦੌਰਾਨ ਕਈ ਪ੍ਰਵਾਸੀਆਂ ਨੇ ਆਪਣੇ ਸ਼ੰਕੇ ਦੂਰ ਕੀਤੇ ਅਤੇ ਯਾਦਗਾਰੀ ਤਸਵੀਰਾਂ ਖਿਚਵਾਕੇ ਆਪਣੀ ਹਾਜ਼ਰੀ ਲਗਵਾਈ।

## ਸ਼ਿਵ ਸੈਨਿਕਾਂ ਵੱਲੋਂ ਸੰਤਾਂ ਦੇ ਪੁਤਲੇ ਫੂਕ ਕੇ ਪੰਜਾਬ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼

ਚੌੜਾ ਬਾਜ਼ਾਰ ਵਿਚ ਹਿੰਦੂ ਅਤੇ ਸਿੱਖ ਧੜਿਆਂ ਵਿਚਾਲੇ ਪੱਥਰਬਾਜ਼ੀ ਵੀ ਹੋਈ ਜਿਸ ਤੋਂ ਬਾਅਦ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਬੰਦ ਕਰ ਦਿੱਤੀਆਂ। ਭਾਰਤ ਸਰਕਾਰ ਵੱਲੋਂ ਫੌਜੀ ਹਮਲੇ ਤਹਿਤ ਕੀਤੀ ਕਾਰਵਾਈ ਦੇ ਵਿਰੋਧ ਵਿਚ ਕਈ ਸਿੱਖ ਜਥੇਬੰਦੀਆਂ ਵੱਲੋਂ ਸਥਾਨਕ ਕਲਗੀਧਰ ਗੁਰਦੁਆਰਾ ਇਲਾਕੇ ਵਿੱਚ ਮਾਰਚ ਕੱਢਿਆ ਗਿਆ। ਇਸ ਮਾਰਚ ਵਿੱਚ ਛੋਟੀ ਉਮਰ ਦੇ ਬੱਚਿਆਂ ਤੋਂ ਲੈ ਕੇ ਬਜ਼ੁਰਗ ਵੀ ਸ਼ਾਮਲ ਹੋਏ ਜਿਨ੍ਹਾਂ ਵੱਲੋਂ ਖਾਲਿਸਤਾਨ ਪੱਖੀ ਨਾਅਰੇ ਵੀ ਲਗਾਏ ਜਾ ਰਹੇ ਸਨ।

ਦੂਜੇ ਪਾਸੇ ਮਿਲਟਰੀ ਕਾਰਵਾਈ ਦੇ ਹੱਕ ਅਤੇ ਅਤਿਵਾਦ ਦੇ ਵਿਰੋਧ ਵਿਚ ਅਸ਼ੋਕ ਥਾਪਰ ਦੀ ਅਗਵਾਈ ਹੇਠ ਸੁਖਦੇਵ ਥਾਪਰ ਐਂਟੀ-ਟੈਰੋਰਿਸਟ ਫਰੰਟ ਨੇ ਹਵਨ ਕੀਤਾ ਅਤੇ ਖਾਲਿਸਤਾਨ ਪੱਖੀ ਪਰਚੇ ਅੱਗ ਦੀ ਭੇਟ ਕਰ ਕੇ ਰੋਸ ਮਨਾਇਆ। ਥਾਪਰ ਨੇ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਅਤਿਵਾਦ ਦੇ ਵਿਰੁੱਧ ਹੈ। ਇਸ ਦੌਰਾਨ ਚੌੜਾ ਬਾਜ਼ਾਰ ਵਿੱਚ ਇੱਕ ਪੋਸਟਰ ਨੂੰ ਫਾੜੇ ਜਾਣ ਨੂੰ ਲੈ ਕੇ ਤਣਾਅ ਵਾਲੀ ਸਥਿਤੀ ਵੀ ਬਣ ਗਈ ਸੀ ਜਿਸ ਨੂੰ ਪੁਲੀਸ ਨੇ ਸਮਾਂ ਰਹਿੰਦਿਆਂ ਕੰਟਰੋਲ ਕਰ ਲਿਆ। ਪਤਾ ਲੱਗਾ ਹੈ ਕਿ ਚੰਦਰ ਕਾਂਤ ਚੱਢਾ ਵੱਲੋਂ ਲੱਕੜ ਬਾਜ਼ਾਰ ਨੇੜੇ ਇੱਕ ਮੰਦਰ ਵਿਚ ਅਤਿਵਾਦ ਵਿਰੋਧੀ ਸਮਾਗਮ ਕਰਵਾਏ ਜਾਣ ਦੀਆਂ ਤਿਆਰੀਆਂ ਕੀਤੀਆਂ ਗਈਆਂ ਸਨ ਜੋ ਮੁਹੱਲਾ ਵਾਸੀਆਂ ਦੇ ਵਿਰੋਧ ਅਤੇ ਪੁਲੀਸ ਦੀ ਦਖ਼ਲਅੰਦਾਜ਼ੀ ਕਾਰਨ ਰੱਦ ਕਰ ਦਿੱਤਾ ਗਿਆ। ਇਸੇ ਤਰ੍ਹਾਂ ਸ਼ਿਵ ਸੈਨਿਕ ਸਮਰਥਕਾਂ ਵੱਲੋਂ ਰਾਜੀਵ ਟੰਡਨ ਦੀ ਅਗਵਾਈ ਵਿਚ ਅਤਿਵਾਦ ਵਿਰੋਧੀ ਨਾਅਰੇਬਾਜ਼ੀ ਕੀਤੀ ਗਈ। ਚੌੜੇ ਬਾਜ਼ਾਰ ਵਿਚ ਸ਼ਿਵ ਸੈਨਾਨੀ ਸਮਰਥਕਾਂ ਅਤੇ ਪੁਲੀਸ ਮੁਲਾਜ਼ਮਾਂ ਵਿਚਕਾਰ ਆਪਸੀ ਖਿੱਚਧੂਹ ਵੀ ਹੋਈ।

**ਖੰਨਾ ਵਿਖੇ ਸ਼ਿਵ ਸੈਨਾ ਦਾ ਹੋਰਡਿੰਗ ਪਾੜਿਆ-**

ਜੀਟੀ ਰੋਡ ਖੰਨਾ ਉਪਰ ਗੁਰੂ ਅਮਰਦਾਸ ਮਾਰਕਿਟ ਦੇ ਬਾਹਰ ਲੱਗਾ ਸ਼ਿਵ ਸੈਨਾ ਪੰਜਾਬ ਦਾ ਹੋਰਡਿੰਗ ਅਣਪਛਾਤੇ ਸਿੱਖ ਨੌਜਵਾਨਾਂ ਨੇ ਤਲਵਾਰਾਂ ਨਾਲ ਫਾੜ ਦਿੱਤਾ। ਸਿੱਖ ਨੌਜਵਾਨਾਂ ਨੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਵੀ ਲਾਏ। ਪੁਲੀਸ ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ ਪੂਰੇ ਇਲਾਕੇ ਅੰਦਰ ਨਾਕੇ ਲਾ ਕੇ ਸਿੱਖ ਨੌਜਵਾਨਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ। ਜਾਣਕਾਰੀ ਅਨੁਸਾਰ 6 ਜੂਨ ਨੂੰ ਸ਼ਹੀਦੀ ਸਮਾਗਮ ਮਨਾਉਣ ਸਬੰਧੀ ਸ਼ਿਵ ਸੈਨਾ ਪੰਜਾਬ ਵਲੋਂ ਹੋਰਡਿੰਗ ਲਾਏ ਗਏ ਸਨ। ਦੇਰ ਸ਼ਾਮ ਕਰੀਬ 6 ਨੌਜਵਾਨ ਦੋਪਹੀਆ ਵਾਹਨਾਂ ਉਪਰ ਆਏ ਅਤੇ ਤਲਵਾਰਾਂ ਲਹਿਰਾਉਂਦੇ ਹੋਏ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾ ਕੇ ਹੋਰਡਿੰਗ ਉਪਰ ਲੱਗੀਆਂ ਇੰਦਰਾ ਗਾਂਧੀ, ਜਨਰਲ ਵੈਦ, ਬੇਅੰਤ ਸਿੰਘ ਤੇ ਕੇਪੀਐੱਸ ਗਿੱਲ ਦੀਆਂ ਤਸਵੀਰਾਂ ਪਾੜਦੇ ਹੋਏ ਚਲੇ ਗਏ। ਸ਼ਿਵ ਸੈਨਾ ਪੰਜਾਬ ਦੇ ਰਾਸ਼ਟਰੀ ਪ੍ਰਚਾਰਕ ਕਸ਼ਮੀਰ ਗਿਰੀ ਨੇ ਕਿਹਾ ਕਿ ਇਹ ਖਾਲਿਸਤਾਨੀ ਸਮਰਥਕਾਂ ਦਾ ਕੰਮ ਹੈ, ਜਿਨ੍ਹਾਂ ਦੀ ਸ਼ਿਕਾਇਤ ਪੁਲੀਸ ਕੋਲ ਕਰ ਦਿੱਤੀ ਗਈ ਹੈ। ਪੁਲੀਸ ਅਧਿਕਾਰੀਆਂ ਨੇ ਕਿਹਾ ਕਿ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।

**ਜਲੰਧਰ ਵਿਚ ਸ਼ਿਵ ਸੈਨਾਨੀ ਭੁਤਰੇ-**

ਫੁੱਟਬਾਲ ਚੌਕ ਜਲੰਧਰ ਕੋਲ ਵੀ ਸਿੱਖ ਨੌਜਵਾਨਾਂ ਤੇ ਸ਼ਿਵ ਸੈਨਾਨੀਆਂ ਦਾ ਪੰਗਾ ਉਸ ਵੇਲੇ ਪਿਆ, ਜਦੋਂ ਸ਼ਿਵ ਸੈਨਾਨੀਆਂ ਨੇ ਸੰਤ ਭਿੰਡਰਾਂਵਾਲਿਆਂ ਦਾ ਪੁਤਲਾ ਫੂਕ ਦਿੱਤਾ। ਜਦੋਂ ਦੋਹਾਂ ਧਿਰਾਂ ਵਿਚ ਬਹਿਸ ਚਲ ਰਹੀ ਸੀ ਤਾਂ ਇਕ ਸਿੱਖ ਨੌਜਵਾਨ ਨੇ ਸ਼ਿਵ ਸੈਨਾ ਦੇ ਪ੍ਰਧਾਨ ਨੂੰ ਥੱਪੜ ਕੱਢ ਮਾਰਿਆ ਤੇ ਉਹ ਡਰਦੇ ਮਾਰੇ ਪਿੱਛੇ ਭੱਜ ਤੁਰਿਆ ਤੇ ਪੁਲੀਸ ਨੂੰ ਸ਼ਿਕਾਇਤ ਕਰਕੇ ਪੁਲੀਸ ਦੇ ਦੋ ਗੰਨਮੈਨ ਵਜੋਂ ਸਕਿਉਰਿਟੀ ਲੈ ਲਈ। ਇਹ ਘਟਨਾ ਸ਼ੋਸ਼ਲ ਮੀਡੀਆ 'ਤੇ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਸ਼ਿਵ ਸੈਨਾ ਨੇ ਜਲੰਧਰ ਦੀਆਂ ਪੰਥਕ ਜਥੇਬੰਦੀਆਂ ਵਿਰੁਧ ਸ਼ਿਕਾਇਤ ਵੀ ਦਰਜ ਕਰਵਾਈ ਹੈ ਤੇ ਪੰਥਕ ਜਥੇਬੰਦੀਆਂ ਨੇ ਸ਼ਿਵ ਸੈਨਾ ਵਿਰੁਧ ਵੀ। ਹਾਲੇ ਤੱਕ ਇਸ ਕੇਸ ਦਾ ਕੁਝ ਨਹੀਂ ਬਣਿਆ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਸ਼ਿਵ ਸੈਨਾ ਨੇ ਇਹ ਡਰਾਮਾ ਸਕਿਉਰਿਟੀ ਲੈਣ ਲਈ ਰਚਿਆ ਸੀ। ਇਹ ਕੇਸ ਹੁਣ ਕਿਸੇ ਉੱਪਰ ਵੀ ਦਰਜ ਨਹੀਂ ਹੋਇਆ।

## ਸਾਨਫਰਾਂਸਿਸਕੋ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ ਸਾਕਾ ਦਰਬਾਰ ਸਾਹਿਬ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਨਗਰ ਕੀਰਤਨ

ਉਨ੍ਹਾਂ ਵਿਦਵਾਨ ਲੇਖਕਾਂ, ਜਿਨ੍ਹਾਂ ਨੇ ਯਹੂਦੀਆਂ ਦੇ ਸੰਘਰਸ਼ ਤੋਂ ਮਤਭੇਦਾਂ ਦੀ ਤਰਜਮਾਨੀ ਬਿਆਨ ਕੀਤੀ, ਵਿਚ ਪ੍ਰੋ. ਅਰਜਨ ਰੱਪਾ ਦੁਰਾਈ ਦਾ ਵਿਸ਼ੇਸ਼ ਜ਼ਿਕਰ ਕੀਤਾ, ਇਵੇਂ ਹੀ ਉਨ੍ਹਾਂ ਕਿਹਾ ਕਿ ਸਿੱਖਾਂ ਉਤੇ ਜਿੰਨੇ ਵੀ ਹਮਲੇ ਹੋਏ, ਯਹੂਦੀਆਂ ਵਾਂਗ ਹੀ ਉਹ ਚੈਲਿੰਜ ਕੀਤੇ ਗਏ ਪਰ ਚੈਲਿੰਜ ਤੋਂ ਬਾਅਦ ਹੁਣ ਤੱਕ ਕਾਊਂਟਰ ਨਿਰੇਟਿਵ ਨਹੀਂ ਲੱਭਿਆ ਤੇ ਇਕੱਲਾ ਸੰਘਰਸ਼ ਹੀ ਲਹਿਰ ਨੂੰ ਅੱਗੇ ਨਹੀਂ ਲਿਜਾ ਸਕਦਾ। ਉਨ੍ਹਾਂ ਯਹੂਦੀ ਲੇਖਕ ਡਾ. ਲੀਓ ਪੈਸ਼ੇਕਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਯਹੂਦੀ ਬਾਰਡਰ ਗਾਰਡਜ਼ ਤੇ ਕਾਊਂਟਰ ਨਿਰੇਟਿਵ ਦੇ ਫਾਰਮੂਲੇ ਨੂੰ ਲੈ ਕੇ ਚੱਲੇ। ਇਸ ਤੋਂ ਇਲਾਵਾ ਡਾ.ਅਮਰਜੀਤ ਸਿੰਘ ਨੇ ਕਿਹਾ ਕਿ ਚੰਦੂ ਤੇ ਗੰਗੂ ਦੀ ਸੋਚ ਨਹੀਂ ਬਦਲੀ ਸਿਰਫ ਨਾਂ ਹੀ ਬਦਲੇ ਹਨ। ਇਸ ਦੇ ਨਾਲ ਹੀ ਸਾਡੀ ਸੋਚ ਨੂੰ ਬਦਲਨਾ ਪਵੇਗਾ, ਕਿਉਂਕਿ ਅਸੀਂ ਇਨ੍ਹਾਂ ਲੋਕਾਂ 'ਤੇ ਸਦੀਆਂ ਤੋਂ ਵਿਸ਼ਵਾਸ ਕਰਦੇ ਰਹੇ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਪਰ੍ਹੇ ਉਸ ਸਮੇਂ ਕੁਝ ਹੋਰ ਹੋ ਹੀ ਨਹੀਂ ਸਕਦਾ ਸੀ। ਇਸ ਮੌਕੇ ਭਾਈ ਰੇਸ਼ਮ ਸਿੰਘ ਤੇ ਇਨਸਾਫ਼ ਦੇ ਬੁਲਾਰੇ ਬਚਿੱਤਰ ਸਿੰਘ ਤੇ ਸਿੱਖ ਯੂਥ ਫੈਡਰੇਸ਼ਨ ਦੇ ਪ੍ਰਭਜੋਤ ਸਿੰਘ ਨੇ ਆਪਣੇ ਪ੍ਰਭਾਵਸ਼ਾਲੀ ਵਿਚਾਰ ਰੱਖੇ। ਸਟੇਜ ਦੀ ਕਾਰਵਾਈ ਸ. ਦਵਿੰਦਰ ਸਿੰਘ ਨੇ ਸੰਭਾਲੀ।

ਇਸ ਮੌਕੇ ਸ਼ਹੀਦਾਂ ਦੇ ਪਰਿਵਾਰਾਂ ਦੇ ਜੀਆਂ ਨੂੰ ਸਤਿਕਾਰ ਸਹਿਤ ਸਨਮਾਨ ਦਿੱਤਾ ਗਿਆ। ਗੱਤਕੇ ਦਾ ਵੀ ਸੰਗਤਾਂ ਨੇ ਆਨੰਦ ਮਾਣਿਆ। ਐਤਕੀਂ ਥੋੜਾ ਗਰਮੀ ਨੇ ਸੰਗਤਾਂ ਨੂੰ ਤੰਗ ਜ਼ਰੂਰ ਕੀਤਾ ਪਰ ਸਿੱਖ ਸੰਗਤਾਂ ਵਿਚ ਪੰਚਮ ਪਾਤਿਸ਼ਾਹ ਅਤੇ ਸਾਕਾ ਦਰਬਾਰ ਸਾਹਿਬ ਦੇ ਸ਼ਹੀਦ ਸਿੰਘਾਂ-ਸਿੰਘਣੀਆਂ ਲਈ ਪਿਆਰ ਤੇ ਸਤਿਕਾਰ ਦਾ ਸਮੁੰਦਰ ਠਾਠਾਂ ਮਾਰ ਰਿਹਾ ਸੀ। ਅੰਤ ਵਿਚ ਗੁਰਦੁਆਰਾ ਸਾਹਿਬ ਫਰੀਮੌਂਟ ਪ੍ਰਬੰਧਕ ਕਮੇਟੀ ਵੱਲੋਂ ਨਗਰ ਕੀਰਤਨ ਵਿੱਚ ਸ਼ਾਮਲ ਹੋਈਆਂ ਸਮੂਹ ਸੰਗਤਾਂ ਦਾ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਦਾ ਕੋਟਾਨ ਕੋਟਿ ਧੰਨਵਾਦ ਕਰਦਿਆਂ ਹੋਇਆਂ ਰਹਿ ਗਈਆਂ ਕਮੀਆਂ ਪੇਸ਼ੀਆਂ ਲਈ ਖਿਮਾਂ ਮੰਗੀ ਗਈ ਅਤੇ ਅੱਗੇ ਤੋਂ ਵੀ ਸੰਗਤਾਂ ਕੋਲੋਂ ਇਸੇ ਤਰ੍ਹਾਂ ਦੇ ਭਰਪੂਰ ਸਹਿਯੋਗ ਦੀ ਆਸ ਕੀਤੀ ਗਈ।

## ਵਿਸ਼ਵ ਭਰ ਦੇ ਸਿੱਖ '84 ਦੇ ਸ਼ਹੀਦਾਂ ਨੂੰ ਹੋਏ ਨਤਮਸਤਕ

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਨਤਮਸਤਕ ਹੋਣ ਆਈਆਂ ਸੰਗਤਾਂ ਨੂੰ ਭਾਰਤੀ ਫ਼ੌਜ ਨੇ ਗੋਲੀਆਂ ਨਾਲ ਭੁੰਨ ਦਿੱਤਾ। ਇੱਥੋਂ ਤੱਕ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਵੀ ਗੋਲੀਆਂ ਮਾਰੀਆਂ ਗਈਆਂ। ਸਿੱਖ ਕੌਮ 'ਤੇ ਇਹ ਹਮਲਾ ਨਾਸੂਰ ਦੀ ਤਰ੍ਹਾਂ ਹੈ, ਜਿਸ ਦੀ ਪੀੜਾ ਸਿੱਖ ਕੌਮ ਰਹਿੰਦੀ ਦੁਨੀਆਂ ਤੱਕ ਮਹਿਸੂਸ ਕਰਦੀ ਰਹੇਗੀ।

ਉਨ੍ਹਾਂ ਕਿਹਾ ਕਿ ਭਾਰਤੀ ਫ਼ੌਜ ਵੱਲੋਂ ਇਸ ਹਮਲੇ ਦੌਰਾਨ ਸਿੱਖ ਕੌਮ ਦਾ ਬੇਸ਼ਕੀਮਤੀ ਖ਼ਜ਼ਾਨਾ ਵੀ ਅਜੇ ਤਕ ਵਾਪਸ ਨਹੀਂ ਕੀਤਾ ਗਿਆ। ਭਾਰਤ ਸਰਕਾਰ ਨੂੰ ਇਸ ਹਮਲੇ ਦਾ ਸੱਚ ਜਨਤਕ ਕਰਨਾ ਚਾਹੀਦਾ ਹੈ ਤਾਂ ਜੋ ਸਮੁੱਚੀ ਦੁਨੀਆ ਨੂੰ ਪਤਾ ਲੱਗ ਸਕੇ। ਉਨ੍ਹਾਂ ਸ਼ਹੀਦੀ ਦਿਹਾੜੇ ਮੌਕੇ ਸਮੂਹ ਸੰਗਤ ਨੂੰ ਆਪਣੇ ਸਿਧਾਂਤਾਂ, ਸੰਸਥਾਵਾਂ ਤੇ ਕੌਮੀ ਮੁੱਦਿਆਂ ਨਾਲ ਸਬੰਧਤ ਮਸਲਿਆਂ ਨੂੰ ਮਿਲ ਬੈਠ ਕੇ ਇਕਜੁੱਟਤਾ ਨਾਲ ਨਜਿੱਠਣ ਦੀ ਅਪੀਲ ਕੀਤੀ।

ਜ਼ਿਕਰਯੋਗ ਹੈ ਕਿ ਇਹ ਦਿਹਾੜਾ ਸਿੱਖ ਚੇਤਨਾ ਵਿੱਚ ਇਤਿਹਾਸਕ ਦਿਹਾੜਿਆਂ ਦੀ ਨਿਆਈਂ ਸਥਾਪਿਤ ਹੋ ਚੁੱਕਾ ਹੈ। ਸਿੱਖ ਹਰ ਸਾਲ ਅੰਮ੍ਰਿਤਸਰ ਸਾਹਿਬ ਦੀ ਧਰਤੀ 'ਤੇ ਇਕੱਤਰ ਹੋ ਕੇ ਜੂਨ-1984 ਦੇ ਪਹਿਲੇ ਹਫਤੇ ਵਿੱਚ ਦਰਬਾਰ ਸਾਹਿਬ 'ਤੇ ਭਾਰਤੀ ਫੌਜਾਂ ਵੱਲੋਂ ਕੀਤੇ ਹਮਲੇ ਦੀ ਯਾਦ ਮਨਾਉਂਦੇ ਹਨ ਅਤੇ ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ ਦੀ ਪਵਿੱਤਰਤਾ ਤੇ ਅਕਾਲੀ ਰੁਤਬੇ ਨੂੰ ਬਹਾਲ ਰੱਖਣ ਖਾਤਰ ਭਾਰਤੀ ਫੌਜਾਂ ਖਿਲਾਫ ਜੂਝਦਿਆਂ ਸ਼ਹੀਦ ਹੋਏ ਸਿੰਘਾਂ, ਸਿੰਘਣੀਆਂ, ਬਜ਼ੁਰਗਾਂ, ਭੁਝੰਗੀਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕੌਮੀ ਅਜ਼ਾਦ ਦੇਸ਼ ਖਾਲਿਸਤਾਨ ਨੂੰ ਹਾਸਿਲ ਕਰਨ ਦੇ ਸੰਘਰਸ਼ ਨੂੰ ਜਾਰੀ ਰੱਖਣ ਦਾ ਅਹਿਦ ਵੀ ਕਰਦੇ ਹਨ।

## ਦਲ ਖ਼ਾਲਸਾ ਵੱਲੋਂ ਘੱਲੂਘਾਰਾ ਯਾਦਗਾਰੀ ਮਾਰਚ-

ਹਰ ਸਾਲ 6 ਜੂਨ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਸਿੱਖ ਜੁਝਾਰੂਆਂ ਦੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਂਦੇ ਹਨ। ਹਰ ਵਾਰ 5 ਜੂਨ ਨੂੰ ਦਲ ਖ਼ਾਲਸਾ ਵੱਲੋਂ ਅੰਮ੍ਰਿਤਸਰ ਸ਼ਹਿਰ ਵਿੱਚ ਕੱਢਿਆ ਜਾਂਦਾ ਘੱਲੂਘਾਰਾ ਯਾਦਗਾਰੀ ਮਾਰਚ ਖਾਲਿਸਤਾਨ ਪ੍ਰਤੀ ਸਿੱਖ ਭਾਵਨਾਵਾਂ ਦੀ ਤਰਜ਼ਮਾਨੀ ਦਾ ਇੱਕ ਸਥਾਪਿਤ ਸਮਾਗਮ ਬਣ ਗਿਆ ਹੈ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 5 ਜੂਨ ਨੂੰ ਰਣਜੀਤ ਐਵਨਿਊ ਸਥਿਤ ਗੁਰਦੁਆਰਾ ਸਾਹਿਬ ਤੋਂ ਇਹ ਘੱਲੂਘਾਰਾ ਯਾਦਗਾਰੀ ਮਾਰਚ ਅਰੰਭ ਹੋਇਆ। ਇਸ ਵਾਰ ਇਹ ਮਾਰਚ ਦਲ ਖ਼ਾਲਸਾ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਸਾਂਝੇ ਤੌਰ 'ਤੇ ਕੱਢਿਆ ਗਿਆ ਜਿਸ ਵਿਚ ਯੂਨਾਈਟਿਡ ਅਕਾਲੀ ਦਲ ਸਮੇਤ ਹੋਰ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਵੀ ਪਹੁੰਚੇ। ਹਜ਼ਾਰਾਂ ਦੀ ਗਿਣਤੀ ਵਿੱਚ ਇਕੱਤਰ ਹੋਏ ਸਿੱਖਾਂ ਦਾ ਇਹ ਮਾਰਚ ਬਹੁਤ ਪ੍ਰਭਾਵਸ਼ਾਲੀ ਸੀ ਜੋ ਰਣਜੀਤ ਐਵਨਿਊ ਤੋਂ ਚੱਲ ਕੇ ਸ਼ਹਿਰ ਦੇ ਬਜ਼ਾਰਾਂ, ਰਿਹਾਇਸ਼ੀ ਖੇਤਰਾਂ ਦਾ ਲਗਭਗ 10 ਕਿਲੋਮੀਟਰ ਦਾ ਸਫਰ ਤੈਅ ਕਰਦਾ ਹੋਇਆ ਸੂਰਜ ਛਿਪਣ ਤੋਂ ਬਾਅਦ ਦਰਬਾਰ ਸਾਹਿਬ ਪਹੁੰਚ ਕੇ ਸਮਾਪਤ ਹੋਇਆ। ਇਸ ਮਾਰਚ ਦੀ ਅਗਵਾਈ ਦਲ ਖ਼ਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ, ਭਾਈ ਹਰਚਰਨਜੀਤ ਸਿੰਘ ਧਾਮੀ, ਭਾਈ ਸਤਨਾਮ ਸਿੰਘ ਪਾਊਂਟਾ ਸਾਹਿਬ ਕਰ ਰਹੇ ਸਨ ਤੇ ਉਹਨਾਂ ਦੇ ਨਾਲ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਭਾਈ ਈਮਾਨ ਸਿੰਘ ਮਾਨ, ਭਾਈ ਜਸਕਰਨ ਸਿੰਘ ਕਾਹਨਸਿੰਘਵਾਲਾ, ਯੂਨਾਈਟਿਡ ਅਕਾਲੀ ਦਲ ਦੇ ਆਗੂ ਭਾਈ ਮੋਹਕਮ ਸਿੰਘ, ਭਾਈ ਗੁਰਦੀਪ ਸਿੰਘ ਬਠਿੰਡਾ, ਜੁਝਾਰੂ ਸਿੱਖ ਆਗੂ ਭਾਈ ਨਰਾਇਣ ਸਿੰਘ ਚੌੜਾ ਸ਼ਾਮਿਲ ਸਨ। ਇਹ ਆਗੂ ਇੱਕ ਖੁੱਲ੍ਹੀ ਜੀਪ 'ਤੇ ਖੜ੍ਹੇ ਸਨ ਤੇ ਇਹਨਾਂ ਬਜ਼ੁਰਗ ਆਗੂਆਂ ਵਿੱਚ ਦਲ ਖ਼ਾਲਸਾ ਦੀ ਨੌਜਵਾਨ ਇਕਾਈ "ਸਿੱਖ ਯੂਥ ਆਫ ਪੰਜਾਬ" ਦੇ ਪ੍ਰਧਾਨ ਪਰਮਜੀਤ ਸਿੰਘ ਮੰਡ ਅਜ਼ਾਦ ਸਿੱਖ ਰਾਜ ਦਾ ਵੱਡਾ ਝੰਡਾ ਫੜ ਕੇ ਚਿੰਨਤ ਕਰ ਰਹੇ ਸਨ ਕਿ ਖਾਲਿਸਤਾਨ ਦੇ ਸੰਘਰਸ਼ ਦੀ ਵਾਗਡੋਰ ਹੁਣ ਨਵੀਂ ਪੀੜ੍ਹੀ ਦੇ ਹੱਥਾਂ ਵਿੱਚ ਜਾ ਰਹੀ ਹੈ।

ਮਾਰਚ ਵਿਚ ਸ਼ਾਮਿਲ ਇੱਕ ਵੱਡੀ ਬੱਸ ਉੱਤੇ ਲੱਗੇ ਵੱਡ ਅਕਾਰੀ ਬੋਰਡਾਂ 'ਤੇ ਲਿਖਿਆ ਸੀ, ਹਿੰਦੁਸਤਾਨ ਦੀ ਗੁਲਾਮੀ ਵਿਰੁੱਧ ਜੰਗ ਰਹੇਗੀ, ਜੰਗ ਰਹੇਗੀ.. ਪੰਜਾਬ ਦੀ ਆਜ਼ਾਦੀ ਤੱਕ ਜੰਗ ਰਹੇਗੀ, ਜੰਗ ਰਹੇਗੀ..। ਇੱਕ ਪੋਸਟਰ 'ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਅਗਵਾਈ ਵਿੱਚ ਜੂਝਦਿਆਂ ਸ਼ਹੀਦ ਹੋਏ ਸਿੰਘਾਂ, ਸਿੰਘਣੀਆਂ, ਭੁਝੰਗੀਆਂ ਦੀਆਂ ਤਸਵੀਰਾਂ ਨਾਲ ਲਿਖਿਆ ਸੀ, ਮੰਜ਼ਿਲ-ਏ-ਖਾਲਿਸਤਾਨ ਦੇ ਸ਼ਹੀਦ। ਇਸ ਦੇ ਪਿੱਛੇ ਸਿੱਖ ਸੰਗਤਾਂ ਦਾ ਲੰਬਾ ਮਾਰਚ ਹੱਥਾਂ ਵਿੱਚ ਖਾਲਸਾਈ ਰੰਗ ਦੇ ਝੰਡੇ ਅਤੇ ਸ਼ਹੀਦਾਂ ਦੀਆਂ ਤਸਵੀਰਾਂ ਤੇ ਖਾਲਿਸਤਾਨ ਦੀ ਅਜ਼ਾਦੀ ਦੇ ਸੁਨੇਹੇ ਫੜੀ "ਸਾਡੀ ਜਿੰਦ ਸਾਡੀ ਜਾਨ, ਖਾਲਿਸਤਾਨ, ਖਾਲਿਸਤਾਨ, ਪੰਜਾਬ ਕੀ ਚਾਹੁੰਦਾ, ਆਜ਼ਾਦੀ; ਅਸੀਂ ਲੈ ਕੇ ਰਹਾਂਗੇ, ਆਜ਼ਾਦੀ, ਸੰਤ ਭਿੰਡਰਾਂਵਾਲਿਆਂ ਦਾ ਕੀ ਅਰਮਾਨ, ਪੰਜਾਬ ਬਣੇਗਾ ਖਾਲਿਸਤਾਨ; ਭਾਈ ਗਜਿੰਦਰ ਸਿੰਘ ਦਾ ਕੀ ਪੈਗਾਮ, ਪੰਜਾਬ ਬਣੇਗਾ ਖਾਲਿਸਤਾਨ" ਆਦਿ ਨਾਅਰੇ ਮਾਰਦਿਆਂ ਖਾਲਿਸਤਾਨ ਦੇ ਸੰਘਰਸ਼ ਨੂੰ ਜਾਰੀ ਰੱਖਣ ਦੇ ਕੌਮੀ ਅਹਿਦ ਦਾ ਪ੍ਰਗਟਾਵਾ ਕਰ ਰਿਹਾ ਸੀ।

ਅੱਤ ਦੀ ਗਰਮੀ ਤੇ ਲੰਬੇ ਪੈਂਡੇ ਦੀ ਪਰਵਾਹ ਕੀਤੇ ਬਿਨਾ ਖਾਲਿਸਤਾਨ ਸ਼ਬਦ ਦੇ ਉਚਾਰਣ ਦੇ ਜੋਸ਼ 'ਚ ਸਿੱਖ ਬਜ਼ੁਰਗ ਵੀ ਨੌਜਵਾਨਾਂ ਦੀ ਪੈੜ ਨਾਲ ਪੈੜ ਮਿਲਾਉਂਦਿਆਂ ਦਰਬਾਰ ਸਾਹਿਬ ਵੱਲ ਨਤਮਸਤਕ ਹੋਣ ਲਈ ਵਧ ਰਹੇ ਸਨ। 4000 ਦੇ ਕਰੀਬ ਸੰਗਤਾਂ ਦੇ ਇਸ ਇਕੱਠ ਵਾਲੇ ਮਾਰਚ ਵਿੱਚ ਲੱਗ ਰਹੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਪ੍ਰਤੀਤ ਹੋ ਰਿਹਾ ਸੀ ਜਿਵੇਂ ਅੰਮ੍ਰਿਤਸਰ ਸ਼ਹਿਰ ਖਾਲਿਸਤਾਨੀ ਰੰਗ ਵਿੱਚ ਰੰਗਿਆ ਗਿਆ ਹੋਵੇ। ਇਸ ਮਾਰਚ ਦੀ ਇੱਕ ਹੋਰ ਗੱਲ ਸਾਰੀ ਖਲਕਤ ਨੂੰ ਪ੍ਰਭਾਵਿਤ ਕਰ ਰਹੀ ਸੀ ਕਿ ਇਹ ਮਾਰਚ ਸਿੱਖਾਂ ਦੇ ਜੋਸ਼ ਅਤੇ ਹੋਸ਼ ਵਾਲੇ ਰੂਪ ਨੂੰ ਦੁਨੀਆ ਸਾਹਮਣੇ ਪੇਸ਼ ਕਰਦਾ ਹੈ ਜਦੋਂ ਸਿੱਖ ਹਰ ਸਾਲ 5 ਜੂਨ ਨੂੰ ਨਿਕਲਣ ਵਾਲੇ ਇਸ ਮਾਰਚ ਵਿਚ ਜੋਸ਼ 'ਚ ਭਰੇ ਹੋਏ ਪੂਰੇ ਖਾਲਸਾਈ ਜਾਹੋ-ਜਲਾਲ ਵਿੱਚ ... 'ਚ ਰਹਿੰਦਿਆਂ ਅੰਮ੍ਰਿਤਸਰ ਸ਼ਹਿਰ ਅੰਦਰ ਮਾਰਚ ਕਰਦੇ ਹਨ। ਬੀਤੇ ਕੁੱਝ ਸਾਲਾਂ ਤੋਂ ਇਸ ਮਾਰਚ ਦਾ ਇਕੱਠ ਲਗਾਤਾਰ ਵੱਧਦਾ ਜਾ ਰਿਹਾ ਹੈ ਤੇ ਇੱਕ ਜਥੇਬੰਦੀ ਤੋਂ ਸ਼ੁਰੂ ਹੋਏ ਇਸ ਘੱਲੂਘਾਰਾ ਮਾਰਚ ਵਿੱਚ ਹੁਣ ਸਿੱਖ ਆਪ ਮੁਹਾਰੇ ਆਉਣਾ ਸ਼ੁਰੂ ਹੋ ਗਏ ਹਨ। ਇਸ ਮਾਰਚ ਵਿੱਚ ਵਧ ਰਹੀ ਸਿੱਖਾਂ ਦੀ ਸ਼ਮੂਲੀਅਤ ਪੰਜਾਬ ਅੰਦਰ ਵੱਧ ਰਹੀ ਖਾਲਿਸਤਾਨ ਦੀ ਲੋਕ ਲਹਿਰ ਨੂੰ ਚਿੰਨਤ ਕਰਦੀ ਹੈ। ਦਲ ਖ਼ਾਲਸਾ ਖੁਦ ਨੂੰ ਭਾਰਤੀ ਚੋਣ ਪ੍ਰਣਾਲੀ ਤੋਂ ਅਲਹਿਦਾ ਰੱਖਦਿਆਂ ਲੋਕਤੰਤਰਿਕ ਢੰਗ ਨਾਲ ਵੱਖਵਾਦ ਵਾਲੀ ਰਾਜਨੀਤੀ ਦੇ ਰਾਹ 'ਤੇ ਚਲਦਿਆਂ ਲੋਕਾਂ ਨੂੰ ਲਾਮਬੰਦ ਕਰਨ ਵਿੱਚ ਕਾਮਯਾਬ ਹੁੰਦਾ ਪ੍ਰਤੀਤ ਹੋ ਰਿਹਾ ਹੈ। ਭਾਵੇਂ ਕਿ ਇਹ ਲਾਮਬੰਦੀ ਉਸ ਪੱਧਰ ਦੀ ਨਹੀਂ ਜੋ ਕੁੱਝ ਦਿਨਾਂ ਅੰਦਰ ਪੰਜਾਬ ਵਿੱਚ ਕੋਈ ਵੱਡੀ ਰਾਜਨੀਤਕ ਤਬਦੀਲੀ ਲਿਆ ਸਕੇ ਪਰ ਸਰਕਾਰੀ ਦਹਿਸ਼ਤ ਦੇ ਸਾਏ ਅੰਦਰ ਜੀਅ ਰਹੇ ਪੰਜਾਬ ਦੇ ਸਿੱਖਾਂ ਅੰਦਰ ਉਸਲਵੱਟੇ ਖਾਂਦੀਆਂ ਕੌਮੀ ਆਜ਼ਾਦ ਰਾਜ ਦੀਆਂ ਇੱਛਾਵਾਂ ਨੂੰ ਬਾਹਰ ਪ੍ਰਗਟ ਹੋਣ ਦੀ ਇੱਕ ਦਿਸ਼ਾ ਜ਼ਰੂਰ ਮਿਲ ਰਹੀ ਹੈ। ਹੁਣ ਇਸ ਮੁਹਿੰਮ ਦੇ ਮਜ਼ਬੂਤ ਹੋਣ ਨਾਲ ਚੁਣੌਤੀਆਂ ਵੀ ਵਧਣਗੀਆਂ ਤੇ ਦਲ ਖ਼ਾਲਸਾ ਦੀ ਨਵੀਂ ਨੌਜਵਾਨ ਲੀਡਰਸ਼ਿਪ 'ਤੇ ਸ਼ਾਇਦ ਵੱਡੇ ਇਮਤਿਹਾਨਾਂ ਦਾ ਸਮਾਂ ਵੀ ਪਵੇਗਾ। ਇਹਨਾਂ ਇਮਤਿਹਾਨਾਂ ਵਿੱਚ ਇਹਨਾਂ ਆਗੂਆਂ ਦੀ ਕਾਰਗੁਜ਼ਾਰੀ ਆਉਣ ਵਾਲੇ ਸਾਲਾਂ 'ਚ ਸਿੱਖ ਆਜ਼ਾਦ ਰਾਜ ਖਾਲਿਸਤਾਨ ਦੀ ਲੋਕ ਲਹਿਰ ਦੀ ਦਸ਼ਾ ਅਤੇ ਦਿਸ਼ਾ ਤੈਅ ਕਰੇਗੀ।

ਇਸ ਮਾਰਚ ਦੌਰਾਨ ਜਦੋਂ ਲਗਾਤਾਰਵੀ ਵਾਂਟ ਖਾਲਿਸਤਾਨ (We Want Khalistan) ਦੀ ਨਾਅਰੇਬਾਜ਼ੀ ਕਰ ਰਹੇ 25 ਸਾਲਾਂ ਦੇ ਸਿੱਖ ਨੌਜਵਾਨ ਨੂੰ ਮੈਂ ਪੁੱਛਿਆ ਕਿ ਖਾਲਿਸਤਾਨ ਦਾ ਨਾਅਰਾ ਮਾਰਦਿਆਂ ਉਹਨਾਂ ਨੂੰ ਕੀ ਮਹਿਸੂਸ ਹੁੰਦਾ ਹੈ, ਤਾਂ ਉਸ ਦੇ ਸ਼ਬਦ ਸਨ, ਕਿ ਖਾਲਿਸਤਾਨ ਬੋਲਣ ਲੱਗੇ ਸਾਡੇ ਅੰਦਰ ਇਹੋ ਜਿਹੀ ਰੂਹ ਆ ਜਾਂਦੀ ਹੈ ਕਿ ਮੈਂ ਬਿਆਨ ਨਹੀਂ ਕਰ ਸਕਦਾ, ਪਤਾ ਨਹੀਂ ਕਿਥੋਂ ਜਿਹਾ ਜੋਸ਼ ਆ ਜਾਂਦਾ, ਗੁਰੂ ਮਹਾਰਾਜ ਦੀ ਐਨੀ ਕਿਰਪਾ ਹੋ ਜਾਂਦੀ ਹੈ।

**ਸਿਵਲ ਕੱਪੜਿਆਂ 'ਚ ਮੌਜੂਦ ਰਹੀ ਪੰਜਾਬ ਪੁਲਿਸ-**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਡੇ ਪੱਧਰ 'ਤੇ ਟਾਸਕ ਫੋਰਸ ਤਾਇਨਾਤ ਕੀਤੀ ਗਈ ਸੀ। ਇਸ ਦੇ ਨਾਲ ਹੀ ਸਿਵਲ ਕੱਪੜਿਆਂ ਵਿੱਚ ਪੰਜਾਬ ਪੁਲਿਸ ਵੀ ਮੌਜੂਦ ਸੀ। ਇਸ ਦਾ ਮਕਸਦ ਗਰਮ ਖਿਆਲੀਆਂ 'ਤੇ ਸ਼ਿਕੰਜਾ ਕਸਣਾ ਸੀ ਕਿਉਂਕ ਸਰਬੱਤ ਖਾਲਸਾ ਵੱਲੋਂ ਥਾਪੇ ਮੁਤਵਾਜ਼ੀ ਜਥੇਦਾਰ ਵੀ ਪਹੁੰਚੇ ਹੋਏ ਸੀ। ਇਸ ਸਖਤੀ ਤੋਂ ਕੁਝ ਗਰਮ ਖਿਆਲੀ ਖਫਾ ਨਜ਼ਰ ਆਏ। ਇਸ ਦੌਰਾਨ ਕੁਝ ਲੋਕਾਂ ਨੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਏ। ਇਨ੍ਹਾਂ ਖਿਲਾਫ ਟਾਸਕ ਫੋਰਸ ਨੇ ਸਖਤੀ ਕੀਤੀ। ਇਸ ਮਗਰੋਂ ਸੰਗਤਾਂ ਵਿੱਚ ਵੀ ਗੁੱਸਾ ਵੇਖਣ ਨੂੰ ਮਿਲਿਆ। ਇਸ ਮਗਰੋਂ ਕਈ ਵਾਰ ਧੱਕਾ ਮੁੱਕੀ ਹੁੰਦੀ ਰਹੀ। ਹਲਕੀ ਝੜਪ ਵੀ ਹੋਈ ਤੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਵੀ ਲੱਗਦੇ ਰਹੇ। ਗੁੱਸੇ ਵਿੱਚ ਸੰਗਤਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਬਾਹਰ ਲੱਗੇ ਜੰਗਲੇ ਵੀ ਪੁੱਟ ਦਿੱਤੇ। ਇਸ ਦੌਰਾਨ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ, ਬਲਜੀਤ ਸਿੰਘ ਦਾਦੂਵਾਲ ਤੇ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੀ ਸੰਗਤਾਂ ਦੇ ਵਿੱਚ ਮੌਜੂਦ ਸਨ। ਜਦ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨੇ ਆਪਣਾ ਸੰਦੇਸ਼ ਪੜ੍ਹਨ ਦੀ ਕੋਸ਼ਿਸ਼ ਕੀਤੀ ਤਾਂ ਸ਼੍ਰੋਮਣੀ ਕਮੇਟੀ ਨੇ ਉੱਚੀ ਆਵਾਜ਼ ਵਿੱਚ ਸਪੀਕਰ ਲਾ ਦਿੱਤੇ ਤੇ ਉਨ੍ਹਾਂ ਵਿੱਚ ਸ਼ਬਦ ਸ਼ੁਰੂ ਕਰ ਦਿੱਤੇ।ਇਸ ਤੋਂ ਬਾਅਦ ਖਾਲਿਸਤਾਨ ਦੇ ਨਾਅਰੇ ਲੱਗਣੇ ਸ਼ੁਰੂ ਹੋ ਗਏ। ਧੱਕਾ-ਮੁੱਕੀ ਤੇ ਹਲਕੀਆਂ ਝੜਪਾਂ ਹੁੰਦੀਆਂ ਦਿਖਾਈ ਦਿੱਤੀਆਂ। ਸਿਵਲ ਕੱਪੜਿਆਂ ਵਿੱਚ ਸੰਗਤ ਵਿੱਚ ਬੈਠੀ ਪੁਲਿਸ ਨੂੰ ਕਾਫ਼ੀ ਮੁਸ਼ੱਕਤ ਕਰਨੀ ਪਈ।

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂਆਂ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਨੇ ਪੁਲਿਸ ਦੀ ਮਦਦ ਨਾਲ ਸੰਗਤਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿੱਚ ਨਤਮਸਤਕ ਨਹੀਂ ਹੋਣ ਦਿੱਤਾ।

ਉਨ੍ਹਾਂ ਆਖਿਆ ਕਿ ਕੌਮ ਦੇ ਸਾਰੇ ਮਸਲੇ ਰਲਮਿਲ ਕੇ ਹੀ ਹੱਲ ਕੀਤੇ ਜਾ ਸਕਦੇ ਹਨ। ਉਨ੍ਹਾਂ ਪੰਜਾਬ ਦੀ ਨੌਜੁਆਨੀ ਦੇ ਵਿਦੇਸ਼ ਜਾਣ ਦੇ ਰੁਝਾਨ 'ਤੇ ਚਿੰਤਾ ਪ੍ਰਗਟ ਕਰਦਿਆਂ ਇਸ ਸੰਜੀਦਾ ਮਾਮਲੇ 'ਤੇ ਕੌਮ ਨੂੰ ਸੁਚੇਤ ਹੋਣ ਦੀ ਅਪੀਲ ਕੀਤੀ। ਉਨ੍ਹਾਂ ਆਖਿਆ ਕਿ ਜੇਕਰ ਇਹ ਰੁਝਾਨ ਇਸੇ ਤਰ੍ਹਾਂ ਹੀ ਜਾਰੀ ਰਿਹਾ ਤਾਂ ਭਵਿੱਖ ਵਿਚ ਪੰਜਾਬ ਦੇ ਉੱਚ ਅਹੁਦਿਆਂ 'ਤੇ ਸਿੱਖ ਅਧਿਕਾਰੀ ਨਹੀਂ ਲੱਭਣਗੇ। ਉਨ੍ਹਾਂ ਸਿੱਖ ਕੌਮ ਨੂੰ ਆਪਣੇ ਬੱਚਿਆਂ ਤੇ ਨੌਜੁਆਨਾਂ ਨੂੰ ਚੰਗੀ ਵਿਦਿਆ ਨਾਲ ਜੋੜਨ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਆਖਿਆ ਕਿ ਜੇਕਰ ਸਾਡੀ ਨੌਜੁਆਨੀ ਚੰਗੀ ਵਿੱਦਿਆ ਦੀ ਧਾਰਨੀ ਬਣੇਗੀ ਤਾਂ ਕੌਮ ਹਰ ਖੇਤਰ ਵਿਚ ਤਰੱਕੀ ਦੀ ਬੁਲੰਦੀਆਂ ਛੂਹੇਗੀ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਜੂਨ 1984 ਵਿੱਚ ਭਾਰਤ ਸਰਕਾਰ ਵੱਲੋਂ ਕੀਤਾ ਗਿਆ ਹਮਲਾ ਅਣਮਨੁੱਖੀ ਤਸ਼ੱਦਦ ਦੀ ਸਿਖਰ ਸੀ, ਜਿਸ ਨੂੰ ਭੁੱਲਣਾ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਹੈ। ਉਨ੍ਹਾਂ ਕਿਹਾ ਕਿ ਇਸ ਦਿਹਾੜੇ ਮੌਕੇ ਸਿੱਖ ਕੌਮ ਦੇ ਅੱਲ੍ਹੇ ਜ਼ਖ਼ਮ ਰਿਸਣ ਲੱਗਦੇ ਹਨ। ਇਹ ਅਤਿਭਾਵੁਕ ਤੇ ਸੰਵੇਦਨਸ਼ੀਲ ਦਿਹਾੜਾ ਹੈ, ਜਿਸ ਨੂੰ ਮਨਾਉਣ ਲਈ ਸਮੁੱਚੀ ਕੌਮ ਨੂੰ ਇਕਜੁੱਟਤਾ ਦਿਖਾਉਣੀ ਚਾਹੀਦੀ ਹੈ।

ਅਕਾਲੀ ਦਲ ਨੇ ਪੁਰਾਣਾ ਰਾਗ ਅਲਾਪਿਆ-

ਅਕਾਲੀ ਦਲ ਦੇ ਪ੍ਰਧਾਨ ਤੇ ਲੋਕ ਸਭਾ ਮੈਂਬਰ ਸੁਖਬੀਰ ਬਾਦਲ ਨੇ ਵੀਰਵਾਰ ਨੂੰ ਆਪ੍ਰੇਸ਼ਨ ਬਲੂ ਸਟਾਰ ਦੀ ਬਰਸੀ ਮੌਕੇ ਇਸ ਘਟਨਾ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਇਸ ਬਾਬਤ ਉਨ੍ਹਾਂ ਅਕਾਲੀ ਦਲ ਦੇ ਵਫ਼ਦ ਨਾਲ ਦਿੱਲੀ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਵੀ ਕੀਤੀ।

ਸੁਖਬੀਰ ਬਾਦਲ ਨੇ ਕਿਹਾ ਕਿ 1984 ਸਮੇਂ ਦਰਬਾਰ ਸਾਹਿਬ 'ਤੇ ਹਮਲਾ ਹੋਇਆ, ਜੋ ਗਾਂਧੀ ਪਰਿਵਾਰ ਨੇ ਕਰਵਾਇਆ ਸੀ। ਜਦੋਂ ਫ਼ੌਜ ਨੇ ਹਮਲਾ ਕੀਤਾ ਤਾਂ ਉਸ ਸਮੇਂ ਸਿੱਖ ਧਰਮ ਨਾਲ ਸਬੰਧਤ ਇਤਿਹਾਸਕ ਲਾਇਬ੍ਰੇਰੀ ਵੀ ਫ਼ੌਜ ਆਪਣੇ ਨਾਲ ਹੀ ਲੈ ਗਈ ਸੀ। ਸੁਖਬੀਰ ਨੇ ਮੰਗ ਕੀਤੀ ਕਿ ਇਸ ਲਾਇਬ੍ਰੇਰੀ ਨੂੰ ਵਾਪਸ ਕੀਤਾ ਜਾਵੇ।

ਬਾਦਲ ਨੇ ਸ਼ਾਹ ਤੋਂ ਇਹ ਵੀ ਮੰਗ ਕੀਤੀ ਕਿ ਜਿਨ੍ਹਾਂ ਧਰਮੀ ਫ਼ੌਜੀਆਂ ਨੇ ਸਾਕਾ ਨੀਲਾ ਤਾਰਾ ਮਗਰੋਂ ਭਾਵਨਾਵਾਂ 'ਚ ਵਹਿ ਕੇ ਨੌਕਰੀਆਂ ਛੱਡ ਦਿੱਤੀਆਂ ਸੀ, ਉਨ੍ਹਾਂ ਦੇ ਪਰਿਵਾਰਾਂ ਨੂੰ ਪੈਨਸ਼ਨ ਦਿੱਤੀ ਜਾਵੇ। ਸੁਖਬੀਰ ਨੇ ਕਿਹਾ ਕਿ ਉਨ੍ਹਾਂ ਗ੍ਰਹਿ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਸਬੰਧੀ ਗੁਰੂ ਜੀ ਦੇ ਜਨਮ ਸਥਾਨ ਤਕ ਨਗਰ ਕੀਰਤਨ ਲਿਜਾਣ ਲਈ ਪਾਕਿਸਤਾਨ ਨਾਲ ਗੱਲਬਾਤ ਕੀਤੀ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਸਬੰਧੀ ਸਮਾਗਮ ਹੁਣੇ ਤੋਂ ਹੀ ਸ਼ੁਰੂ ਕਰ ਦੇਣੇ ਚਾਹੀਦੇ ਹਨ।

**ਵਿਸ਼ਵ ਭਰ 'ਚ ਮਨਾਇਆ ਗਿਆ ਘੱਲੂਘਾਰਾ ਦਿਵਸ-**
ਅਮਰੀਕਾ, ਕਨੇਡਾ, ਇੰਗਲੈਂਡ ਤੇ ਯੂਰਪੀ ਮੁਲਕਾਂ ਵਿਚ ਵੀ ਜੂਨ-1984 ਦੇ ਸ਼ਹੀਦਾਂ ਨੂੰ ਸਮਰਪਿਤ ਘੱਲੂਘਾਰਾ ਦਿਵਸ ਮਨਾਏ ਜਾਣ ਦੀਆਂ ਖ਼ਬਰਾਂ ਹਨ। ਅਮਰੀਕਾ ਦੇ ਸ਼ਹਿਰ ਸਾਨਫਰਾਂਸਿਸਕੋ ਵਿਖੇ ਕੈਲੀਫੋਰਨੀਆ ਸਟੇਟ ਦੇ 21 ਗੁਰਦੁਆਰਾ ਸਾਹਿਬਾਨ ਵੱਲੋਂ ਰਲ ਕੇ ਨਗਰ ਕੀਰਤਨ ਦੇ ਸ਼ਹੀਦੀ ਸਮਾਗਮ ਕੀਤਾ ਗਿਆ। ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਸੰਗਤਾਂ ਨੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਅਤੇ ਕੌਮੀ ਪੀੜ ਨੂੰ ਮਹਿਸੂਸ ਕਰਦਿਆਂ ਪਰਦੇਸਾਂ ਵਿੱਚ ਬੈਠੇ ਹੋਏ ਵੀ ਹਲੇਮੀ ਰਾਜ ਭਾਗ ਦੀ ਪ੍ਰਾਪਤੀ ਦੇ ਅਹਿਦ ਨੂੰ ਦ੍ਰਿੜਾਇਆ। ਸਾਨਫਰਾਂਸਿਸਕੋ ਦੇ ਡਾਊਨ ਟਾਊਨ ਵਿਚ ਸਜਾਏ ਗਏ ਸ਼ਹੀਦਾਂ ਨੂੰ ਸਮਰਪਿਤ ਨਗਰ ਕੀਰਤਨ ਵਿਚ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਦੀਆਂ ਸੰਗਤਾਂ ਤੇ ਕਮੇਟੀਆਂ ਭਾਰੀ ਗਿਣਤੀ ਵਿਚ ਸ਼ਾਮਲ ਹੋਈਆਂ।

## ਹਰਿਮੰਦਰ ਸਾਹਿਬ ਨੇੜੇ ਸਿੱਖ ਗੁਰੂਆਂ ਦੀਆਂ ਕਲਪਿਤ ਮੂਰਤੀਆਂ ਦੀ ਵਿਕਰੀ ਘਟੀ

ਦੀਆਂ ਮੂਰਤੀਆਂ ਦੀ ਥਾਂ ਗੁਰੂਆਂ ਦੀਆਂ ਤਸਵੀਰਾਂ ਵਿਕ ਰਹੀਆਂ ਹਨ। ਭਾਵੇਂ ਸਿੱਖ ਧਰਮ ਵਿਚ ਗੁਰੂਆਂ ਦੀ ਤਸਵੀਰ ਨੂੰ ਵੀ ਕੋਈ ਮਾਨਤਾ ਨਹੀਂ ਹੈ ਪਰ ਕੈਲੰਡਰਾਂ ਆਦਿ 'ਤੇ ਗੁਰੂਆਂ ਦੀਆਂ ਤਸਵੀਰਾਂ ਛਾਪਣ ਦਾ ਰੁਝਾਨ ਲੰਮੇ ਸਮੇਂ ਤੋਂ ਜਾਰੀ ਹੈ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਸਿੱਖ ਸੰਗਤ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੀਆਂ ਗੁਰੂਆਂ ਦੀਆਂ ਮੂਰਤੀਆਂ ਨਾ ਖਰੀਦਣ। ਇਸ ਨਾਲ ਮੂਰਤੀਆਂ ਬਣਾਉਣ ਅਤੇ ਵੇਚਣ ਦੇ ਰੁਝਾਨ ਨੂੰ ਆਪੇ ਠੱਲ੍ਹ ਪੈ ਜਾਵੇਗੀ।

ਆਨਲਾਈਨ ਵਿਕਰੀ ਵਾਲੀਆਂ ਵੈੱਬਸਾਈਟਾਂ ਐਮਾਜ਼ੋਨ ਤੇ ਫਲਿੱਪਕਾਰਟ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਮੂਰਤੀਆਂ ਬਣਾ ਕੇ ਵੇਚਣ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖ਼ਤ ਨੋਟਿਸ ਲਿਆ ਹੈ। ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਦੋਵੇਂ ਕੰਪਨੀਆਂ ਵਲੋਂ ਸਿੱਖ ਸਿਧਾਂਤਾਂ ਅਤੇ ਰਵਾਇਤਾਂ ਦੇ ਵਿਰੁੱਧ ਗੁਰੂ ਸਾਹਿਬ ਦੀਆਂ ਮੂਰਤੀਆਂ ਦੀ ਵਿਕਰੀ ਤੇ ਕਾਰਵਾਈ ਕਰਦਿਆਂ ਉਕਤ ਦੋਹਾਂ ਕੰਪਨੀਆਂ ਨੂੰ ਕਾਨੂੰਨੀ ਨੋਟਿਸ ਭੇਜ ਦਿੱਤੇ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਨੂੰ ਕੰਪਨੀਆਂ ਵਲੋਂ ਜਾਣਬੁਝ ਕੀਤੀ ਗਈ ਹਰਕਤ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਿੱਖੀ ਦੀਆਂ ਸ਼ਾਨਾਮੱਤੀਆਂ ਰਵਾਇਤਾਂ ਅਤੇ ਵਿਲੱਖਣ ਸਿਧਾਂਤਾਂ ਨੂੰ ਰਲਗੱਡ ਕਰਨ ਵਾਲੀਆਂ ਇਨ੍ਹਾਂ ਕੰਪਨੀਆਂ ਖਿਲਾਫ਼ ਐਸਜੀਪੀਸੀ ਵਲੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਐਮਾਜ਼ੋਨ ਕੰਪਨੀ ਨੇ ਪਾਵਨ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਦੀ ਤੌਹੀਨ ਕੀਤੀ ਸੀ। ਉਸ ਸਮੇਂ ਕੰਪਨੀ ਖਿਲਾਫ਼ ਕਾਰਵਾਈ ਕਰਨ 'ਤੇ ਕੰਪਨੀ ਨੇ ਮੁਆਫ਼ੀ ਮੰਗ ਲਈ ਸੀ। ਹੁਣ ਫਿਰ ਇਸ ਕੰਪਨੀ ਵਲੋਂ ਸਿੱਖ ਸਿਧਾਂਤਾਂ ਅਤੇ ਪਰੰਪਰਾਵਾਂ ਦੇ ਖਿਲਾਫ਼ ਮੂਰਤੀ ਪੂਜਾ ਦੇ ਰੁਝਾਨ ਨੂੰ ਗੁਰੂ ਸਾਹਿਬ ਦੀਆਂ ਮੂਰਤੀਆਂ ਨਾਲ ਜੋੜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਫਿਲਹਾਲ ਇਨ੍ਹਾਂ ਕੰਪਨੀਆਂ ਨੂੰ ਕਾਨੂੰਨੀ ਨੋਟਿਸ ਭੇਜੇ ਗਏ ਹਨ ਅਤੇ ਜੇਕਰ ਇਨ੍ਹਾਂ ਨੇ ਤੁਰੰਤ ਵੈੱਬਸਾਈਟ ਤੋਂ ਗੁਰੂ ਸਾਹਿਬ ਦੀਆਂ ਮੂਰਤੀਆਂ ਦੀ ਵਿਕਰੀ ਨੂੰ ਨਾ ਹਟਾਇਆ ਤਾਂ ਇਨ੍ਹਾਂ ਖਿਲਾਫ਼ ਸਿਵਲ ਤੇ ਫੌਜਦਾਰੀ ਕਾਰਵਾਈ ਵੀ ਕੀਤੀ ਜਾਵੇਗੀ। ਭਾਈ ਲੌਂਗੋਵਾਲ ਨੇ ਸਿੱਖ ਸੰਗਤ ਨੂੰ ਵੀ ਸੁਚੇਤ ਕਰਦਿਆਂ ਅਪੀਲ ਕੀਤੀ ਕਿ ਅਜਿਹੀਆਂ ਸਿੱਖ ਵਿਰੋਧੀ ਚਾਲਾਂ ਦਾ ਡੱਟ ਕੇ ਵਿਰੋਧ ਕੀਤਾ ਜਾਵੇ ਅਤੇ ਆਨਲਾਈਨ ਵਿਕਰੀ ਤੇ ਲਗਾਈਆਂ ਗਈਆਂ ਮੂਰਤੀਆਂ ਨਾ ਖ਼ਰੀਦੀਆਂ ਜਾਣ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com

# Valley Real Estate Center



## ਖੁਸ਼ਖ਼ਬਰੀ

ਬਹੁਤ ਹੀ ਪ੍ਰਾਈਮ ਲੋਕੇਸ਼ਨ ਉਤੇ, ਫੁਲ ਸਰਵਿਸ ਟਰੱਕ ਰਿਪੇਅਰ ਦੀ ਦੁਕਾਨ,
3 ਏਕੜ ਦੀ ਫੈਂਸ ਲੱਗੀ ਸੁਰੱਖਿਅਤ ਪਾਰਕਿੰਗ ਸਮੇਤ ਵਿਕਾਊ ਹੈ

**Full service truck repair shop with 3 acreage fence and secure parking at prime location**

Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।



**Asking price $2,150,000**

Address 2101 E Charter way Stockton available.

Please Contact Ranjit Singh at 408-355-5700



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700, gbsingh84@gmail.com


SHER® ROTI
SOFT
SO SOFT
SHER
DURUM ATTA
DESI STYLE
20 lb
9.07 kg
SHER ATTA GHAR LAAO
WWW.SHERBRARMILLS.COM